ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 188 | Friday, September 24, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
* Immigration
* Real Estate
* Commercial Law
* Affidavit
* Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਲਿਬਰਲ ਪਾਰਟੀ ਫਿਰ ਬਣਾਵੇਗੀ ਘੱਟ ਗਿਣਤੀ ਸਰਕਾਰ

## * ਇਸ ਵਾਰੀ ਪਹਿਲਾਂ ਨਾਲੋਂ ਘੱਟ ਪੰਜਾਬੀ ਮੂਲ ਦੇ ਉਮੀਦਵਾਰ ਚੋਣਾਂ ਵਿੱਚ ਹੋਏ ਕਾਮਯਾਬ

## * ਦੋ ਨਵੇਂ ਚਿਹਰੇ ਸਾਹਮਣੇ ਆਏ ਜਾਰਜ ਚਾਹਲ ਤੇ ਇਕਵਿੰਦਰ ਗਹੀਰ

ਓਨਟਾਰੀਓ, 23 ਸਤੰਬਰ (ਪੋਸਟ ਬਿਊਰੋ) : 2021 ਦੀਆਂ ਫੈਡਰਲ ਚੋਣਾਂ, ਜੋ ਕਿ ਮਹਾਂਮਾਰੀ ਦੌਰਾਨ ਕਰਵਾਈਆਂ ਗਈਆਂ, ਵਿੱਚ ਇੱਕ ਵਾਰੀ ਫਿਰ ਤੋਂ ਲਿਬਰਲ ਪਾਰਟੀ ਘੱਟ ਗਿਣਤੀ ਸਰਕਾਰ ਬਣਾਉਣ ਜਾ ਰਹੀ ਹੈ। ਇਨ੍ਹਾਂ ਦਾ ਬਹੁਗਿਣਤੀ ਸਰਕਾਰ ਬਣਾਉਣ ਦਾ ਸੁਪਨਾ ਇਸ ਵਾਰੀ ਵੀ ਸਾਕਾਰ ਨਹੀਂ ਹੋਇਆ। ਪਰ ਲਿਬਰਲਾਂ ਦੀ ਇਸ ਜਿੱਤ ਵਿੱਚ ਪਹਿਲਾਂ ਵੀ ਤੇ ਹੁਣ ਵੀ ਪੰਜਾਬੀਆਂ ਦਾ ਕਾਫੀ ਯੋਗਦਾਨ ਰਿਹਾ ਹੈ।ਭਾਵੇਂ ਇਸ ਵਾਰ ਪਹਿਲਾਂ ਵਾਂਗ ਹੀ ਵੱਡੀ ਗਿਣਤੀ ਵਿੱਚ ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਚੋਣਾਂ ਵਿੱਚ ਹਿੱਸਾ ਲਿਆ ਅਤੇ ਬਹੁਤਿਆਂ ਨੇ ਸਫਲਤਾ ਦਾ ਇਤਿਹਾਸ ਦੁਹਰਾਇਆ ਪਰ ਇਸ ਵਿੱਚ ਕਈ ਪੰਜਾਬੀ ਮੂਲ ਦੇ ਚੁਣੇ ਹੋਏ ਮੈਂਬਰ ਪਾਰਲੀਆਮੈਂਟ ਵੱਲੋਂ ਹਿੱਸਾ ਨਾ ਲਏ ਜਾਣ ਕਾਰਨ ਪੰਜਾਬੀ ਮੂਲ ਦੇ ਉਮੀਦਵਾਰਾਂ ਦੀ ਗਿਣਤੀ ਘਟੀ ਹੈ। ਓਨਟਾਰੀਓ ਤੋਂ ਨਵਦੀਪ ਬੈਂਸ, ਗਗਨ ਸਿਕੰਦ ਤੇ ਰਮੇਸ਼ਵਰ ਸੰਘਾ ਨੇ ਸਿਆਸਤ ਤੋਂ ਸੰਨਿਆਸ ਲੈ ਲਿਆ ਸੀ ਤੇ ਉਨ੍ਹਾਂ ਵੱਲੋਂ ਚੋਣ ਨਹੀਂ ਲੜੀ ਗਈ ਸੀ। ਇਸੇ ਤਰ੍ਹਾਂ ਹੀ ਕਿਚਨਰ ਸੈਂਟਰ ਤੋਂ ਰਾਜ ਸੈਣੀ ਉੱਪਰ ਆਖਰਲੇ ਹਫਤੇ ਆ ਕੇ ਦੋਸ਼ ਲੱਗਣ ਕਾਰਨ ਲਿਬਰਲ ਪਾਰਟੀ ਨੇ ਉਸ ਨਾਲੋਂ ਨਾਤਾ ਤੋੜ ਲਿਆ ਸੀ ਅਤੇ ਉਹ ਵੀ ਆਪਣੀ ਸੀਟ ਹਾਰ ਗਏ ਹਨ। ਕੈਲਗਰੀ ਸਕਾਇਵਿਊ ਤੋਂ ਪਿਛਲੀ ਵਾਰੀ ਕੰਜ਼ਰਵੇਟਿਵਾਂ ਵੱਲੋਂ ਚੋਣ ਜਿੱਤ ਕੇ ਮੈਂਬਰ ਪਾਰਲੀਆਮੈਂਟ ਬਣੀ ਜੈਗ ਸਹੋਤਾ ਇਸ ਵਾਰੀ ਲਿਬਰਲ ਉਮੀਦਵਾਰ ਜਾਰਜ ਚਾਹਲ ਤੋਂ ਹਾਰ ਗਈ ਹੈ ਅਤੇ ਇਸੇ ਤਰ੍ਹਾਂ ਹੀ ਓਨਟਾਰੀਓ ਤੋਂ ਦੋ ਵਾਰੀ ਐਮਪੀ ਰਹੇ ਬੌਬ ਸਰੋਆ ਵੀ ਆਪਣੇ ਨੇੜਲੇ ਵਿਰੋਧੀ ਲਿਬਰਲ ਉਮੀਦਵਾਰ ਤੋਂ ਚੋਣ ਹਾਰ ਗਏ ਹਨ।ਕੁੱਲ ਮਿਲਾ ਕੇ ਪੁਰਾਣੇ ਮੈਂਬਰ ਪਾਰਲੀਆਮੈਂਟ ਵਿੱਚੋਂ ਛੇ ਇਸ ਵਾਰੀ ਨਵੀਂ ਪਾਰਲੀਆਮੈਂਟ ਤੋਂ ਬਾਹਰ ਹੋ ਗਏ ਹਨ ਤੇ ਉਨ੍ਹਾਂ ਦੀ ਥਾਂ ਕੁੱਝ ਇੱਕ ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਲਈ ਹੈ ਤੇ ਕੁੱਝ ਇੱਕ ਥਾਂਵਾਂ ਉੱਤੇ ਦੂਜੇ ਭਾਈਚਾਰਿਆਂ ਵਿੱਚੋਂ ਉਮੀਦਵਾਰ ਸਾਹਮਣੇ ਆਏ ਤੇ ਉਹ ਮੈਂਬਰ ਪਾਰਲੀਆਮੈਂਟ ਬਣੇ ਹਨ।


ਇਕਵਿੰਦਰ ਗਹੀਰ


ਜਾਰਜ ਚਾਹਲ

| | |
|---|---|
| Liberal | 159 |
| Conservative | 119 |
| Bloc Québécois | 33 |
| NDP | 25 |
| green PARTY OF CANADA | 2 |



ਖ਼ਬਰ ਦਾ ਬਾਕੀ ਅਤੇ ਨਵੇਂ ਚੁਣੇ ਗਏ ਪੰਜਾਬੀ ਉਮੀਦਵਾਰਾਂ ਨਾਲ ਜਾਣ ਪਛਾਣ ਪੰਨਾ 14 'ਤੇ ਦੇਖੋ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance, Walkie pallet, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿੱਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਯੂਨੀਅਨ ਵੱਲੋਂ ਯੂਨੀਵਰਸਿਟੀਜ਼ ਵਿੱਚ ਕਲਾਸਾਂ ਦੀ ਸਮਰੱਥਾ ਸੀਮਤ ਕਰਨ ਤੇ ਡਿਸਟੈਂਸਿੰਗ ਬਰਕਰਾਰ ਰੱਖਣ ਦੀ ਮੰਗ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਯੂਨੀਵਰਸਿਟੀ ਕੈਂਪਸ ਵਿੱਚ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਸਰਕਾਰ ਨੂੰ ਕਲਾਸਾਂ ਦੀ ਕਪੈਸਿਟੀ ਦੀ ਹੱਦ ਸੀਮਤ ਕਰਨ ਤੇ ਡਿਸਟੈਂਸਿੰਗ ਦੀ ਸ਼ਰਤ ਬਰਕਰਾਰ ਰੱਖਣ ਲਈ ਆਖਿਆ ਜਾ ਰਿਹਾ ਹੈ।

ਓਨਟਾਰੀਓ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਜਦੋਂ ਪੋਸਟ ਸੈਕੰਡਰੀ ਇੰਸਟੀਚਿਊਸ਼ਨਜ਼ ਵਿੱਚ ਇਨ ਪਰਸਨ ਲਰਨਿੰਗ ਸ਼ੁਰੂ ਕੀਤੀ ਜਾਵੇਗੀ ਤਾਂ ਉਹ ਡਿਸਟੈਂਸਿੰਗ ਜਾਂ ਕਲਾਸਾਂ ਦੇ ਆਕਾਰ ਵਾਲੀ ਸ਼ਰਤ ਨੂੰ ਕੋਈ ਖਾਸ ਅਹਿਮੀਅਤ ਨਹੀਂ ਦੇਵੇਗੀ।

ਸੀਯੂਪੀਈ ਓਨਟਾਰੀਓ 17 ਯੂਨੀਵਰਸਿਟੀ ਕੈਂਪਸਿਜ਼ ਦੇ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ ਤੇ ਇਹ ਵਰਕਰਜ਼, ਜਿਨ੍ਹਾਂ ਵਿੱਚ 17



ਯੂਨੀਵਰਸਿਟੀ ਕੈਂਪਸਿਜ਼ ਵਿੱਚ ਐਡਮਨਿਸਟ੍ਰੇਟਿਵ, ਫੂਡ ਸਰਵਿਸ, ਰਿਸਰਚ ਤੇ ਟੀਚਿੰਗ ਅਸਿਸਟੈਂਟ ਦੇ ਅਹੁਦੇ ਉੱਤੇ ਮੌਜੂਦ ਹਨ। ਪ੍ਰੈਜ਼ੀਡੈਂਟ ਫਰੈਡ ਹਾਨ੍ਹ ਨੇ ਆਖਿਆ ਕਿ ਕੋਵਿਡ-19 ਦੇ ਡੈਲਟਾ ਵੇਰੀਐਂਟ ਨੂੰ ਫੈਲਣ ਤੋਂ ਰੋਕਣ ਲਈ ਯੂਨੀਵਰਸਿਟੀਜ਼ ਦਾ ਵੈਕਸੀਨੇਸ਼ਨ ਦਾ ਸਬੂਤ ਤੇ ਲਾਜ਼ਮੀ ਮਾਸਕਿੰਗ ਪਾਲੀਸੀਜ਼ ਕਾਫੀ ਨਹੀਂ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਮੈਂਬਰਜ਼ ਤੋਂ ਇਹ ਸੁਣਨ ਨੂੰ ਮਿਲ ਰਿਹਾ ਹੈ ਕਿ ਕਲਾਸਾਂ ਕਈ ਵਾਰੀ ਸੌ ਤੋਂ ਵੱਧ ਲੋਕਾਂ ਨਾਲ ਭਰੀਆਂ ਹੁੰਦੀਆਂ ਹਨ ਤੇ ਇਹ ਆਉਣ ਵਾਲੇ ਖਤਰੇ ਦੀ ਨਿਸ਼ਾਨੀ ਹੈ।

# ਆਪਣੇ ਤੀਜੇ ਕਾਰਜਕਾਲ ਵਿੱਚ ਛੇ ਮੁੱਦਿਆਂ ਉੱਤੇ ਲਿਬਰਲ ਪਾਰਟੀ ਨੇ ਖਰਚਾ ਕਰਨ ਦਾ ਪ੍ਰਗਟਾਇਆ ਤਹੱਈਆ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਾਰਟੀ ਇੱਕ ਵਾਰੀ ਮੁੜ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ ਹੈ ਪਰ ਇੱਕ ਵਾਰੀ ਫਿਰ ਲਿਬਰਲਾਂ ਨੂੰ ਬਹੁਮਤ ਹਾਸਲ ਨਹੀਂ ਹੋ ਸਕਿਆ। ਕੋਵਿਡ-19 ਮਹਾਂਮਾਰੀ ਤੋਂ ਦੇਸ਼ ਨੂੰ ਬਾਹਰ ਕੱਢਣ ਲਈ ਲਿਬਰਲਾਂ ਨੇ ਕੁੱਝ ਨਵੇਂ ਪ੍ਰੋਗਰਾਮਾਂ ਉੱਤੇ ਕਈ ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ ਹੈ।

ਲਿਬਰਲਾਂ ਨੇ ਜਿਸ ਪਲੇਟਫਾਰਮ ਉੱਤੇ ਜਿੱਤ ਹਾਸਲ ਕੀਤੀ ਉਸ ਵਿੱਚ ਛੇ ਮੁੱਖ ਮੁੱਦਿਆਂ ਦੇ ਸਬੰਧ ਵਿੱਚ ਵਾਅਦੇ ਕੀਤੇ ਗਏ, ਇਹ ਛੇ ਮੁੱਦੇ ਸਨ ਮਹਾਂਮਾਰੀ, ਕਲਾਈਮੇਟ ਚੇਂਜ, ਹਾਊਸਿੰਗ, ਹੈਲਥ ਕੇਅਰ, ਇਕੋਨਮੀ ਤੇ ਰੀਕੌਂਸੀਲੀਏਸ਼ਨ। ਲਿਬਰਲਾਂ ਦੀ ਤੀਜੀ ਟਰਮ ਤੋਂ ਕੈਨੇਡੀਅਨ ਹੇਠ ਲਿਖੇ ਵਾਅਦੇ ਪੂਰੇ ਹੋਣ ਦੀ ਉਮੀਦ ਕਰ ਸਕਦੇ ਹਨ।

ਲਿਬਰਲਾਂ ਨੇ ਹਜ਼ਾਰਾਂ ਨਵੇਂ ਪਰਸਨਲ ਸਪੋਰਟ ਵਰਕਰਜ਼ ਨੂੰ ਸਿਖਲਾਈ ਦੇਣ ਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧੇ ਲਈ 9 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ। ਪਾਰਟੀ ਨੇ ਫੈਡਰਲ ਵਰਕਰਜ਼ ਲਈ 10 ਦਿਨ ਦੀ ਪੇਡ ਸਿੱਕ ਲੀਵ ਦਾ ਵਾਅਦਾ ਵੀ ਕੀਤਾ। ਇਸ ਤੋਂ ਇਲਾਵਾ ਸਕੂਲਾਂ ਵਿੱਚ ਵੈਂਟੀਲੇਸ਼ਨ ਵਿੱਚ ਸੁਧਾਰਨ ਕਰਨ ਤੇ ਅਜਿਹੇ ਬਿਜ਼ਨਸਿਜ਼ ਲਈ ਲੀਗਲ ਪ੍ਰੋਟੈਕਸ਼ਨ ਮੁਹੱਈਆ ਕਰਵਾਉਣ ਲਈ ਫੰਡ ਦੇਣ ਦਾ ਵਾਅਦਾ ਵੀ ਕੀਤਾ ਜਿਨ੍ਹਾਂ ਵੱਲੋਂ ਵੈਕਸੀਨੇਸ਼ਨਜ਼ ਨੂੰ ਲਾਜ਼ਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲਿਬਰਲਾਂ ਨੇ ਕੋਵਿਡ-19 ਦੇ ਸਿਹਤ ਉੱਤੇ ਦੇਰ ਤੱਕ ਰਹਿਣ ਵਾਲੇ ਅਸਰ ਦੇ ਅਧਿਐਨ ਲਈ 100 ਮਿਲੀਅਨ ਡਾਲਰ ਦਾ ਵਾਅਦਾ ਵੀ ਕੀਤਾ। ਪਾਰਟੀ ਵੱਲੋਂ ਪ੍ਰੋਵਿੰਸ਼ੀਅਲ ਵੈਕਸੀਨ ਪਾਸਪੋਰਟਸ ਲਈ 1 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ ਗਿਆ।

ਕੈਨੇਡਾ ਦੇ ਹਾਊਸਿੰਗ ਸੰਕਟ ਲਈ ਲਿਬਰਲਾਂ ਨੇ ਅਗਲੇ ਚਾਰ ਸਾਲਾਂ ਵਿੱਚ 1.4 ਮਿਲੀਅਨ ਘਰ ਤਿਆਰ ਕਰਨ, ਸਹੇਜਣ ਜਾਂ ਉਨ੍ਹਾਂ ਦੀ ਮੁਰੰਮਤ ਕਰਵਾਉਣ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਲਿਬਰਲਾਂ ਵੱਲੋਂ ਨੈਸ਼ਨਲ ਹਾਊਸਿੰਗ ਕੋ-ਇਨਵੈਸਟਮੈਂਟ ਫੰਡ ਲਈ 2.7 ਬਿਲੀਅਨ ਡਾਲਰ



ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ। ਕੈਨੇਡੀਅਨਜ਼ ਨੂੰ ਨਵੇਂ ਘਰ ਲੈਣ ਵਿੱਚ ਮਦਦ ਕਰਨ ਲਈ ਲਿਬਰਲ ਲੋਨਜ਼ ਦੇ ਰੂਪ ਵਿੱਚ ਇੱਕ ਬਿਲੀਅਨ ਡਾਲਰ ਤੱਕ ਮੁਹੱਈਆ ਕਰਵਾਉਣਗੇ। ਲਿਬਰਲਾਂ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਉਹ ਹਰੇਕ ਕੈਨੇਡੀਅਨ ਦੀ ਫੈਮਿਲੀ ਡਾਕਟਰ ਤੱਕ ਪਹੁੰਚ ਯਕੀਨੀ ਬਣਾਉਣਗੇ ਤੇ ਇਹ ਵੀ ਪੱਕਾ ਕਰਨਗੇ ਕਿ ਡਾਕਟਰੀ ਨੁਸਖੇ ਵਾਲੀਆਂ ਦਵਾਈਆਂ ਕੈਨੇਡੀਅਨ ਸੁਖਾਲੇ ਢੰਗ ਨਾਲ ਅਫੋਰਡ ਕਰ ਸਕਣ। ਪੰਜ ਸਾਲਾਂ ਵਿੱਚ 3 ਬਿਲੀਅਨ ਡਾਲਰ ਲਾਂਗ ਟਰਮ ਕੇਅਰ ਦਾ ਮਿਆਰ ਸੁਧਾਰਨ ਲਈ ਵੀ ਖਰਚੇ ਜਾਣਗੇ। ਜਦੋਂ ਮਾਨਸਿਕ ਸਿਹਤ ਦੀ ਗੱਲ ਆਉਂਦੀ ਹੈ ਤਾਂ ਉਸ ਸਮੇਂ ਲਿਬਰਲਾਂ ਵੱਲੋਂ ਮੈਂਟਲ ਹੈਲਥ ਤੇ ਪੀਟੀਐਸਡੀ ਪ੍ਰੋਜੈਕਟਸ ਲਈ ਲਿਬਰਲਾਂ ਵੱਲੋਂ 150 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕੈਨੇਡਾ ਮੈਂਟਲ ਹੈਲਥ ਟਰਾਂਸਫਰ ਲਈ ਅਗਲੇ ਪੰਜ ਸਾਲਾਂ ਵਿੱਚ 4.5 ਬਿਲੀਅਨ ਡਾਲਰ ਦੇਣ ਦਾ ਵੀ ਲਿਬਰਲਾਂ ਵੱਲੋਂ ਵਾਅਦਾ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਲਿਬਰਲਾਂ ਨੇ ਮਹਾਂਮਾਰੀ ਦੌਰਾਨ ਖ਼ਤਮ ਹੋਈਆਂ ਇੱਕ ਮਿਲੀਅਨ ਨੌਕਰੀਆਂ ਬਹਾਲ ਕਰਨ ਦਾ ਵਾਅਦਾ ਵੀ ਕੀਤਾ। ਇਸ ਤੋਂ ਪਹਿਲਾਂ ਲਿਬਰਲਾਂ ਨੇ ਇੰਡੀਜੀਨਸ ਕਮਿਊਨਿਟੀਜ਼ ਲਈ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਤੇ ਉਨ੍ਹਾਂ ਲਈ ਨਵੇਂ ਮੌਕੇ ਮੁਹੱਈਆ ਕਰਵਾਉਣ ਵਾਸਤੇ ਪੰਜ ਸਾਲਾਂ ਵਿੱਚ 18 ਬਿਲੀਅਨ ਡਾਲਰ ਖਰਚ ਕਰਨ ਦਾ ਕਰਾਰ ਵੀ ਕੀਤਾ ਸੀ। ਟਰੂਡੋ ਤੇ ਲਿਬਰਲਾਂ ਨੇ ਕੌਮੀ ਪੱਧਰ ਉੱਤੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ 2005 ਤੋਂ ਪਹਿਲਾਂ ਵਾਲੇ 40 ਤੇ 45 ਫੀ ਸਦੀ ਵਾਲੇ ਪੱਧਰ ਉੱਤੇ ਲਿਆਉਣ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਪਾਰਟੀ ਨੇ ਕਾਰਬਨ ਪ੍ਰਾਈਸਿੰਗ ਵਿੱਚ ਵਾਧਾ ਕਰਨ ਤੇ ਫੌਸਿਲ ਫਿਊਲ ਇੰਡਸਟਰੀ ਨੂੰ ਇਸ ਰਿਸਾਅ ਨੂੰ ਘਟਾਉਣ ਦਾ ਐਲਾਨ ਵੀ ਕੀਤਾ। ਇਲੈਕਟ੍ਰਿਕ ਵ੍ਹੀਕਲਜ਼ ਲਈ ਲਿਬਰਲਾਂ ਵੱਲੋਂ 1.5 ਬਿਲੀਅਨ ਡਾਲਰ ਦੇ ਰਿਬੇਟ ਪ੍ਰੋਗਰਾਮ ਦਾ ਵਾਅਦਾ ਵੀ ਕੀਤਾ ਜਾ ਰਿਹਾ ਹੈ।

# ਟਰੂਡੋ ਦੀ ਜਿੱਤ ਤੋਂ ਬਾਅਦ ਕੈਨੇਡੀਅਨ ਡਾਲਰ ਵਿੱਚ ਆਇਆ ਉਛਾਲ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਅਮਰੀਕੀ ਡਾਲਰ ਦੇ ਮੁਕਾਬਲੇ ਮੰਗਲਵਾਰ ਨੂੰ ਕੈਨੇਡੀਅਨ ਡਾਲਰ ਦੀ ਸਥਿਤੀ ਏਸ਼ੀਅਨ ਟਰੇਡਿੰਗ ਵਿੱਚ ਮਜ਼ਬੂਤ ਰਹੀ। ਤੇਲ ਦੀਆਂ ਕੀਮਤਾਂ ਵੱਧ ਜਾਣ ਕਾਰਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਜਿੱਤ ਨਾਲ ਡਾਲਰ ਦੀ ਸਥਿਤੀ ਨੂੰ ਬਲ ਮਿਲਿਆ। ਲਿਬਰਲ ਪਾਰਟੀ ਨੇ ਇਨਵੈਸਟਰਜ਼ ਨੂੰ ਇਹ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਲਈ ਆਰਥਿਕ ਮਦਦ ਜਾਰੀ ਰਹੇਗੀ। ਕੈਂਬ੍ਰਿੱਜ ਗਲੋਬਲ ਪੇਅਮੈਂਟਸ ਦੇ ਚੀਫ ਮਾਰਕਿਟ ਸਟ੍ਰੈਟੇਜਿਸਟ ਨੇ ਆਖਿਆ ਕਿ ਲਿਬਰਲਾਂ ਦੀ ਜਿੱਤ ਨਾਲ ਯਥਾਸਥਿਤੀ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾ ਸਕੇਗਾ ਕਿ ਫਿਸਕਲ ਸਪੈਂਡਿੰਗ ਪਲੈਨਜ਼ ਜਿਹੜੇ ਲਿਬਰਲ ਸਰਕਾਰ ਦੇ ਪਿਛਲੇ ਕਾਰਜਕਾਲ ਵਿੱਚ ਸ਼ੁਰੂ ਕੀਤੇ ਗਏ ਸਨ ਉਹ ਅੱਗੇ ਵੀ ਜਾਰੀ ਰਹਿਣਗੇ ਤੇ



ਨਿਵੇਸ਼ਕਾਂ ਨੂੰ ਇਸ ਨਾਲ ਬਹੁਤ ਹਿੰਮਤ ਮਿਲੇਗੀ। ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ 78·22 ਸੈਂਟਸ ਦੇ ਮੁਕਾਬਲੇ 0·3 ਫੀ ਸਦੀ ਨਾਲ 1·2785 ਜ਼ਿਆਦਾ ਉੱਤੇ ਟਰੇਡ ਕਰ ਰਿਹਾ ਸੀ।

# ਪਾਰਲੀਆਮੈਂਟ ਵਿੱਚ ਸੰਤੁਲਨ ਬਰਕਰਾਰ ਰੱਖਣ ਦਾ ਜ਼ਿੰਮਾਂ ਮੁੜ ਐਨਡੀਪੀ ਉੱਤੇ !

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਇੱਕ ਵਾਰੀ ਫਿਰ ਜਗਮੀਤ ਸਿੰਘ ਤੇ ਐਨਡੀਪੀ ਨੂੰ ਪਾਰਲੀਆਮੈਂਟ ਵਿੱਚ ਪਾਵਰ ਨੂੰ ਸੰਤੁਲਿਤ ਕਰਨ ਲਈ ਅਹਿਮ ਭੂਮਿਕਾ ਨਿਭਾਵੇਗੀ। ਲਿਬਰਲਾਂ ਦੀ ਘੱਟ ਗਿਣਤੀ ਸਰਕਾਰ ਹੋਣ ਕਾਰਨ ਅਹਿਮ ਮੁੱਦਿਆਂ ਨੂੰ ਪਾਸ ਕਰਨ ਲਈ ਐਨਡੀਪੀ ਉੱਤੇ ਹੀ ਟੇਕ ਰੱਖਣੀ ਪੈ ਸਕਦੀ ਹੈ।

ਜਗਮੀਤ ਸਿੰਘ ਬੀਸੀ ਦੇ ਹਲਕੇ ਬਰਨਾਬੀ ਸਾਊਥ ਤੋਂ ਜਿੱਤ ਗਏ ਹਨ। ਉਨ੍ਹਾਂ ਆਪਣਾ ਪੂਰਾ ਜ਼ੋਰ ਲਾਇਆ ਕਿ ਉਹ




ਜਿੱਤ ਕੇ ਬਹੁਮਤ ਹਾਸਲ ਕਰ ਸਕਣ ਪਰ ਪਾਰਟੀ ਨੂੰ ਪਹਿਲਾਂ ਵਾਂਗ ਹੀ ਤੀਜਾ ਸਥਾਨ ਹਾਸਲ ਹੋਇਆ। 2019 ਵਿੱਚ ਪਾਰਟੀ ਨੂੰ ਜਿੰਨੀਆਂ ਵੋਟਾਂ ਹਾਸਲ ਹੋਈਆਂ ਸਨ ਉਸ ਨਾਲੋਂ ਇਸ ਵਾਰੀ ਜ਼ਿਆਦਾ ਵੋਟਾਂ ਹਾਸਲ ਹੋਣ ਦੀ ਉਮੀਦ ਸੀ ਪਰ ਹੋਇਆ ਇਸ ਤੋਂ ਬਿਲਕੁਲ ਉਲਟ ਤੇ ਪਾਰਟੀ ਪਹਿਲਾਂ ਤੋਂ ਹੀ ਹਾਸਲ 44 ਸੀਟਾਂ ਵਿੱਚੋਂ 20 ਸੀਟਾਂ ਹਾਰ ਗਈ। ਇੱਕ ਦਹਾਕੇ ਵਿੱਚ ਪਾਰਟੀ ਦਾ ਇਹ ਸੱਭ ਤੋਂ ਮਾੜਾ ਪ੍ਰਦਰਸ਼ਨ ਰਿਹਾ।

ਇਸ ਮਗਰੋਂ ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਲੜਾਈ ਜਾਰੀ ਰੱਖਾਂਗੇ। ਇਸ ਵਾਰੀ ਐਨਡੀਪੀ ਨੇ ਜਿਹੜੇ ਉਮੀਦਵਾਰ ਖੜ੍ਹੇ ਕੀਤੇ ਸਨ ਉਨ੍ਹਾਂ ਵਿੱਚ 177 ਮਹਿਲਾਵਾਂ, ਜਿਨ੍ਹਾਂ ਵਿੱਚੋਂ 29 ਮੂਲਵਾਸੀ ਸਨ, 104 ਵੱਖ ਵੱਖ ਨਸਲਾਂ ਦੇ ਉਮੀਦਵਾਰ ਸਨ, 45 ਅਜਿਹੇ ਉਮੀਦਵਾਰ ਸਨ ਜਿਨ੍ਹਾਂ ਦੀ ਉਮਰ 26 ਸਾਲ ਤੋਂ ਘੱਟ ਸੀ, 39 ਅਪਾਹਜ ਸਨ ਤੇ 69 ਅਜਿਹੇ ਸਨ ਜਿਹੜੇ ਐਨਜੀਬੀਟੀਕਿਊ2ਐਸ + ਸਨ।

# ਅਜੇ ਵੀ ਵੋਟਾਂ ਗਿਣੇ ਜਾਣ ਕਾਰਨ ਕਈ ਹਲਕਿਆਂ ਉੱਤੇ ਨਹੀਂ ਹੋਇਆ ਜਿੱਤ ਹਾਰ ਦਾ ਫੈਸਲਾ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਚੋਣਾਂ ਵਾਲੀ ਰਾਤ ਨੂੰ ਕੈਨੇਡੀਅਨਜ਼ ਨੂੰ ਭਾਵੇਂ ਇਹ ਪਤਾ ਲਾਉਣ ਵਿੱਚ ਕੋਈ ਬਹੁਤਾ ਸਮਾਂ ਨਹੀਂ ਲੱਗਿਆ ਕਿ ਅਗਲੀ ਸਰਕਾਰ ਦੀ ਅਗਵਾਈ ਕੌਣ ਕਰੇਗਾ ਪਰ ਕਈ ਅਜਿਹੀਆਂ ਸੀਟਾਂ ਹਨ ਜਿੱਥੋਂ ਦੇ ਨਤੀਜੇ ਅਜੇ ਐਲਾਨੇ ਨਹੀਂ ਗਏ ਹਨ। ਅਜੇ ਵੀ ਇਨ੍ਹਾਂ ਸੀਟਾਂ ਨਾਲ ਸਬੰਧਤ ਵੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਤੇ ਨਤੀਜੇ ਐਲਾਨੇ ਜਾਣ ਵਿੱਚ ਹੋਰ ਸਮਾਂ ਲੱਗ ਸਕਦਾ ਹੈ। ਬੁੱਧਵਾਰ ਸ਼ਾਮ ਤੱਕ ਨੌਂ ਸੀਟਾਂ ਅਜਿਹੀਆਂ ਸਨ ਜਿਨ੍ਹਾਂ ਉੱਤੇ ਵੋਟਾਂ ਦੀ ਗਿਣਤੀ ਜਾਰੀ ਸੀ। ਇਨ੍ਹਾਂ ਵਿੱਚ ਲਿਬਰਲ ਪੰਜ ਸੀਟਾਂ ਉੱਤੇ, ਕੰਜ਼ਰਵੇਟਿਵ ਇੱਕ ਸੀਟ ਉੱਤੇ, ਬਲਾਕ ਕਿਊਬਿਕੁਆ ਇੱਕ ਸੀਟ ਉੱਤੇ ਤੇ ਐਨਡੀਪੀ ਦੋ ਸੀਟਾਂ ਉੱਤੇ ਅੱਗੇ ਚੱਲ ਰਹੇ ਸਨ।




ਭਾਵੇਂ ਇਨ੍ਹਾਂ ਸੀਟਾਂ ਉੱਤੇ ਫੈਸਲਾ ਹੋਣਾ ਅਜੇ ਬਾਕੀ ਹੈ ਪਰ ਇਸ ਨਾਲ ਚੋਣ ਨਤੀਜਿਆਂ ਉੱਤੇ ਕੋਈ ਫਰਕ ਨਹੀਂ ਪੈਣ ਵਾਲਾ। ਇਹ ਪਹਿਲਾਂ ਹੀ ਸਪਸ਼ਟ ਹੋ ਚੁੱਕਿਆ ਹੈ ਕਿ ਲਿਬਰਲ ਘੱਟ ਗਿਣਤੀ ਸਰਕਾਰ ਬਣਾਉਣਗੇ, ਕੰਜ਼ਰਵੇਟਿਵ ਮੁੱਖ ਵਿਰੋਧੀ ਧਿਰ ਹੋਵੇਗੀ ਤੇ ਜਦੋਂ ਵੀ ਕੋਈ ਅਹਿਮ ਬਿੱਲ ਪਾਸ ਕਰਨਾ ਹੋਵੇਗਾ ਤਾਂ ਉਸ ਵਿੱਚ ਬਲਾਕ ਤੇ ਐਨਡੀਪੀ ਨੂੰ ਅਹਿਮ ਭੂਮਿਕਾ ਨਿਭਾਉਣੀ ਹੋਵੇਗੀ ਕਿਉਂਕਿ ਦੋਵਾਂ ਕੋਲ ਪਾਵਰ ਨੂੰ ਸੰਤੁਲਿਤ ਕਰਨ ਲਈ ਕਾਫੀ ਸੀਟਾਂ ਹੋਣਗੀਆਂ।

ਇਨ੍ਹਾਂ ਹਲਕਿਆਂ ਦੇ ਨਤੀਜਿਆਂ ਦਾ ਅਸਰ ਉੱਥੇ ਰਹਿਣ ਵਾਲੇ ਲੋਕਾਂ ਉੱਤੇ ਪਵੇਗਾ। ਕਈ ਵਾਰੀ ਕੁੱਝ ਸੀਟਾਂ ਪਾਰਟੀ ਆਗੂਆਂ ਲਈ ਰਾਇਸ਼ੁਮਾਰੀ ਵਜੋਂ ਵੇਖੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਜਿੱਤਣਾ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣ ਜਾਂਦਾ ਹੈ। ਮਿਸਾਲ ਵਜੋਂ ਲਿਬਰਲਾਂ ਨੂੰ ਬ੍ਰਿਟਿਸ਼ ਕੋਲੰਬੀਆ ਦੀ ਵੈਨਕੂਵਰ ਗ੍ਰੈਨਵਿਲ ਸੀਟ ਜਿੱਤ ਕੇ ਬਹੁਤ ਖੁਸ਼ੀ ਹੋਵੇਗੀ ਕਿਉਂਕਿ ਐਸਐਨਸੀ-ਲਾਵਾਲਿਨ ਸਕੈਂਡਲ ਤੋਂ ਬਾਅਦ ਲਿਬਰਲ ਕਾਕਸ ਵਿੱਚੋਂ ਜੋਡੀ ਵਿਲਸਨ ਰੇਅਬੋਲਡ ਨੂੰ ਕੱਢੇ ਜਾਣ ਮਗਰੋਂ ਇਹ ਸੀਟ ਲਿਬਰਲਾਂ ਹੱਥੋਂ ਖੁੱਸ ਗਈ ਸੀ। ਇੰਡੀਪੈਂਡੈਂਟ ਉਮੀਦਵਾਰ ਵਜੋਂ ਰੇਅਬੋਲਡ ਨੇ 2019 ਵਿੱਚ ਇਹ ਸੀਟ ਮੁੜ ਜਿੱਤ ਲਈ ਸੀ ਪਰ ਇਸ ਵਾਰੀ ਉਸ ਨੇ ਚੋਣਾਂ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਸੀ। ਅਪੁਸ਼ਟ ਖਬਰਾਂ ਅਨੁਸਾਰ ਇਹ ਸੀਟ ਲਿਬਰਲ ਉਮੀਦਵਾਰ ਤਾਲੀਬ ਨੂਰਮੁਹੰਮਦ ਨੇ ਐਨਡੀਪੀ ਉਮੀਦਵਾਰ ਅੰਜਲੀ ਅੱਪਾਦੁਰਾਈ ਨੂੰ ਹਰਾ ਕੇ ਜਿੱਤ ਲਈ ਹੈ।

# ਅਗਲੇ ਹਫਤੇ ਤੋਂ ਭਾਰਤ ਤੋਂ ਆਉਣ ਵਾਲੀਆਂ ਸਿੱਧੀਆਂ ਉਡਾਨਾਂ ਉੱਤੇ ਲੱਗੀ ਪਾਬੰਦੀ ਹਟਾਵੇਗਾ ਕੈਨੇਡਾ

## ਕੋਵਿਡ-19 ਸਬੰਧੀ ਨਵੀਆਂ ਸਕਰੀਨਿੰਗ ਪ੍ਰੋਟੋਕਾਲਜ਼ ਹੋਣਗੀਆਂ ਲਾਗੂ

ਓਟਵਾ, 23 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਅਗਲੇ ਹਫਤੇ ਤੋਂ ਭਾਰਤ ਤੋਂ ਆਉਣ ਵਾਲੀਆਂ ਸਿੱਧੀਆਂ ਉਡਾਨਾਂ ਤੋਂ ਕਈ ਮਹੀਨਿਆਂ ਤੋਂ ਜਾਰੀ ਪਾਬੰਦੀ ਹਟਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਰ ਇਹ ਸੱਭ ਕੋਵਿਡ-19 ਸਬੰਧੀ ਨਵੀਆਂ ਸਕਰੀਨਿੰਗ ਪ੍ਰੋਟੋਕਾਲਜ਼ ਲਾਗੂ ਹੋਣ ਤੋਂ ਬਾਅਦ ਹੀ ਸੰਭਵ ਹੋਵੇਗਾ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਟਰਾਂਸਪੋਰਟ ਕੈਨੇਡਾ ਨੇ ਆਖਿਆ ਕਿ ਮੌਜੂਦਾ ਪਾਬੰਦੀਆਂ ਵਿੱਚ 26 ਸਤੰਬਰ ਤੱਕ ਰਾਤ ਦੇ 11:59 ਵਜੇ ਤੱਕ ਵਾਧਾ ਕੀਤਾ ਜਾਵੇਗਾ। ਵੈਸੇ ਵੀ ਇਹ ਪਾਬੰਦੀਆਂ ਉਸੇ ਦਿਨ ਹੀ ਖਤਮ ਹੋਣ ਜਾ ਰਹੀਆਂ ਸਨ। ਉਸ ਸਮੇਂ ਤੱਕ ਭਾਰਤ ਤੋਂ



ਆਉਣ ਵਾਲੇ ਟਰੈਵਲਰਜ਼ ਨੂੰ ਡਿਪਾਰਚਰ ਤੋਂ 18 ਘੰਟੇ ਦੇ ਅੰਦਰ ਅੰਦਰ ਦਿੱਲੀ ਏਅਰਪੋਰਟ ਉੱਤੇ ਸਥਿਤ ਮਨਜ਼ੂਰਸ਼ੁਦਾ ਜੀਨਸਟ੍ਰਿੰਗਜ਼ ਲੈਬੋਰੇਟਰੀ ਤੋਂ ਕੋਵਿਡ-19 ਦਾ ਨੈਗੇਟਿਵ ਮੌਲੀਕਿਊਲਰ ਟੈਸਟ ਕਰਵਾਏ ਹੋਣ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਉਨ੍ਹਾਂ ਨੂੰ ਆਪਣੀ ਵੈਕਸੀਨੇਸ਼ਨ ਦਾ ਵੇਰਵਾ ਐਰਾਈਵਕੈਨ ਐਪ ਜਾਂ ਵੈੱਬਸਾਈਟ ਉੱਤੇ ਅਪਲੋਡ ਕਰਨਾ ਹੋਵੇਗਾ।

ਬਿਆਨ ਵਿੱਚ ਆਖਿਆ ਗਿਆ ਕਿ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਾ ਕਰ ਸਕਣ ਵਾਲੇ ਟਰੈਵਲਰਜ਼ ਨੂੰ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਜਾਵੇਗਾ। ਜਿਹੜੇ ਟਰੈਵਲਰਜ਼ ਅਸਿੱਧੇ ਰੂਟ ਰਾਹੀਂ ਭਾਰਤ ਤੋਂ ਕੈਨੇਡਾ ਆਉਣਗੇ ਉਨ੍ਹਾਂ ਨੂੰ ਡਿਪਾਰਚਰ ਤੋਂ 72 ਘੰਟੇ ਦੇ ਅੰਦਰ ਅੰਦਰ ਤੀਜੀ ਕੰਟਰੀ ਤੋਂ ਨੈਗੇਟਿਵ ਮੌਲੀਕਿਊਲਰ ਟੈਸਟ ਪੇਸ਼ ਕਰਨਾ ਹੋਵੇਗਾ। ਟਰਾਂਸਪੋਰਟ ਕੈਨੇਡਾ ਨੇ ਆਖਿਆ ਕਿ ਇਨ੍ਹਾਂ ਪਾਬੰਦੀਆਂ ਨੂੰ ਹਟਾਏ ਜਾਣ ਤੋਂ ਪਹਿਲਾਂ ਤਿੰਨ ਡਾਇਰੈਕਟ ਫਲਾਈਟਸ ਭਾਰਤ ਤੋਂ ਬੁੱਧਵਾਰ ਨੂੰ ਕੈਨੇਡਾ ਪਹੁੰਚਣਗੀਆਂ ਤੇ ਇੱਥੇ ਪਹੁੰਚਣ ਉਪਰੰਤ ਸਾਰੇ ਪੈਸੈਂਜਰਜ਼ ਦੀ ਵਾਇਰਸ ਸਬੰਧੀ ਜਾਂਚ ਕੀਤੀ ਜਾਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਵੇਂ ਮਾਪਦੰਡ ਸਹੀ ਢੰਗ ਨਾਲ ਕੰਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ 22 ਅਪਰੈਲ ਨੂੰ ਭਾਰਤ ਤੋਂ ਆਉਣ ਵਾਲੀਆਂ ਡਾਇਰੈਕਟ ਉਡਾਨਾਂ ਉੱਤੇ ਪਾਬੰਦੀ ਲਾ ਦਿੱਤੀ ਸੀ। ਅਜਿਹਾ ਡੈਲਟਾ ਵੇਰੀਐਂਟ ਦੇ ਮਾਮਲਿਆਂ ਵਿੱਚ ਵਾਧਾ ਹੋਣ ਕਾਰਨ ਕੀਤਾ ਗਿਆ ਸੀ।

## 4 ਲੜਕਿਆਂ ਨੂੰ ਲੁੱਟਣ ਵਾਲੇ 7 ਮਸ਼ਕੂਕਾਂ ਦੀ ਪੁਲਸ ਨੂੰ ਭਾਲ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਯੌਰਕਡੇਲ ਮਾਲ ਵਿੱਚ ਚਾਰ ਲੜਕਿਆਂ ਨੂੰ ਲੁੱਟਣ ਵਾਲੇ ਸੱਤ ਵਿਅਕਤੀਆਂ ਦੀ ਭਾਲ ਕਰਨ ਵਿੱਚ ਟੋਰਾਂਟੋ ਪੁਲਿਸ ਵੱਲੋਂ ਜਨਤਾ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਸ਼ਨਿੱਚਰਵਾਰ ਰਾਤ ਨੂੰ ਪੁਲਿਸ ਨੂੰ ਯੌਰਕਡੇਲ ਮਾਲ ਵਿੱਚ 15 ਸਾਲ ਤੋਂ ਘੱਟ ਉਮਰ ਦੇ ਚਾਰ ਲੜਕਿਆਂ ਨੂੰ ਕੁੱਝ ਵਿਅਕਤੀਆਂ ਵੱਲੋਂ ਲੁੱਟ ਲਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਲੜਕਿਆਂ ਤੋਂ ਉਨ੍ਹਾਂ ਦੀਆਂ ਨਿਜੀ ਵਸਤਾਂ ਤੇ ਕੱਪੜੇ ਲੁੱਟੇ ਗਏ। ਮਸ਼ਕੂਕ ਹਿੰਸਕ ਤੇ ਖਤਰਨਾਕ ਦੱਸੇ ਜਾ ਰਹੇ ਹਨ। ਪੁਲਿਸ ਨੇ ਇਹ ਵੀ ਆਖਿਆ ਹੈ ਕਿ ਜੇ ਕਿਸੇ ਨੂੰ ਇਹ ਮਸ਼ਕੂਕ ਨਜ਼ਰ ਆਉਂਦੇ ਹਨ ਤਾਂ ਲੋਕ ਉਨ੍ਹਾਂ ਤੱਕ ਆਪ ਪਹੁੰਚ ਨਾ ਕਰਨ ਸਗੋਂ 911 ਉੱਤੇ ਕਾਲ ਕੀਤੀ ਜਾਵੇ।


ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਇੰਟਰਨੈਸ਼ਨਲ ਟਰੈਵਲਰਜ਼ ਨੂੰ ਨਵੰਬਰ ਤੋਂ ਮਨਜ਼ੂਰੀ ਦੇਵੇਗਾ ਅਮਰੀਕਾ?

ਵਾਸ਼ਿੰਗਟਨ, 23 ਸਤੰਬਰ (ਪੋਸਟ ਬਿਊਰੋ) : ਵ੍ਹਾਈਟ ਹਾਊਸ ਵੱਲੋਂ ਸੋਮਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਨਵੰਬਰ ਦੇ ਸ਼ੁਰੂ ਤੋਂ ਇੰਟਰਨੈਸ਼ਨਲ ਟਰੈਵਲ ਨੂੰ ਮਨਜ਼ੂਰੀ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਅਮਰੀਕਾ ਟਰੈਵਲ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਕੋਵਿਡ-19 ਦੇ ਸਬੰਧ ਵਿੱਚ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਇਆ ਹੋਣਾ ਜ਼ਰੂਰੀ ਹੋਵੇਗਾ।

ਬਾਇਡਨ ਪ੍ਰਸ਼ਾਸਨ ਵੱਲੋਂ ਇਸ ਐਲਾਨ ਨਾਲ ਇਹ ਸਪਸ਼ਟ ਸੰਕੇਤ ਦਿੱਤਾ ਗਿਆ ਹੈ ਕਿ ਮਹਾਂਮਾਰੀ ਕਾਰਨ ਮਾਰਚ




2020 ਤੋਂ ਲੱਗੀਆਂ ਪਾਬੰਦੀਆਂ ਵਿੱਚ ਉਹ ਢਿੱਲ ਦੇਣ ਦੀ ਤਿਆਰੀ ਕਰ ਰਹੇ ਹਨ। ਪਰ ਅਜੇ ਤੱਕ ਇਸ ਸਬੰਧ ਵਿੱਚ ਪੂਰੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਮਿਸਾਲ ਵਜੋਂ ਇਹ ਸਪਸ਼ਟ ਨਹੀਂ ਹੈ ਕਿ ਇਸ ਨਵੀਂ ਪਾਲਿਸੀ ਨਾਲ ਕੈਨੇਡਾ-ਅਮਰੀਕਾ ਜ਼ਮੀਨੀ ਬਾਰਡਰ ਉੱਤੇ ਆਵਾਜਾਈ ਉੱਤੇ ਕੀ ਅਸਰ ਪਵੇਗਾ। ਇੱਥੇ ਗੈਰ ਜ਼ਰੂਰੀ ਵਿਜ਼ੀਟਰਜ਼ ਦੇ ਸਰਹੱਦ ਪਾਰ ਕਰਨ ਉੱਤੇ ਪਾਬੰਦੀ ਲੱਗੀ ਹੋਈ ਹੈ।

ਵ੍ਹਾਈਟ ਹਾਊਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਖਾਸ ਪਾਬੰਦੀ 21 ਅਕਤੂਬਰ ਤੱਕ 30 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ। ਇੱਕ ਹੋਰ ਸਵਾਲ ਇਹ ਹੈ ਕਿ ਜਿਹੜੇ ਕੈਨੇਡੀਅਨਜ਼ ਨੇ ਆਕਸਫੋਰਡ-ਐਸਟ੍ਰਾਜ਼ੈਨੇਕਾ ਦੀ ਵੈਕਸੀਨ ਲਗਵਾਈ ਹੈ, ਕੀ ਉਹ ਇਸ ਯੋਗਤਾ ਸਬੰਧੀ ਟੈਸਟ ਨੂੰ ਪੂਰਾ ਕਰਨਗੇ ਕਿਉਂਕਿ ਇਸ ਵੈਕਸੀਨ ਨੂੰ ਅਮਰੀਕਾ ਵਿੱਚ ਮਾਨਤਾ ਹਾਸਲ ਨਹੀਂ ਹੈ।

# ਓਨਟਾਰੀਓ ’ਚ ਨਵਾਂ ਵੈਕਸੀਨ ਸਰਟੀਫਿਕੇਟ ਸਿਸਟਮ ਹੋਇਆ ਲਾਗੂ

## ਰੈਸਟੋਰੈਂਟਸ, ਬਾਰਜ਼ ਤੇ ਜਿੰਮਜ਼ ਜਾਣ ਤੋਂ ਪਹਿਲਾਂ ਵਿਖਾਉਣਾ ਹੋਵੇਗਾ ਵੈਕਸੀਨੇਸ਼ਨ ਦਾ ਸਬੂਤ

ਓਨਟਾਰੀਓ, 23 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਦਾ ਨਵਾਂ ਵੈਕਸੀਨ ਸਰਟੀਫਿਕੇਟ ਸਿਸਟਮ ਹੁਣ ਲਾਗੂ ਹੋ ਚੁੱਕਿਆ ਹੈ।

ਹੁਣ ਸਥਾਨਕ ਵਾਸੀਆਂ ਨੂੰ ਇੰਡੋਰ ਰੈਸਟੋਰੈਂਟਸ, ਨਾਈਟਕਲੱਬਜ਼ ( ਆਊਟਡੋਰ ਤੇ ਇੰਡੋਰ ), ਮੂਵੀ ਥਿਏਟਰਜ਼, ਜਿੰਮਜ਼ ਤੇ ਕੰਸਰਟ ਵੈਨਿਊਜ਼ ਵਿੱਚ ਦਾਖਲ ਹੋਣ ਸਮੇਂ ਇਹ ਸਬੂਤ ਦੇਣਾ ਹੋਵੇਗਾ ਕਿ ਉਹ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ। ਇਨ੍ਹਾਂ ਥਾਂਵਾਂ ਉੱਤੇ ਦਾਖਲ ਹੋਣ ਸਮੇਂ ਲੋਕਾਂ ਨੂੰ ਆਪਣੀ ਦੂਜੀ ਡੋਜ਼ ਦਾ ਸਬੂਤ ਦੇਣਾ ਹੋਵੇਗਾ ਤੇ ਇਸ ਦੇ ਨਾਲ ਹੀ ਸਰਕਾਰੀ ਆਈਡੈਂਟੀਫਿਕੇਸ਼ਨ ਵਿਖਾਉਣ ਦੀ ਵੀ ਲੋੜ ਪਵੇਗੀ। ਆਇਡੈਂਟੀਫਿਕੇਸ਼ਨ ਵਿੱਚ ਬਰਥ ਸਰਟੀਫਿਕੇਟ, ਸਿਟੀਜ਼ਨਸ਼ਿਪ ਕਾਰਡ , ਡਰਾਈਵਰਜ਼ ਲਾਇਸੰਸ, ਓਨਟਾਰੀਓ ਹੈਲਥ ਕਾਰਡ, ਇੰਡੀਜੀਨਸ ਮੈਂਬਰਸ਼ਿਪ ਕਾਰਡ, ਪਾਸਪੋਰਟ, ਜਾਂ ਪਰਮਾਨੈਂਟ ਰੈਜ਼ੀਡੈਂਸ ਕਾਰਡ ਆਦਿ ਸ਼ਾਮਲ ਹਨ।

ਮੈਡੀਕਲ ਛੋਟ ਲਈ ਡਾਕਟਰਾਂ ਵੱਲੋਂ ਜਾਰੀ ਨੋਟਸ ਵੀ ਸਵੀਕਾਰੇ ਜਾਣਗੇ। ਇਸ ਵੈਕਸੀਨ ਸਰਟੀਫਿਕੇਟ ਸਿਸਟਮ ਤੋਂ 12 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਛੋਟ ਦਿੱਤੀ



ਗਈ ਹੈ। ਇਹ ਨਵਾਂ ਸਿਸਟਮ ਗਰੌਸਰੀ ਸਟੋਰਜ਼ ਜਾਂ ਫਾਰਮੇਸੀਜ਼ ਉੱਤੇ ਲਾਗੂ ਨਹੀਂ ਹੋਵੇਗਾ। ਲੋਕ ਆਪਣੀਆਂ ਵੈਕਸੀਨੇਸ਼ਨ ਰਸੀਦਾਂ ਪ੍ਰੋਵਿੰਸ਼ੀਅਲ ਬੁਕਿੰਗ ਪੋਰਟਲ ਤੋਂ ਪ੍ਰਿੰਟ ਕਰਵਾ ਸਕਦੇ ਹਨ ਜਾਂ ਡਾਊਨਲੋਡ ਕਰ ਸਕਦੇ ਹਨ। ਪਰ ਇਹ ਸਾਈਟ ਬੁੱਧਵਾਰ ਸਵੇਰੇ 8:00 ਵਜੇ ਤੱਕ ਮੇਨਟੇਨੈਂਸ ਲਈ ਡਾਊਨ ਹੋਵੇਗੀ। ਓਨਟਾਰੀਓ ਵਾਸੀਆਂ ਨੂੰ ਹੇਠ ਲਿਖੀਆਂ ਸੇਵਾਵਾਂ ਹਾਸਲ ਕਰਨ ਲਈ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ :

- ਰੈਸਟੋਰੈਂਟਸ ਤੇ ਬਾਰਜ਼ (ਇਨ੍ਹਾਂ ਵਿੱਚ ਪੈਟੀਓਜ਼ ਵੀ ਸ਼ਾਮਲ ਹਨ, ਡਲਿਵਰੀ ਤੇ ਟੇਕਆਊਟ ਸਮੇਤ)
- ਨਾਈਟਕਲੱਬਜ਼ (ਇਸ ਤਰ੍ਹਾਂ ਦੀ ਥਾਂ ਦੇ ਬਾਹਰ ਵਾਲੇ ਹਿੱਸੇ ਸਮੇਤ)
- ਮੀਟਿੰਗ ਤੇ ਈਵੈਂਟ ਵਾਲੀਆਂ ਥਾਂਵਾਂ, ਜਿਵੇਂ ਕਿ ਬੈਂਕੁਏਟ ਹਾਲਜ਼ ਤੇ ਕਾਨਫਰੰਸ/ਕਨਵੈਨਸ਼ਨ ਸੈਂਟਰਜ਼
- ਸਪੋਰਟਸ ਤੇ ਫਿੱਟਨੈੱਸ ਗਤੀਵਿਧੀਆਂ ਤੇ ਪਰਸਨਲ ਫਿੱਟਨੈੱਸ ਟਰੇਨਿੰਗ ਲਈ ਵਰਤੀਆਂ ਜਾਣ ਵਾਲੀਆਂ ਫੈਸਿਲੀਟੀਜ਼, ਜਿਵੇਂ ਕਿ ਜਿੰਮਜ਼, ਫਿੱਟਨੈੱਸ ਤੇ ਮਨੋਰੰਜਨ ਵਾਲੀਆਂ ਥਾਂਵਾਂ
- ਸਪੋਰਟਿੰਗ ਈਵੈਂਟਸ
- ਕੈਸੀਨੋਜ਼, ਬਿੰਗੋ ਹਾਲਜ਼ ਤੇ ਗੇਮਿੰਗ ਅਸਟੈਬਲਿਸ਼ਮੈਂਟਸ
- ਕੰਸਰਟਸ, ਮਿਊਜ਼ਿਕ ਫੈਸਟੀਵਲਜ਼, ਥਿਏਟਰਜ਼ ਤੇ ਸਿਨੇਮਾਜ਼
- ਸਟ੍ਰਿੱਪ ਕਲੱਬਜ਼, ਬਾਥਹਾਊਸਿਜ਼ ਤੇ ਸੈਕਸ ਕਲੱਬਜ਼
- ਰੇਸਿੰਗ ਵੈਨਿਊਜ਼ ( ਮਿਸਾਲ ਵਜੋਂ ਹੌਰਸ ਰੇਸਿੰਗ)

22 ਅਕਤੂਬਰ ਨੂੰ ਪ੍ਰੋਵਿੰਸ ਵੱਲੋਂ ਇਸ ਪ੍ਰਕਿਰਿਆ ਨੂੰ ਕਾਰੋਬਾਰਾਂ ਵੱਲੋਂ ਸਟ੍ਰੀਮਲਾਈਨ ਕਰਨ ਲਈ ਕਿਊਆਰ ਕੋਡ ਤੇ ਵੈਰੀਫਿਕੇਸ਼ਨ ਐਪ ਲਾਂਚ ਕਰੇਗੀ।

# ਦਿਨ ਦਿਹਾੜੇ ਚੱਲੀ ਗੋਲੀ ਵਿੱਚ ਇੱਕ ਹਲਾਕ, ਇੱਕ ਜ਼ਖ਼ਮੀ




ਬਰੈਂਪਟਨ, 23 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਬਰੈਂਪਟਨ ਵਿੱਚ ਦਿਨ ਦਿਹਾੜੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਮਹਿਲਾ ਜ਼ਖ਼ਮੀ ਹੋ ਗਈ।

ਸ਼ਾਮੀਂ 5:00 ਵਜੇ ਤੋਂ ਪਹਿਲਾਂ ਕਈ ਲੋਕਾਂ ਨੂੰ ਗੋਲੀ ਮਾਰੇ ਜਾਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਏਅਰਪੋਰਟ ਤੇ ਕੰਟਰੀਸਾਈਡ ਡਰਾਈਵਜ਼ ਉੱਤੇ ਸੱਦਿਆ ਗਿਆ। ਜਾਂਚਕਾਰਾਂ ਅਨੁਸਾਰ ਸ਼ੂਟਿੰਗ ਤੋਂ ਤੁਰੰਤ ਬਾਅਦ ਤਿੰਨ ਮਸ਼ਕੂਕਾਂ ਨੂੰ ਇਸ ਇਲਾਕੇ ਵਿੱਚੋਂ ਭੱਜਦਿਆਂ ਵੇਖਿਆ ਗਿਆ।

ਇਸ ਸ਼ੂਟਿੰਗ ਤੋਂ ਬਾਅਦ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਇੱਕ ਮਹਿਲਾ ਵੀ ਮਾਮੂਲੀ ਤੌਰ ਉੱਤੇ ਜ਼ਖ਼ਮੀ ਹੋਈ। ਪੀਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 5 ਤੋਂ 11 ਸਾਲ ਦੇ ਬੱਚਿਆਂ ’ਤੇ ਵੀ ਅਸਰਦਾਰ ਹੈ ਫਾਈਜ਼ਰ ਦੀ ਕੋਵਿਡ-19 ਵੈਕਸੀਨ

ਓਟਵਾ, 23 ਸਤੰਬਰ (ਪੋਸਟ ਬਿਊਰੋ) : ਫਾਈਜ਼ਰ ਨੇ ਸੋਮਵਾਰ ਨੂੰ ਆਖਿਆ ਕਿ ਉਸ ਦੀ ਕੋਵਿਡ-19 ਵੈਕਸੀਨ 5 ਸਾਲ ਤੋਂ 11 ਸਾਲਾਂ ਦੇ ਉਮਰ ਦੇ ਬੱਚਿਆਂ ਉੱਤੇ ਵੀ ਕੰਮ ਕਰਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਜਲਦ ਹੀ ਉਹ ਅਮਰੀਕਾ ਤੋਂ ਇਸ ਉਮਰ ਵਰਗ ਲਈ ਵੀ ਮਨਜ਼ੂਰੀ ਲੈਣਗੇ। ਇਹ ਬੱਚਿਆਂ ਦੀ ਵੈਕਸੀਨੇਸ਼ਨ ਲਈ ਅਹਿਮ ਕਦਮ ਹੋਵੇਗਾ।

ਫਾਈਜ਼ਰ ਤੇ ਜਰਮਨੀ ਦੀ ਕੰਪਨੀ ਬਾਇਓਐਨਟੈਕ ਦੀ ਭਾਈਵਾਲੀ ਸਦਕਾ ਤਿਆਰ ਇਹ ਵੈਕਸੀਨ 12 ਸਾਲ ਤੇ ਇਸ ਤੋਂ ਵੱਧ ਉਮਰ ਦੇ



ਬੱਚਿਆਂ ਲਈ ਪਹਿਲਾਂ ਹੀ ਉਪਲਬਧ ਸੀ। ਪਰ ਹੁਣ ਬੱਚੇ ਸਕੂਲਾਂ ਵਿੱਚ ਪਰਤ ਆਏ ਹਨ ਤੇ ਡੈਲਟਾ ਵੇਰੀਐਂਟ ਵੀ ਤੇਜ਼ੀ ਨਾਲ ਫੈਲ ਰਿਹਾ ਹੈ ਜਿਸ ਕਾਰਨ ਪੀਡੀਐਟ੍ਰਿਕ ਇਨਫੈਕਸ਼ਨਜ਼ ਵਿੱਚ ਕਾਫੀ ਵਾਧਾ ਹੋਇਆ ਹੈ। ਬਹੁਤ ਸਾਰੇ ਮਾਪੇ ਬੜੀ ਬੇਸਬਰੀ ਨਾਲ ਵੈਕਸੀਨੇਸ਼ਨ ਦੀ ਉਡੀਕ ਕਰ ਰਹੇ ਹਨ।

ਐਲੀਮੈਂਟਰੀ ਸਕੂਲ ਵਾਲੇ ਬੱਚਿਆਂ ਲਈ ਫਾਈਜ਼ਰ ਨੇ ਕਿਤੇ ਘੱਟ ਡੋਜ਼ ਨਾਲ ਟੈਸਟ ਕੀਤਾ ਹੈ। ਇਹ ਹੁਣ ਦਿੱਤੀ ਜਾਣ ਵਾਲੀ ਵੈਕਸੀਨ ਦੀ ਡੋਜ਼ ਦਾ ਇੱਕ ਤਿਹਾਈ ਹੈ। ਫਾਈਜ਼ਰ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਡਾ. ਬਿੱਲ ਗਰਬਰ ਨੇ ਆਖਿਆ ਕਿ ਇਸ ਵੈਕਸੀਨ ਦੀ ਦੂਜੀ ਡੋਜ਼ ਲੈਣ ਤੋਂ ਬਾਅਦ ਬੱਚਿਆਂ ਵਿੱਚ ਵੀ ਕਰੋਨਾਵ-ਾਇਰਸ ਨਾਲ ਲੜਨ ਲਈ ਐਂਟੀਬੌਡੀ ਦਾ ਪੱਧਰ ਟੀਨੇਜਰਜ਼ ਤੇ ਬਾਲਕਾਂ ਵਾਂਗ ਮਜ਼ਬੂਤ ਹੋ ਜਾਵੇਗਾ।

# ਸ਼ਨਿੱਚਰਵਾਰ ਤੋਂ ਲਾਪਤਾ ਹੈ ਮਾਰਖਮ ਦਾ ਜੋੜਾ

ਮਾਰਖਮ, 23 ਸਤੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਤੋਂ ਮਾਰਖਮ ਤੋਂ ਲਾਪਤਾ ਜੋੜੇ ਦੀ ਯੌਰਕ ਰੀਜਨਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਸ ਕੰਮ ਲਈ ਜਨਤਾ ਤੋਂ ਮਦਦ ਵੀ ਮੰਗੀ ਜਾ ਰਹੀ ਹੈ।

ਪੁਲਿਸ ਦੇ ਦੱਸਣ ਮੁਤਾਬਕ 37 ਸਾਲਾ ਕੁਓਕ ਟਰੈਨ ਤੇ 25 ਸਾਲਾ ਕ੍ਰਿਸਟੀ ਨਗੂਏਨ ਨੂੰ ਆਖਰੀ ਵਾਰੀ 18 ਸਤੰਬਰ ਨੂੰ ਵਾਰਡਨ ਐਵਨਿਊ ਅਤੇ ਹਾਈਵੇਅ 7 ਈਸਟ ਦੇ ਨੇੜੇ ਤੇੜੇ ਦੁਪਹਿਰੇ 4:50 ਉੱਤੇ ਵੇਖਿਆ ਗਿਆ। ਉਦੋਂ ਤੋਂ ਹੀ ਜਾਂਚਕਾਰ ਉਨ੍ਹਾਂ ਦੀ ਭਾਲ ਕਰਨ ਵਿੱਚ ਅਸਮਰੱਥ ਹਨ। ਦੋਵਾਂ ਵੱਲੋਂ ਆਪਣੇ ਪਰਿਵਾਰ ਨੂੰ ਸੰਪਰਕ ਨਾ ਕੀਤਾ ਜਾਣਾ ਵੀ ਉਨ੍ਹਾਂ ਦੀ ਫਿਤਰਤ ਵਿੱਚ ਸ਼ਾਮਲ ਨਹੀਂ ਹੈ।
ਟਰੈਨ ਪੰਜ ਫੁੱਟ ਅੱਠ ਇੰਚ ਲੰਮਾਂ, 170 ਪਾਊਂਡ ਵਜ਼ਨੀ,



ਕਾਲੇ ਵਾਲਾਂ ਵਾਲਾ ਤੇ ਭੂਰੀਆਂ ਅੱਖਾਂ ਵਾਲਾ ਏਸ਼ੀਅਨ ਮੂਲ ਦਾ ਵਿਅਕਤੀ ਦੱਸਿਆ ਜਾਂਦਾ ਹੈ। ਨਗੂਏਨ ਪੰਜ ਫੁੱਟ ਚਾਰ ਇੰਚ, 120 ਪਾਊਂਡ ਵਜ਼ਨੀ; ਕਾਲੇ ਵਾਲਾਂ ਵਾਲੀ ਤੇ ਭੂਰੀਆਂ ਅੱਖਾਂ ਵਾਲੀ ਏਸੀਅਨ ਮੂਲ ਦੀ ਮਹਿਲਾ ਹੈ।

# ਲਾਕਡਾਊਨ ਤੋਂ ਬਚਣ ਦਾ ਸੱਭ ਤੋਂ ਵਧੀਆ ਰਾਹ ਹਨ ਵੈਕਸੀਨ ਪਾਸਪੋਰਟ : ਫੋਰਡ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਕੋਵਿਡ-19 ਵੈਕਸੀਨ ਸਰਟੀਫਿਕੇਟਸ ਲਾਂਚ ਕੀਤੇ ਜਾਣ ਨੂੰ ਸਹੀ ਕਦਮ ਦੱਸਦਿਆਂ ਆਖਿਆ ਕਿ ਇਹ ਸਿਸਟਮ ਪ੍ਰੋਵਿੰਸ ਨੂੰ ਇੱਕ ਹੋਰ ਲਾਕਡਾਊਨ ਵਿੱਚ ਦਾਖਲ ਹੋਣ ਤੋਂ ਰੋਕੇਗਾ।

ਵੈਕਸੀਨ ਸਰਟੀਫਿਕੇਟ ਸਿਸਟਮ ਲਾਗੂ ਹੋਣ ਤੋਂ ਕੁੱਝ ਘੰਟੇ ਬਾਅਦ ਹੀ ਬੁੱਧਵਾਰ ਸਵੇਰੇ ਇੱਕ ਨਿਊਜ਼ ਕਾਨਫਰੰਸ ਦੌਰਾਨ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਹ ਸਰਟੀਫਿਕੇਟ ਆਰਜ਼ੀ ਪਰ ਬਿਮਾਰੀ ਨਾਲ ਨਜਿੱਠਣ ਲਈ ਅਹਿਮ ਮਾਪਦੰਡ ਹਨ। ਓਨਟਾਰੀਓ ਦੇ ਨਵੇਂ ਵੈਕਸੀਨ ਸਰਟੀਫਿਕੇਟ ਸਿਸਟਮ ਤਹਿਤ ਲੋਕਾਂ ਨੂੰ ਰੈਸਟੋਰੈਂਟਸ, ਨਾਈਟਕਲੱਬਜ਼, ਸਿਨੇਮਾਜ਼, ਜਿੰਮਜ਼, ਸਪੋਰਟਸ



ਫੈਸਿਲਿਟੀਜ਼ ਤੇ ਹੋਰਨਾਂ ਥਾਂਵਾਂ ਉੱਤੇ ਆਪਣੀ ਪੂਰੀ ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ ਤੇ ਇਸ ਦੇ ਨਾਲ ਹੀ ਸਰਕਾਰੀ ਆਈਡੈਂਟੀਫਿਕੇਸ਼ਨ ਵੀ ਮੁਹੱਈਆ ਕਰਵਾਉਣੀ ਹੋਵੇਗੀ।

ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਸਰਟੀਫਿਕੇਟ ਸਾਡੇ ਲਈ ਇਸ ਮਹਾਂਮਾਰੀ ਤੋਂ ਹਮੇਸ਼ਾਂ ਲਈ ਖਹਿੜਾ ਛੁਡਵਾਉਣ ਦਾ ਬਿਹਤਰ ਮੌਕਾ ਹੈ। ਇਸ ਦੇ ਨਾਲ ਹੀ ਉਨ੍ਹਾਂ ਆਖਿਆ ਕਿ ਇਹ ਆਰਜ਼ੀ ਤੇ ਵਿਲੱਖਣ ਮਾਪਦੰਡ ਹਨ। ਸਾਨੂੰ ਇਨ੍ਹਾਂ ਸਰਟੀਫਿਕੇਟਸ ਦੀ ਵਰਤੋਂ ਦੀ ਸਾਰਾ ਦਿਨ ਨਹੀਂ ਸਗੋਂ ਕਦੇ ਹੀ ਲੋੜ ਪਵੇਗੀ। ਓਨਟਾਰੀਓ ਵਿੱਚ 12 ਸਾਲ ਤੇ ਇਸ ਤੋਂ ਵੱਧ ਉਮਰ ਦੇ 85 ਫੀ ਸਦੀ ਲੋਕਾਂ ਨੂੰ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗੀ ਹੋਈ ਹੈ ਤੇ 79 ਫੀ ਸਦੀ ਆਬਾਦੀ ਨੂੰ ਦੋਵੇਂ ਡੋਜ਼ਾਂ ਲੱਗੀਆਂ ਹੋਈਆਂ ਹਨ।

ਫੋਰਡ ਨੇ ਮੰਨਿਆ ਕਿ ਪਹਿਲਾਂ ਉਹ ਇਸ ਸਰਟੀਫਿਕੇਟ ਸਬੰਧੀ ਮਾਪਦੰਡਾਂ ਨੂੰ ਲਾਗੂ ਕਰਨ ਤੋਂ ਹਿਚਕਿਚਾ ਰਹੇ ਸਨ ਪਰ ਉਨ੍ਹਾਂ ਆਖਿਆ ਕਿ ਸਿਹਤ ਮਾਹਿਰਾਂ ਤੇ ਪ੍ਰੋਵਿੰਸ ਦੇ ਮੈਡੀਕਲ ਆਫੀਸਰ ਆਫ ਹੈਲਥ ਨੇ ਉਨ੍ਹਾਂ ਨੂੰ ਇਹ ਕਦਮ ਚੁੱਕਣ ਲਈ ਰਾਜ਼ੀ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਇੱਕ ਹੋਰ ਲਾਕਡਾਊਨ ਬਰਦਾਸ਼ਤ ਨਹੀਂ ਕਰ ਸਕਦੇ। ਫੋਰਡ ਨੇ ਆਖਿਆ ਕਿ ਜਿਹੜੇ ਕਾਰੋਬਾਰੀ ਅਦਾਰੇ ਤੇ ਲੋਕ ਇਸ ਸਰਟੀਫਿਕੇਟ ਪ੍ਰੋਗਰਾਮ ਨੂੰ ਨਹੀਂ ਮੰਨਣਗੇ ਤੇ ਜਿਹੜੇ ਝੂਠੀ ਜਾਣਕਾਰੀ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਹੋਵੇਗਾ।

# ਕੈਨੇਡਾ ਨੇ ਕੋਵਿਡ-19 ਵੈਕਸੀਨ ਸਪਲਾਇਰਜ਼ ਨੂੰ ਹੋਰ ਡੋਜ਼ਾਂ ਭੇਜਣ ਤੋਂ ਕੀਤਾ ਮਨ੍ਹਾ

ਓਟਵਾ, 23 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਵੈਕਸੀਨ ਦੀ ਕੈਨੇਡਾ ਨੂੰ ਕੀਤੀ ਜਾਣ ਵਾਲੀ ਡਲਿਵਰੀ ਨੂੰ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ ਕਿਉਂਕਿ ਪ੍ਰੋਵਿੰਸਾਂ ਕੋਲ ਪਹਿਲਾਂ ਹੀ ਵਰਤੇ ਜਾਣ ਲਈ ਕਾਫੀ ਡੋਜ਼ਾਂ ਹਨ।

ਸਤੰਬਰ ਵਿੱਚ ਕੈਨੇਡਾ ਨੂੰ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਤੋਂ ਵੈਕਸੀਨ ਦੀਆਂ 95 ਮਿਲੀਅਨ ਡੋਜ਼ਾਂ ਮਿਲਣੀਆਂ ਸਨ ਪਰ ਬੁੱਧਵਾਰ ਤੱਕ ਇਸ ਵਿੱਚੋਂ 20 ਮਿਲੀਅਨ ਡੋਜ਼ਾਂ ਨਹੀਂ ਸਨ ਮਿਲੀਆਂ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਕੋਲ ਪਹਿਲਾਂ ਹੀ 18.7 ਮਿਲੀਅਨ ਡੋਜ਼ਾਂ ਪਈਆਂ ਹਨ ਤੇ ਇਹ ਕੈਨੇਡਾ ਦੇ 12 ਸਾਲ ਤੋਂ ਵੱਧ ਉਮਰ ਦੇ ਯੋਗ ਲੋਕਾਂ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨ ਲਈ ਕਾਫੀ ਹਨ। ਇਨ੍ਹਾਂ ਵਿੱਚੋਂ 8.5 ਮਿਲੀਅਨ ਡੋਜ਼ਾਂ ਜਿਹੜੀਆਂ ਪ੍ਰੋਵਿੰਸਾਂ ਨੂੰ ਭੇਜੀਆਂ ਗਈਆਂ ਉਨ੍ਹਾਂ ਦੀ ਅਜੇ ਤੱਕ ਵਰਤੋਂ ਨਹੀਂ ਹੋਈ। ਇਸ ਤੋਂ ਇਲਾਵਾ 10.2 ਮਿਲੀਅਨ ਡੋਜ਼ਾਂ ਅਜਿਹੀਆਂ ਹਨ ਜਿਹੜੀਆਂ ਫੈਡਰਲ ਸਰਕਾਰ



ਕੋਲ ਪਈਆਂ ਹਨ ਤੇ ਲੋੜ ਪੈਣ ਉੱਤੇ ਪ੍ਰੋਵਿੰਸਾਂ ਇਨ੍ਹਾਂ ਦੀ ਵਰਤੋਂ ਕਰ ਸਕਦੀਆਂ ਹਨ।

ਬੁੱਧਵਾਰ ਤੱਕ 80 ਫੀ ਸਦੀ ਕੈਨੇਡੀਅਨ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਸਨ ਤੇ ਬਾਕੀ ਸੱਤ ਫੀ ਸਦੀ ਨੂੰ ਉਨ੍ਹਾਂ ਦੇ ਪਹਿਲੇ ਸ਼ੌਟ ਲੱਗ ਚੁੱਕੇ ਸਨ। ਹੁਣ ਕੈਨੇਡਾ ਨੂੰ 12 ਸਾਲ ਤੋਂ ਵੱਧ ਉਮਰ ਦੇ ਹਰੇਕ ਸ਼ਖਸ ਦਾ ਟੀਕਾਕਰਣ ਕਰਨ ਲਈ 11 ਮਿਲੀਅਨ ਡੋਜ਼ਾਂ ਚਾਹੀਦੀਆਂ ਹਨ। ਸਾਰੀਆਂ ਪ੍ਰੋਵਿੰਸਾਂ ਅਗਸਤ ਦੇ ਅੰਤ ਤੱਕ ਹੀ ਹੋਰ ਨਵੀਆਂ ਡੋਜ਼ਾਂ ਦੀ ਮੰਗ ਕਰਨ ਤੋਂ ਹਟ ਗਈਆਂ ਸਨ ਤੇ ਕੈਨੇਡਾ ਨੇ ਵੀ ਸਪਲਾਇਰਜ਼ ਨੂੰ ਹਾਲ ਦੀ ਘੜੀ ਹੋਰ ਡੋਜ਼ਾਂ ਭੇਜਣ ਤੋਂ ਮਨ੍ਹਾਂ ਕਰ ਦਿੱਤਾ ਸੀ।

# ਲੈਂਪੋਰਟ ਸਟੇਡੀਅਮ ਦੇ ਮੁਜ਼ਾਹਰਿਆਂ ਨਾਲ ਸਬੰਧਤ ਇੱਕ ਗ੍ਰਿਫਤਾਰ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਹੜਾ 21 ਜੁਲਾਈ ਨੂੰ ਲੈਂਪੋਰਟ ਸਟੇਡੀਅਮ ਵਿੱਚ ਹੋਏ ਮੁਜ਼ਾਹਰਿਆਂ ਦੇ ਸਬੰਧ ਵਿੱਚ ਲੋੜੀਂਦਾ ਸੀ। ਇਸ ਥਾਂ ਉੱਤੇ ਬੇਘਰੇ ਲੋਕਾਂ ਦੀ ਪੈਰਵੀ ਕਰਨ ਵਾਲਿਆਂ, ਉਨ੍ਹਾਂ ਦੇ ਸਮਰਥਕਾਂ ਦੀ ਪੁਲਿਸ ਤੇ ਸਿਟੀ ਦੇ ਸਟਾਫ ਨਾਲ ਝੜਪ ਹੋਈ ਸੀ।

ਕਈ ਗ੍ਰਿਫਤਾਰੀਆਂ ਕੀਤੇ ਜਾਣ ਤੋਂ ਬਾਅਦ ਮੁਜ਼ਾਹਰਾ 14ਵੀਂ ਡਵੀਜ਼ਨ ਦੇ ਬਾਹਰ ਕੀਤਾ ਜਾਣ ਲੱਗਿਆ ਤੇ ਉਸ ਸਮੇਂ ਪੁਲਿਸ ਨੇ ਆਖਿਆ ਸੀ ਕਿ ਸਟੇਸ਼ਨ ਦੇ ਬਾਹਰ ਗੁੱਸੇ ਵਿੱਚ ਆਏ ਲੋਕ ਆਪੇ ਤੋਂ ਬਾਹਰ ਹੋਣ ਲੱਗੇ ਸਨ। ਪੁਲਿਸ ਵੱਲੋਂ ਵੀਰਵਾਰ ਨੂੰ ਅੱਠ ਤਸਵੀਰਾਂ ਜਾਰੀ ਕੀਤੀਆਂ ਗਈਆਂ ਸਨ




ਜਿਹੜੀਆਂ ਉਨ੍ਹਾਂ ਲੋਕਾਂ ਦੀਆਂ ਸਨ ਜਿਹੜੇ ਇਸ ਮੁਜ਼ਾਹਰੇ ਦੌਰਾਨ ਖਤਰਨਾਕ ਹਥਿਆਰ ਰੱਖਣ, ਹਥਿਆਰ ਨਾਲ ਹਮਲਾ ਕਰਨ, ਹਮਲਾ ਕਰਨ ਤੇ ਅੜਿੱਕੇ ਡਾਹੁਣ ਵਰਗੇ ਮਾਮਲਿਆਂ ਲਈ ਲੋੜੀਂਦੇ ਸਨ।

ਪੁਲਿਸ ਨੇ ਆਖਿਆ ਕਿ ਇਨ੍ਹਾਂ ਅੱਠ ਵਿਅਕਤੀਆਂ ਵਿੱਚੋਂ ਇੱਕ ਦੀ ਪਛਾਣ ਕੀਤੇ ਜਾਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਆਖਿਆ ਕਿ ਇਸ ਵਿਅਕਤੀ ਨੇ ਉਸ ਸਮੇਂ ਅੜਿੱਕਾ ਡਾਹੁਣ ਤੇ ਪੁਲਿਸ ਅਧਿਕਾਰੀਆਂ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ ਜਦੋਂ ਉਹ ਕਿਸੇ ਨੂੰ ਗ੍ਰਿਫਤਾਰ ਕਰਨ ਜਾ ਰਹੇ ਸਨ। ਟੋਰਾਂਟੋ ਦੇ 29 ਸਾਲਾ ਅਲਾ ਅਲ ਸੂਫੀ ਨੂੰ ਸ਼ਨਿੱਚਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਮਿਸੀਸਾਗਾ ਵਿੱਚ ਕਈ ਗੱਡੀਆਂ ਆਪਸ ਵਿੱਚ ਟਕਰਾਈਆਂ, ਛੇ ਜ਼ਖ਼ਮੀ

ਮਿਸੀਸਾਗਾ, 23 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਕਈ ਗੱਡੀਆਂ ਦਰਮਿਆਨ ਹੋਈ ਟੱਕਰ ਤੋਂ ਬਾਅਦ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਰਾਤੀਂ 8:30 ਵਜੇ ਡੈਰੀ ਤੇ ਟੌਮਕਨ ਰੋਡਜ਼ ਉੱਤੇ ਵਾਪਰਿਆ। ਪੀਲ ਰੀਜਨਲ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਸਾਰਿਆਂ ਨੂੰ ਹੀ ਭਾਵੇਂ ਮਾਮੂਲੀ ਸੱਟਾਂ ਲੱਗੀਆਂ ਹਨ ਪਰ ਫਿਰ ਵੀ ਇਲਾਜ ਲਈ ਸੱਭ ਨੂੰ ਹਸਪਤਾਲ ਲਿਜਾਇਆ ਗਿਆ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਇਸ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ ਹੈ।

# ਦਰਹਾਮ ਪੁਲਿਸ ਨੇ ਬਰਾਮਦ ਕੀਤੇ 2.5 ਮਿਲੀਅਨ ਡਾਲਰ ਦੇ ਨਸ਼ੇ, 44 ਵਿਅਕਤੀਆਂ ਖਿਲਾਫ ਲਾਏ ਗਏ 295 ਚਾਰਜਿਜ਼

ਦਰਹਾਮ, 23 ਸਤੰਬਰ (ਪੋਸਟ ਬਿਊਰੋ) : ਦਰਹਾਮ ਰੀਜਨ ਦੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਵੱਲੋਂ ਏਰੀਆ ਵਿੱਚ ਫੈਂਟਾਨਿਲ ਟਰੈਫਿਕਰਜ਼ ਦੇ ਸਬੰਧ ਵਿੱਚ ਪੰਜ ਮਹੀਨੇ ਦੀ ਕੀਤੀ ਗਈ ਜਾਂਚ ਤੋਂ ਬਾਅਦ 2.5 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ ਹਨ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦਰਹਾਮ ਰੀਜਨਲ ਪੁਲਿਸ ਨੇ ਆਖਿਆ ਕਿ ਇਸ ਜਾਂਚ ਨੂੰ ਪ੍ਰੋਜੈਕਟ ਈਕੋਨੋਲਾਈਨ ਦਾ ਨਾਂ ਦਿੱਤਾ ਗਿਆ ਸੀ। ਇਸ ਦੀ ਅਗਵਾਈ ਸਰਵਿਸ ਦੀ ਡਰੱਗ ਐਨਫੋਰਸਮੈਂਟ ਯੂਨਿਟ ਵੱਲੋਂ ਕੀਤੀ



ਗਈ ਤੇ ਇਸ ਦੌਰਾਨ ਗ੍ਰੇਟਰ ਟੋਰਾਂਟੋ ਏਰੀਆ ਦੇ 28 ਸਰਚ ਵਾਰੰਟ ਕਢਵਾ ਕੇ ਉਨ੍ਹਾਂ ਥਾਂਵਾਂ ਦੀ ਤਲਾਸ਼ੀ ਲਈ ਗਈ। ਪੁਲਿਸ ਨੇ ਆਖਿਆ ਕਿ ਜਾਂਚ ਦੌਰਾਨ 5.8 ਕਿਲੋਗ੍ਰਾਮ ਫੈਂਟਾਨਿਲ, 4.2 ਕਿਲੋਗ੍ਰਾਮ ਕੋਕੀਨ, 205 ਗ੍ਰਾਮ ਮੈਥਾਮਫੈਟਾਮਾਈਨ, 3,000 ਆਕਸੀਕੋਡੋਨ ਪਿੱਲਜ਼ ਤੇ 30 ਕਿੱਲੋਗ੍ਰਾਮ ਗੈਰਕਾਨੂੰਨੀ ਭੰਗ ਬਰਾਮਦ ਹੋਈ।

ਇਸ ਤੋਂ ਇਲਾਵਾ ਹਾਈਡਰੋਮਰਫੋਨ, ਜੀਐਚਬੀ ਤੇ ਐਮਡੀਐਮਏ ਦੀ ਥੋੜ੍ਹੀ ਥੋੜ੍ਹੀ ਮਾਤਰਾ ਵੀ ਮਿਲੀ। ਜਾਂਚਕਾਰਾਂ ਦਾ ਮੰਨਣਾ ਹੈ ਕਿ ਜਿਹੜੇ ਨਸ਼ੀਲੇ ਪਦਾਰਥ ਫੜ੍ਹੇ ਗਏ ਹਨ ਉਨ੍ਹਾਂ ਦੀ ਅੰਦਾਜ਼ਨ ਕੀਮਤ 2.5 ਮਿਲੀਅਨ ਡਾਲਰ ਹੈ। ਇਸ ਤੋਂ ਇਲਾਵਾ ਇੱਕ ਅੱਠ ਹੈਂਡਗੰਨਜ਼ ਤੇ 300,000 ਡਾਲਰ ਤੋਂ ਵੱਧ ਦੀ ਨਕਦੀ ਵੀ ਬਰਾਮਦ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਸ ਦੌਰਾਨ 44 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਕ੍ਰਿਮੀਨਲ ਕੋਡ ਐਂਡ ਕੰਟਰੋਲਡ ਡਰੱਗ ਐਂਡ ਸਬਸਟਾਂਸ ਐਕਟ ਤਹਿਤ 295 ਚਾਰਜਿਜ਼ ਲਾਏ ਗਏ ਹਨ ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਵਿਓਮਿੰਗ ਤੋਂ ਮਿਲੀ ਲਾਸ਼ ਗੈਬਰੀਐਲ ਪੈਟਿਟੋ ਦੀ ਹੋਣ ਦਾ ਸ਼ੱਕ

ਫਲੋਰਿਡਾ, 23 ਸਤੰਬਰ (ਪੋਸਟ ਬਿਊਰੋ) : ਅਧਿਕਾਰੀਆਂ ਦਾ ਕਹਿਣਾ ਹੈ ਕਿ ਐਤਵਾਰ ਨੂੰ ਵਿਓਮਿੰਗ ਤੋਂ ਮਿਲੀ ਲਾਸ਼ ਗੈਬਰੀਐਲ ਗੈਬੀ ਪੈਟਿਟੋ ਦੀ ਹੀ ਹੈ। ਇਹ ਲੜਕੀ ਆਪਣੇ ਬੁਆਏਫਰੈਂਡ ਨਾਲ ਕਰੌਸ ਕੰਟਰੀ ਟਰੈਕ ਉੱਤੇ ਜਾਣ ਤੋਂ ਬਾਅਦ ਤੋਂ ਲਾਪਤਾ ਸੀ। ਹੁਣ ਅਧਿਕਾਰੀ ਗੈਬਰੀਐਲ ਦੇ ਬੁਆਏਫਰੈਂਡ ਦੀ ਭਾਲ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਨਜ਼ਰ ਵਿੱਚ ਉਹ ਹੀ ਮਸ਼ਕੂਕ ਹੈ। ਉਸ ਦੀ ਭਾਲ ਫਲੋਰਿਡਾ ਨੇਚਰ ਪ੍ਰਿਜ਼ਰਵ ਵਿੱਚ ਕੀਤੀ ਜਾ ਰਹੀ ਹੈ।

ਐਫਬੀਆਈ ਨੇ ਆਖਿਆ ਕਿ ਇਹ ਲਾਸ਼ ਪਿਛਲੇ ਦੋ ਦਿਨ ਤੋਂ ਗੈਬਰੀਐਲ ਦੀ ਭਾਲ ਕਰ ਰਹੇ ਲਾਅ ਐਨਫੋਰਸਮੈਂਟ ਅਧਿਕਾਰੀਆਂ ਨੂੰ ਮਿਲੀ ਹੈ। ਐਫਬੀਆਈ ਦੇ ਸੁਪਰਵਾਈਜ਼ਰੀ ਸਪੈਸ਼ਲ ਏਜੰਟ ਚਾਰਲਸ ਜੋਨਜ਼ ਨੇ ਦੱਸਿਆ ਕਿ ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਆਖਿਆ ਕਿ ਅਜੇ ਫੋਰੈਂਸਿਕ ਜਾਂਚ ਵਿੱਚ ਇਸ ਗੱਲ ਦੀ 100 ਫੀ ਸਦੀ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਇਹ ਲਾਸ਼ ਗੈਬੀ ਦੀ ਹੈ ਪਰ ਫਿਰ ਵੀ ਉਸ ਦੇ ਘਰਦਿਆਂ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ। ਪੈਟਿਟੋ ਦੇ ਪਰਿਵਾਰ ਲਈ ਬੁਲਾਰੇ ਦਾ ਕੰਮ ਕਰ ਰਹੇ ਅਟਾਰਨੀ ਰਿਚਰਡ ਬੈਨਸਨ ਨੇ ਆਖਿਆ ਕਿ ਇਸ ਸਮੇਂ



ਪਰਿਵਾਰ ਨੂੰ ਥੋੜ੍ਹੀ ਪ੍ਰਾਈਵੇਸੀ ਚਾਹੀਦੀ ਹੈ ਤੇ ਉਹ ਕੁੱਝ ਸਮੇਂ ਬਾਅਦ ਬਿਆਨ ਜਾਰੀ ਕਰੇਗਾ। ਜੋਨਜ਼ ਨੇ ਆਖਿਆ ਕਿ ਨੈਸ਼ਨਲ ਫੌਰੈਸਟ ਦੇ ਨਾਲ ਲੱਗਦਾ ਗ੍ਰੈਂਡ ਟੈਟਨ ਦਾ ਪੂਰਬੀ ਹਿੱਸਾ ਹਾਲ ਦੀ ਘੜੀ ਜਾਂਚ ਲਈ ਬੰਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੈਟਿਟੋ ਤੇ ਉਸ ਦਾ ਬੁਆਏਫਰੈਂਡ ਲਾਂਡਰੇ ਅਮਰੀਕਾ ਦੇ ਪੱਛਮੀ ਹਿੱਸੇ ਵਿੱਚ ਸਥਿਤ ਨੈਸ਼ਨਲ ਪਾਰਕਸ ਵਿੱਚ ਘੁੰਮਣ ਫਿਰਨ ਲਈ ਕਰੌਸ ਕੰਟਰੀ ਟਰੈਕ ਉੱਤੇ ਜੁਲਾਈ ਵਿੱਚ ਰਵਾਨਾ ਹੋਏ ਸਨ। ਪੁਲਿਸ ਨੇ ਦੱਸਿਆ ਕਿ ਪਹਿਲੀ ਸਤੰਬਰ ਨੂੰ ਜਦੋਂ ਲਾਂਡਰੇ ਨੌਰਥ ਪੋਰਟ, ਫਲੋਰਿਡਾ, ਆਪਣੇ ਮਾਪਿਆਂ ਕੋਲ ਆਪਣੀ ਵੈਨ ਵਾਪਿਸ ਲੈ ਕੇ ਪਹੁੰਚਿਆ ਸੀ ਤਾਂ ਉਹ ਇੱਕਲਾ ਹੀ ਸੀ।

ਹੁਣ ਪੁਲਿਸ ਲਾਂਡਰੇ ਦੀ ਭਾਲ ਕਰ ਰਹੀ ਹੈ। ਉਸ ਨੂੰ ਆਖਰੀ ਵਾਰੀ ਮੰਗਲਵਾਰ ਨੂੰ ਫਲੋਰਿਡਾ ਵਿੱਚ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੇਖਿਆ ਗਿਆ। ਪੈਟਿਟੋ ਦੇ ਪਰਿਵਾਰ ਨੇ 11 ਸਤੰਬਰ ਨੂੰ ਸੁਫੋਕ ਕਾਊਂਟੀ, ਨਿਊ ਯੌਰਕ ਕੋਲ ਗੈਬੀ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ।

## ਅੱਜ ਨਾਮਾ

ਬਦਲੇ ਬਰਤਨ ਪੰਚਾਇਤ ਦੇ ਜਦੋਂ ਜਾਂਦੇ,
ਬਦਲਦੀ ਦੇਗ ਹਨ ਬਦਲਦੇ ਥਾਲ ਬੇਲੀ।
ਬਦਲਿਆ ਜਾਂਦਾ ਹੈ ਨਾਲ ਸਾਮਾਨ ਸਾਰਾ,
ਚਮਚੇ, ਕੜਛੇ ਵੀ ਬਦਲਦੇ ਨਾਲ ਬੇਲੀ।
ਏਦਾਂ ਈ ਬਦਲਦੀ ਜਦੋਂ ਸਰਕਾਰ ਕੋਈ,
ਹੁੰਦਾ ਈ ਟੀਮ ਦਾ ਵੀ ਇਹੋ ਹਾਲ ਬੇਲੀ।
ਪਿਛਲੇ ਹਾਕਮ ਦਾ ਰਹੇ ਨਹੀਂ ਯਾਰ ਕੋਈ,
ਰੱਖਿਆ ਜਾਂਦਾ ਫਿਰ ਕੁੱਲ ਖਿਆਲ ਬੇਲੀ।
ਅੱਜਕੱਲ੍ਹ ਇਹੋ ਪਈ ਹੋਵੇ ਪੰਜਾਬ ਅੰਦਰ,
ਥਾਂ-ਥਾਂ ਪਿਆਦਿਆਂ ਦੀ ਚੱਕ-ਥੱਲ ਬੇਲੀ।
ਫੋਲੀ ਫਾਈਲ ਜਾਂਦੀ ਸਾਰੇ ਅਫਸਰਾਂ ਦੀ,
ਕਿਹੜਾ ਕਿਹੜਾ ਹੈ ਅਸਾਂ ਦੇ ਵੱਲ ਬੇਲੀ।

**ਤੀਸ ਮਾਰ ਖਾਂ**

# ਕੈਪਟਨ ਦੇ ਹਮਲਾਵਰ ਰੁਖ਼ ਨਾਲ ਕਾਂਗਰਸ ਹਾਈ ਕਮਾਨ ਦੀ ਬੇਚੈਨੀ ਹੋਰ ਵਧੀ

* ਪਾਰਟੀ ਨੇ ਕਿਹਾ: ਸਿਆਸਤ ਵਿੱਚ ਗੁੱਸੇ ਦੀ ਥਾਂ ਨਹੀਂ * ਕੈਪਟਨ ਕੈਂਪ ਨੇ ਕਿਹਾ: ਕੀ ਜਲਾਲਤ ਦੀ ਥਾਂ ਹੈ

ਚੰਡੀਗੜ੍ਹ, 23 ਸਤੰਬਰ, (ਪੋਸਟ ਬਿਊਰੋ)- ਕਾਂਗਰਸਦਾ ਅੰਦਰੂਨੀ ਰੱਫੜ ਸ਼ਾਂਤ ਕਰਨ ਲਈ ਹਾਈ ਕਮਾਨਵੱਲੋਂਪੰਜਾਬਵਿੱਚ ਪਾਰਟੀ ਦਾ ਪ੍ਰਧਾਨ ਬਦਲਣ ਦੇ ਬਾਅਦ ਸਰਕਾਰ ਦਾ ਮੁਖੀ ਵੀ ਬਦਲ ਦਿੱਤਾਗਿਆ ਹੈ, ਫਿਰ ਵੀਖਿੱਚੋਤਾਣ ਰੁਕ ਨਹੀਂ ਰਹੀਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਸੰਕੇਤ ਕਰ ਰਹੇ ਹਨ ਕਿ ਉਹ ਕੋਈ ਵੱਡਾ ਕਦਮ ਚੁੱਕ ਸਕਦੇ ਹਨ, ਜਿਸ ਨਾਲ ਪਾਰਟੀ ਆਗੂਆਂ ਦੀ ਬੇਚੈਨੀ ਵਧਦੀ ਜਾ ਰਹੀ ਹੈ।ਅੱਜ ਵੀਰਵਾਰ ਇਕ ਵਾਰੀ ਫਿਰ ਕੈਪਟਨ ਅਮਰਿੰਦਰ ਸਿੰਘ ਦਾ ਵੱਡਾ ਬਿਆਨ ਆਇਆ ਹੈ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਚੱਲਣ ਨਹੀਂ ਦੇਣਗੇ।

ਅਸਲ ਵਿੱਚ ਅੱਜ ਪਹਿਲਾਂ ਕਾਂਗਰਸ ਦੀ ਕੌਮੀ ਬੁਲਾਰਾ ਸੁਪ੍ਰਿਆ ਸ਼੍ਰੀਨੇਤ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਕਿਹਾ ਸੀ ਕਿ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਿਆਸਤ ਵਿੱਚ ਗੁੱਸਾ, ਖ਼ਾਸ ਵਿਅਕਤੀ ਉੱਤੇ ਟਿੱਪਣੀ ਤੇ ਉਸ ਤੋਂ ਬਦਲਾ ਲੈਣ ਦੀ ਕੋਈ ਥਾਂ ਨਹੀਂ ਹੈ। ਉਨ੍ਹਾਂਕਿਹਾ ਸੀ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਕਹੀਆਂ ਗੱਲਾਂ ਉੱਤੇ ਸਮਝਦਾਰੀ ਦਿਖਾਉਂਦੇ ਹੋਏ ਮੁੜ ਵਿਚਾਰ ਕਰਨਗੇ।ਇਸ ਮੌਕੇ ਸੁਪ੍ਰਿਆ ਸ਼੍ਰੀਨੇਤ ਨੇ ਇਹ ਵੀ ਕਿਹਾ ਸੀ ਕਿ ਜੇ ਕੋਈ ਪਾਰਟੀ ਛੱਡ ਕੇ ਜਾਣਾ ਚਾਹੁੰਦਾ ਹੈ, ਉਸਦੇ ਸੰਬੰਧ ਵਿੱਚ ਉਹ ਕੋਈ ਟਿੱਪਣੀ ਨਹੀਂ ਕਰਨਗੇ।



ਸੁਪ੍ਰਿਆ ਸ਼੍ਰੀਨੇਤ ਦੇ ਇਸ ਬਿਆਨ ਉੱਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਹਿ ਚੁੱਕੇ ਰਵੀਨ ਠੁਕਰਾਲ ਨੇ ਜਵਾਬੀ ਹਮਲਾ ਕੀਤਾ ਅਤੇ ਕੈਪਟਨ ਵੱਲੋਂ ਉਲਟਾ ਸਵਾਲ ਕਰਦੇ ਹੋਏ ਆਖਿਆ ਕਿ ਇਹ ਠੀਕ ਹੈ ਕਿ ਸਿਆਸਤ ਵਿੱਚ ਗੁੱਸੇ ਦੀ ਥਾਂ ਨਹੀਂ, ਪਰ ਕੀ ਜਲਾਲਤ ਦੀ ਥਾਂ ਹੈ? ਜੇ ਮੇਰੇ (ਅਮਰਿੰਦਰ ਸਿੰਘ) ਵਰਗੇ ਸੀਨੀਅਰ ਆਗੂ ਨਾਲ ਏਦਾਂ ਦਾ ਵਿਹਾਰ ਕੀਤਾ ਜਾ ਸਕਦਾ ਹੈ ਤਾਂ ਕਾਂਗਰਸ ਦੇ ਆਮ ਵਰਕਰਾਂ ਨਾਲ ਕੀ ਹੁੰਦਾ ਹੋਵੇਗਾ? ਵਰਨਣ ਯੋਗ ਹੈ ਕਿ ਇਕ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਕਦੇ ਵੀ ਮੁੱਖ ਮੰਤਰੀ ਨਹੀਂ ਬਣਨ ਦੇਣਗੇ।

ਇਸ ਦੌਰਾਨ ਨਹਿਰੂ-ਗਾਂਧੀ ਪਰਿਵਾਰ ਦੀ ਕਰੀਬੀ ਮੰਨੀ ਜਾਂਦੀ ਅੰਬਿਕਾ ਸੋਨੀ ਦੇ ਇੱਕ ਬਿਆਨ ਕਿ ਪੰਜਾਬਵਿੱਚਮੁੱਖ ਮੰਤਰੀ ਪਗੜੀਧਾਰੀ ਸਿੱਖ ਹੀ ਹੋਣਾ ਚਾਹੀਦਾ ਹੈ, ਦੇ ਕਾਰਨ ਮੁੱਖ ਮੰਤਰੀ ਦੀ ਦੌੜ ਤੋਂ ਬਾਹਰ ਹੋਏ ਸੁਨੀਲ ਜਾਖੜ ਦੀ ਨਾਰਾਜ਼ਗੀ ਵੀ ਹਾਈ ਕਮਾਨ ਉੱਤੇ ਭਾਰੀ ਪੈ ਰਹੀ ਹੈ। ਇਹ ਨਾਰਾਜ਼ਗੀ ਏਨੀ ਚੁਭੀ ਹੈ ਕਿ ਇਸੇ ਕਾਰਨ ਬੁੱਧਵਾਰ ਰਾਹੁਲ ਗਾਂਧੀ ਨੇ ਜਾਖੜ ਨੂੰ ਚੰਡੀਗੜ੍ਹ ਏਅਰਪੋਰਟ ਉੱਤੇ ਬੁਲ-ਾਇਆ ਤੇ ਆਪਣੇ ਨਾਲ ਦਿੱਲੀ ਲੈ ਗਏ। ਜਾਣਕਾਰ ਸੂਤਰਾਂ ਮੁਤਾਬਕ ਰਾਹੁਲ ਗਾਂਧੀ ਚਾਹੁੰਦੇ ਹਨ ਕਿ ਜਾਖੜ ਪੰਜਾਬ ਸਰਕਾਰ ਵਿੱਚ ਸ਼ਾਮਲ ਹੋਣ, ਪਰ ਜਾਖੜ ਨੇ ਮਨ੍ਹਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਜਾਖੜ ਕਾਂਗਰਸ ਦੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਅਤੇ ਸੰਗਠਨ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਦੀ ਤਜਵੀਜ਼ ਨੂੰ ਠੁਕਰਾ ਚੁੱਕੇ ਹਨ ਤੇ ਮੰਨਿਆ ਜਾ ਰਿਹਾ ਹੈ ਕਿ ਜਾਖੜ ਦੀ ਨਾਰਾਜ਼ਗੀ ਦੇ ਕਾਰਨ ਵੀ ਕੈਬਨਿਟ ਅਜੇ ਤੱਕ ਨਹੀਂ ਬਣ ਸਕੀ, ਕਿਉਂਕਿ ਪਾਰਟੀ ਹਾਈ ਕਮਾਨ ਚਾਹੁੰਦੀ ਹੈ ਕਿ ਜਾਖੜ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੈਬਨਿਟ ਵਿੱਚ ਸ਼ਾਮਲ ਹੋਣ।

## ਡੀ ਐੱਸ ਪੀਅਤੇ ਗੰਨਮੈਨਾਂ ਵਲੋਂ ਢਾਬੇ ਵਾਲਿਆਂ ਦੀ ਕੁੱਟ ਮਾਰ ਦੀ ਵੀਡੀਓ ਵਾਇਰਲ

* ਢਾਬਾ ਮਾਲਕ ਦੇ ਲੜਕੇ ਦਾ ਹੱਥ ਤੋੜ ਦਿੱਤਾ

ਫਤਹਿਗੜ੍ਹ ਸਾਹਿਬ, 23 ਸਤੰਬਰ, (ਪੋਸਟ ਬਿਊਰੋ)- ਜੀਟੀ ਰੋਡ ਉੱਤੇ ਬਣੇ ਲੁਧਿਆਣਾ ਢਾਬੇ ਉੱਤੇ ਖਾਣਾ ਖਾਣ ਪਿੱਛੋਂ ਬਿੱਲ ਦੇਖ ਕੇ ਭੜਕੇ ਹੋਏ ਫ਼ਤਹਿਗੜ੍ਹ ਸਾਹਿਬ ਦੇ ਡੀ ਐੱਸ ਪੀਤੇ ਉਸ ਗੰਨਮੈਨਾਂ ਵੱਲੋਂ ਢਾਬੇ ਦੇ ਮੁਲਾਜ਼ਮਾਂ ਦੀ ਕੁੱਟ-ਮਾਰ ਕਰਨ ਦੀ ਵੀਡੀਓ ਵਾਇਰਲ ਹੋਈ ਹੈ।ਇਸ ਕੁੱਟ ਨਾਲ ਢਾਬਾ ਮਾਲਕ ਮੁਹੰਮਦ ਸਲੀਮ ਦੇ ਲੜਕੇ ਹਸਨ ਦਾ ਹੱਥ ਟੁੱਟ ਗਿਆ ਹੈ।

ਅੱਜ ਇਸ ਕੇਸ ਬਾਰੇ ਮੁਸਲਿਮ ਭਾਈਚਾਰੇ ਦਾ ਵਫਦ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਸ਼ਾਹੀ ਇਮਾਮ ਲੁਧਿਆਣਾ ਦੇ ਸੈਕਟਰੀ ਦੀ ਅਗਵਾਈ ਵਿੱਚਜ਼ਿਲਾ ਪੁਲਿਸ ਮੁਖੀ ਫਤਹਿਗੜ੍ਹ ਸਾਹਿਬ ਨੂੰ ਮਿਲਿਆ ਤੇ ਪੂਰੀ ਜਾਂਚ ਕਰਕੇ ਸਬੰਧਤ ਡੀ ਐੱਸਪੀ ਅਤੇ ਪੁਲਿਸ ਕਰਮਚਾਰੀਆਂ ਦੇ ਖਿਲਾਫ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਜੇ 5 ਦਿਨ ਅੰਦਰ ਕਾਰਵਾਈ ਨਾ ਕੀਤੀ ਤਾਂ ਉਹ ਇਸ ਦਾ ਵਿਰੋਧ ਕਰਨਗੇ।ਹੋਟਲ ਮਾਲਕ ਮੁਹੰਮਦ ਸਲੀਮ ਦੇ ਮੁਤਾਬਕ ਡੀ ਐੱਸ ਪੀ ਮਨਜੀਤ ਸਿੰਘ ਆਪਣੇ ਗੰਨਮੈਨਾਂ ਅਤੇ ਦੋਸਤਾਂ ਨਾਲ ਰਾਤ ਦਾ ਖਾਣਾ ਖਾਣਾ ਆਏ ਸਨ ਅਤੇ ਖਾਣਾ ਖਾਣ ਪਿੱਛੋਂ ਜਦੋਂ ਵੇਟਰ ਨੇ ਬਿੱਲ ਦਿੱਤਾ ਤਾਂ ਡੀ ਐੱਸ ਪੀਅਤੇ ਉਨ੍ਹਾਂ ਦੇ ਗੰਨਮੈਨਾਂ ਨੇ ਉਸ ਦੀ ਤੇ ਉਸ ਦੇ ਲੜਕੇ ਦੀ ਕੁੱਟ-ਮਾਰ ਸ਼ੁਰੂ ਕਰ ਦਿੱਤੀ ਤੇ ਬਰਤਨ ਵੀ ਤੋੜ ਦਿੱਤੇ।ਇਸ ਕੁੱਟ-ਮਾਰ ਦੌਰਾਨ ਉਸ ਦੇ ਲੜਕੇ ਹਸਨ ਦਾ ਹੱਥ ਟੁੱਟ ਗਿਆਤੇ ਜਦੋਂ ਉਹ ਵੀਡੀਓ ਬਣਾ ਰਹੇ ਸਨ ਤਾਂ ਉਨ੍ਹਾਂ ਨੇ ਵੀਡੀਓ ਬਣਾਉਣ ਤੋਂ ਵੀ ਰੋਕਣ ਦੀ ਕੋਸ਼ਿਸ਼ ਕੀਤੀ।ਇਸ ਪਿੱਛੋਂ ਉਨ੍ਹਾਂ ਨੇ ਪੂਰਾ ਕੇਸ ਸ਼ਾਹੀ ਇਮਾਮ ਦੇ ਧਿਆਨ ਵਿੱਚ ਲਿਆਂਦਾ ਤਾਂ ਸ਼ਾਹੀ ਇਮਾਮ ਦੇ ਸੈਕਟਰੀ ਨੇ ਆਈਜੀ ਰਾਕੇਸ਼ ਅਗਰਵਾਲ ਨਾਲ ਗੱਲ ਕੀਤੀ ਹੈ।

## ਨਵਜੋਤ ਸਿੱਧੂ ਨੂੰ ਝਟਕਾ, ਦੂਸਰੇ ਸਲਾਹਕਾਰ ਪਿਆਰਾ ਲਾਲ ਗਰਗ ਵੱਲੋਂ ਵੀ ਅਸਤੀਫ਼ਾ

* ਇੱਕ ਸਲਾਹਕਾਰ ਮਾਲਵਿੰਦਰ ਮਾਲੀ ਪਹਿਲਾਂ ਹੀ ਛੱਡ ਚੁੱਕੈ

ਚੰਡੀਗੜ੍ਹ, 23 ਸਤੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਤੇ ਫਰੀਦਕੋਟ ਦੀ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ. ਪਿਆਰਾ ਲਾਲ ਗਰਗ ਨੇ ਖ਼ੁਦ ਨੂੰ ਨਵਜੋਤ ਸਿੰਘ ਸਿੱਧੂ ਦਾ ਸਲਾਹਕਾਰ ਲਾਏ ਜਾਣ ਦੀ ਸਹਿਮਤੀ ਵਾਪਸ ਲੈ ਲਈ ਹੈ। ਇਸ ਤੋਂ ਪਹਿਲਾਂ ਵਿਵਾਦਿਤ ਟਿੱਪਣੀ ਕਾਰਨ ਨਵਜੋਤ ਸਿੰਘ ਸਿੱਧੂ ਦੇ ਦੂਸਰੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਇਹ ਅਹੁਦਾ ਛੱਡ ਚੁੱਕੇ ਹਨ। ਡਾ. ਪਿਆਰੇ ਲਾਲ ਗਰਗ ਪ੍ਰਸਿੱਧ ਸਰਜਨ ਅਤੇ ਸਿੱਖਿਆ ਮਾਹਰ ਹਨ। ਉਨ੍ਹਾਂ ਨੇ ਆਪਣੇ ਫ਼ੈਸਲੇ ਤੋਂ ਨਵਜੋਤ ਸਿੰਘਸਿੱਧੂਨੂੰ ਜਾਣੂ ਕਰਵਾ ਦਿੱਤਾ ਹੈ। ਡਾ: ਗਰਗ ਦੇ ਨੇੜਲਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਚਿੱਠੀਲਿਖ ਕੇ ਕਿਹਾ ਹੈ ਕਿ ਨਵਜੋਤ ਸਿੰਘਸਿੱਧੂ ਪੰਜਾਬ ਕਾਂਗਰਸ ਵਿੱਚ ਨਵੇਂ ਵਿਚਾਰ ਲਿਆਉਣ ਵਾਲੇ ਵਿਅਕਤੀ ਹਨ, ਪਰ ਉਨ੍ਹਾਂ ਵਿਰੁੱਧ ਗਲਤ ਖ਼ਬਰਾਂ ਫੈਲਾ ਕੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕੱਢਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਡਾ: ਗਰਗ ਨੇ ਕਿਹਾ ਕਿ ਅਜਿਹੇ ਲੋਕ ਸਿੱਧੂ ਦੇ ਬਹਾਨੇ ਉਨ੍ਹਾਂ ਦੀ ਆਵਾਜ਼ ਵੀ ਦਬਾਉਣਲੱਗੇ ਹੋਏ ਹਨ, ਇਸ ਲਈ ਉਨ੍ਹਾਂ ਨੇ ਜੋ ਸਲਾਹਕਾਰ ਬਣਨ ਦੀ ਸਹਿਮਤੀ ਦਿੱਤੀ ਸੀ, ਉਹ ਵਾਪਸ ਲੈ ਰਹੇ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਨਵਜੋਤ ਸਿੰਘ ਸਿੱਧੂ ਆਪਣੀਆਂ ਗੰਭੀਰ ਯੋਜਨਾਵਾਂ ਉੱਤੇ ਅਮਲ ਕਰਨਦੇ ਲਈ ਕਾਮਯਾਬ ਹੋਣਗੇ। ਪੰਜਾਬ ਦੇ ਹਿੱਤਾਂ, ਮਜ਼ਬੂਤ ਫੈਡਰਲਿਜ਼ਮ ਤੇ ਬਰਾਬਰੀ ਲਈ ਲੰਮੇ ਸਮੇਂ ਤੋਂ ਆਵਾਜ਼ ਉਠਾਉਂਦੇ ਆ ਰਹੇ ਡਾ: ਗਰਗ ਨੇ ਕਿਹਾ ਕਿ ਉਹ ਇਨ੍ਹਾਂ ਮੁੱਦਿਆਂ ਉੱਤੇ ਬੋਲਣਾ ਬੰਦ ਨਹੀਂ ਕਰਨਗੇ।



ਵਰਨਣ ਯੋਗ ਹੈ ਕਿ ਮਾਲਵਿੰ-ਦਰ ਸਿੰਘ ਮਾਲੀ ਅਤੇ ਡਾ: ਪਿਆਰਾ ਲਾਲ ਗਰਗ ਕੁਝ ਵਿਵਾਦਿਤ ਟਿੱਪਣੀਆਂ ਦੇ ਕਾਰਨ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਸਨ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਨੂੰ ਤਲਬ ਕਰਨਾ ਪਿਆ ਸੀ। ਮਾਲਵਿੰਦਰ ਸਿੰਘ ਮਾਲੀ ਪਹਿਲਾਂ ਹੀ ਅਹੁਦਾ ਛੱਡ ਚੁੱਕੇ ਹਨ, ਅੱਜ ਪਿਆਰਾ ਲਾਲ ਗਰਗ ਨੇ ਵੀ ਅਹੁਦਾ ਛੱਡ ਦਿੱਤਾ ਹੈ।

## ਪੰਜਾਬ ਦੀ ਚੀਫ ਸੈਕਟਰੀ ਵਿੰਨੀ ਮਹਾਜਨ ਨੂੰ ਹਟਾ ਕੇ ਅਨਿਰੁੱਧ ਤਿਵਾੜੀ ਨੂੰ ਜ਼ਿੰਮਾ ਸੌਂਪਿਆ

* ਅਤੁਲ ਨੰਦਾ ਦੀ ਥਾਂ ਦੀਪਿੰਦਰ ਪਟਵਾਲੀਆ ਐਡਵੋਕੇਟ ਜਨਰਲ ਬਣਾਏ

ਚੰਡੀਗੜ੍ਹ, 23 ਸਤੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਸ਼ਾਸਨ ਵਿੱਚ ਵੱਡਾ ਫੇਰਬਦਲ ਸ਼ੁਰੂ ਕਰ ਦਿੱਤਾ ਹੈ ਅਤੇ ਵਾਰੀ-ਵਾਰੀ ਕਈ ਅਫਸਰ ਬਦਲੇ ਜਾ ਰਹੇ ਹਨ।

ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਨਵੀਂਆਂ ਨਿਯੁਕਤੀਆਂ ਕਰਨ ਦੀ ਸ਼ੁਰੂਆਤ ਵਜੋਂ ਅੱਜ ਪੰਜਾਬ ਦੇ ਚੀਫਸੈਕਟਰੀ ਦੇ ਅਹੁਦੇ ਤੋਂ ਸ਼੍ਰੀਮਤੀ ਵਿੰਨੀ ਮਹਾਜਨ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਅਨਿਰੁੱਧ ਤਿਵਾੜੀ ਦੀ ਨਿਯੁਕਤੀ ਕਰ ਦਿੱਤੀ ਗਈ ਹੈ।ਅਨਿਰੁੱਧ ਤਿਵਾੜੀ ਨੇ ਅੱਜ ਚੀਫਸੈਕਟਰੀ ਦਫ਼ਤਰ ਪੁੱਜ ਕੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਹਟਾਈ ਗਈ ਵਿੰਨੀ ਮਹਾਜਨ ਹਾਜ਼ਰ ਨਹੀਂ ਸਨ, ਪਰ ਉਹ ਉਨ੍ਹਾਂ ਤੋਂ ਕੁਝ ਸਮਾਂ ਬਾਅਦ ਦਫ਼ਤਰ ਪਹੁੰਚ ਗਏ ਸਨ।



ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਅਨਿਰੁੱਧ ਤਿਵਾੜੀ ਨੂੰ ਵਿੰਨੀ ਮਹਾਜਨ ਦੀ ਥਾਂ ਲਾਏ ਜਾਣ ਵਾਲੇ ਪੱਤਰ ਵਿੱਚ ਵਿੰਨੀ ਮਹਾਜਨ ਦੀ ਅਗਲੀ ਨਿਯੁਕਤੀ ਦੇ ਹੁਕਮ ਬਾਅਦ ਵਿੱਚ ਕਰਨ ਬਾਰੇ ਕਿਹਾ ਗਿਆ ਹੈ।ਵਿੰਨੀ ਮਹਾਜਨ ਇਸ ਅਹੁਦੇ ਉੱਤੇ ਆਉਣ ਤੋਂ ਪਹਿਲਾਂ ਐਡੀਸ਼ਨਲ ਚੀਫ਼ ਸੈਕਟਰੀਹੁੰਦੇ ਸਨ।ਸਾਲ 1990 ਬੈਚ ਦੇ ਆਈਏਐਸ ਅਫਸਰ ਅਨਿਰੁੱਧ ਤਿਵਾੜੀ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਿੱਚ ਕਈ ਅਹਿਮ ਅਹੁਦਿਆਂ ਉੱਤੇ ਰਹਿ ਚੁੱਕੇ ਹਨ।

ਪੰਜਾਬ ਸਰਕਾਰ ਨੇ ਅੱਜ ਇੱਕ ਕੁਝ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਨਵੀਂਆਂ ਨਿਯੁਕਤੀਆਂ ਵੀ ਕੀਤੀਆਂ ਹਨ ਤੇ ਇਸ ਦੌਰਾਨ ਸੀਨੀਅਰ ਆਈਏ ਐਸ ਅਫਸਰ ਵਰੁਣ ਰੂਜਮ ਨੂੰ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ ਹੈ। ਬਾਕੀ ਨਿਯੁਕਤੀਆਂ ਜਲਦੀ ਹੋਣ ਦੀ ਸੰਭਾਵਨਾ ਹੈ।

ਦੂਸਰੇ ਪਾਸੇ ਦੀਪਿੰਦਰ ਪਟਵਾਲੀਆ ਨੂੰ ਪੰਜਾਬ ਸਰਕਾਰ ਦੇ ਨਵੇਂ ਐਡਵੋਕੇਟ ਜਨਰਲ ਲਾਇਆ ਗਿਆ ਹੈ। ਵਰਨਣ ਯੋਗ ਹੈ ਕਿ ਪਿਛਲੇ ਐਡਵੋਕੇਟ ਜਨਰਲ ਅਤੁਲ ਨੰਦਾ ਦੀ ਲਗਭਗ ਹਰ ਮਾਮਲੇ ਵਿੱਚ ਨੁਕਤਾਚੀਨੀ ਹੁੰਦੀ ਸੀ ਤੇ ਕਾਂਗਰਸ ਪਾਰਟੀ ਦੇ ਆਪਣੇ ਕਈ ਮੰਤਰੀਆਂ ਤੇ ਵਿਧਾਇਕਾਂ ਦਾ ਸਾਫ ਕਹਿਣਾ ਸੀ ਕਿ ਉਹ ਸਰਕਾਰ ਦੇ ਕੇਸਾਂ ਦੀ ਪੈਰਵੀ ਪੂਰੀ ਮਿਹਨਤ ਨਾਲ ਨਹੀਂ ਕਰਦੇ ਅਤੇ ਇੱਕ ਪਿੱਛੋਂ ਦੂਸਰਾ ਕੇਸ ਲਗਾਤਾਰ ਹਾਰਦੇ ਜਾਂਦੇ ਹਨ। ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਨੇ ਅਸਤੀਫਾ ਦਿੱਤਾ ਸੀ, ਉਨ੍ਹਾਂ ਦੇ ਭਰੋਸੇਮੰਦ ਗਿਣੇ ਜਾਂਦੇ ਅਤੁਲ ਨੰਦਾ ਵੀ ਓਸੇ ਦਿਨ ਅਸਤੀਫਾ ਦੇ ਗਏ ਸਨ।

## ਬਾਦਲ ਅਕਾਲੀ ਦਲ 29 ਸਤੰਬਰ ਨੂੰ ਨਵੇਂ ਮੁੱਖ ਮੰਤਰੀ ਦੀ ਰਿਹਾਇਸ਼ ਤੱਕ ਰੋਸ ਮਾਰਚ ਕੱਢੇਗਾ

ਚੰਡੀਗੜ੍ਹ, 23 ਸਤੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਅੱਜ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੇ ਉਨ੍ਹਾਂ 2 ਲੱਖ ਕਿਸਾਨਾਂ ਵਾਸਤੇ ਨਿਆਂ ਲੈਣ ਦਾ ਸੰਘਰਸ਼ ਛੇੜੇਗਾ, ਜਿਨ੍ਹਾਂ ਦੀਆਂ ਜ਼ਮੀਨਾਂ ਕਾਂਗਰਸ ਸਰਕਾਰ 'ਭਾਰਤ ਮਾਲਾ ਪ੍ਰਾਜੈਕਟ' ਹੇਠ 19 ਜ਼ਿਲਿਆਂ ਵਿਚ ਕੌਡੀਆਂ ਦੇ ਭਾਅ ਐਕਵਾਇਰ ਕਰ ਰਹੀ ਹੈ।ਪਾਰਟੀ ਇਨ੍ਹਾਂ ਪ੍ਰਭਾਵਿਤ ਕਿਸਾਨੇ ਲਈ ਨਿਆਂ ਲੇਣ ਵਾਸਤੇ 29 ਸਤੰਬਰ ਨੂੰ ਮੋਹਾਲੀ ਤੋਂ ਚੰਡੀਗੜ੍ਹ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਰਿਹਾਇਸ਼ ਤਕ ਰੋਸ ਮਾਰਚ ਕਰੇਗੀ।



ਇਸ ਸੰਬੰਧ ਵਿੱਚ ਪਾਰਟੀ ਨੇ ਕਿਹਾ ਹੈ ਕਿ 29 ਮਾਰਚ ਨੂੰ ਰੋਸ ਮਾਰਚ ਦੇ ਪਹਿਲਾਂ ਅਕਾਲੀ ਦਲ ਦੇ ਵਫ਼ਦ ਵੱਲੋਂ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰ ਕੇ ਪ੍ਰਭਾਵਿਤ ਕਿਸਾਨਾਂ ਨੂੰ ਢੁੱਕਵੇਂ ਮੁਆਵਜ਼ੇ ਦੀ ਮੰਗ ਲਈ ਮੰਗ ਪੱਤਰ ਦਿੱਤਾ ਜਾਵੇਗਾ। ਇਹ ਫ਼ੈਸਲੇ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੀਨੀਅਰ ਆਗੂਆਂ ਨੇ ਪੰਜਾਬ ਪ੍ਰਦੇਸ਼ ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਵਿੱਚ ਲਏ ਹਨ।ਪੰਜਾਬ ਪ੍ਰਦੇਸ਼ ਰੋਡ ਕਿਸਾਨ ਸੰਘਰਸ਼ ਕਮੇਟੀ ਪ੍ਰਭਾਵਿਤ ਕਿਸਾਨਾਂ ਲਈ ਨਿਆਂ ਹਾਸਲ ਕਰਨ ਵਾਸਤੇ ਮੁਹਿੰਮ ਦੀ ਅਗਵਾਈ ਕਰ ਰਹੀ ਹੈ।

ਅੱਜ ਏਥੇ ਅਕਾਲੀ ਲੀਡਰਸ਼ਿਪ ਅਤੇਪੰਜਾਬ ਪ੍ਰਦੇਸ਼ ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਕਾਂਗਰਸ ਸਰਕਾਰ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਐਕਵਾਇਰ ਕਰਨਾ ਚਾਹੁੰਦੀ ਹੈ, ਜਿਸ ਅਧੀਨ ਪੇਂਡੂ ਖੇਤਰ ਵਿਚ 30 ਲੱਖ ਰੁਪਏ ਏਕੜ ਤੇ ਸ਼ਹਿਰੀ ਖੇਤਰ ਵਿੱਚ 70 ਲੱਖ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਜਦ ਕਿ ਇਹ ਪੇਂਡੂ ਖੇਤਰ ਲਈ 1 ਕਰੋੜ ਰੁਪਏਏਕੜ ਅਤੇ ਸ਼ਹਿਰੀ ਖੇਤਰ ਲਈ 3 ਤੋਂ 5 ਕਰੋੜ ਰੁਪਏ ਏਕੜ ਚਾਹੀਦਾ ਹੈ। ਕਮੇਟੀ ਮੈਂਬਰਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਜਾਣ-ਬੁੱਝ ਕੇ ਜ਼ਮੀਨ ਦੀ ਘੱਟ ਕੀਮਤ ਦੇ ਰਹੀ ਹੈ ਤੇ ਕਿਸਾਨਾਂ ਨੂੰ 100 ਫੀਸਦੀ ਸੋਲੇਸ਼ੀਅਮ ਤੇ ਇੰਨਾਂ ਹੀ ਵਾਧੂ ਮੁਆਵਜ਼ਾ ਜੋੜਨ ਦੇ ਬਾਵਜੂਦ ਢੁੱਕਵੀਂ ਕੀਮਤ ਨਹੀਂ ਮਿਲਦੀ। ਸੁਖਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਇੱਕ ਸਾਲ ਪਹਿਲਾਂ ਪਿੰਡ ਸੰਤੋਖਪੁਰਾ ਦੀ ਜ਼ਮੀਨ ਸਾਢੇ 19 ਲੱਖ ਰੁਪਏ ਏਕੜ ਦੇ ਹਿਸਾਬ ਐਕਵਾਇਰ ਹੋਈ, ਮੋਹਾਲੀ ਵਿਚ ਸ਼ਤਾਪਤਪੁਰਾ ਦੇ ਕਿਸਾਨਾਂ ਨੂੰ 9 ਕਰੋੜ ਰੁਪਏ ਏਕੜ ਤੱਕ ਮੁਆਵਜ਼ਾ ਮਿਲਿਆ ਤੇ ਅਗਲੇ ਪਿੰਡ ਬਾਕਰਪੁਰ ਵਿਚ 5.75 ਕਰੋੜ ਰੁਪਏ ਏਕੜ ਤੇ ਅਗਲੇ ਪਿੰਡ ਪਰਾਗਪੁਰ ਵਿਚ ਮਸਾਂ 29 ਲੱਖ ਰੁਪਏ ਏਕੜ ਦਿੱਤਾ ਹੈ। ਕਮੇਟੀ ਨੇ ਦੱਸਿਆ ਕਿ ਪ੍ਰਾਜੈਕਟ ਲਈ 25 ਹਜ਼ਾਰ ਏਕੜ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ ਅਤੇ ਇਸ ਕਾਰਨ ਪਹੁੰਚ ਮਾਰਗ ਤੇ ਸਿੰਜਾਈ ਸਹੂਲਤਾਂ ਨਾ ਹੋਣ ਕਾਰਨ 75 ਹਜ਼ਾਰ ਏਕੜ ਜ਼ਮੀਨ ਵਰਤੋਂ ਤੋਂ ਵਾਂਝੀ ਹੋ ਜਾਵੇਗੀ। ਇਸ ਦੌਰਾਨ 3 ਹਜਾਰ ਘਰ ਢਾਹੇ ਜਾਣਗੇ ਅਤੇ ਇਸ ਪ੍ਰਾਜੈਕਟ ਹੇਠ 1 ਕਰੋੜ ਰੁੱਖ ਵੱਢੇ ਜਾਣਗੇ ਤੇ ਸੈਂਕੜੇ ਫੈਕਟਰੀਆਂ, ਸ਼ੈਲਰ, ਪੋਲਟਰੀ ਫਾਰਮ, ਇੱਟਾਂ ਦੇ ਭੱਠੇ ਅਤੇ ਡੇਅਰੀ ਫਾਰਮ ਉਜੜ ਜਾਣਗੇ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਉਨ੍ਹਾਂ ਦੀ ਪਿਛਲੀ ਸਰਕਾਰ ਨੇ ਕਿਸਾਨਾਂ ਨੂੰ ਡੇਢ ਕਰੋੜ ਤੋਂ ਲੈ ਕੇ 6 ਕਰੋੜ ਰੁਪਏ ਰੁਪਏ ਏਕੜ ਤੱਕ ਮੁਆਵਜ਼ਾ ਦਿੱਤਾ ਸੀ। ਉਨ੍ਹਾਂ ਨੇ ਕਮੇਟੀ ਨੂੰ ਭਰੋਸਾ ਦਿੱਤਾ ਕਿ ਅਕਾਲੀ ਦਲ ਉਨ੍ਹਾਂ ਦਾ ਮਸਲਾ ਜ਼ੋਰ-ਸ਼ੋਰ ਨਾਲ ਚੁੱਕੇਗਾ ਤੇ ਸਰਕਾਰ ਨੂੰ ਕਿਸਾਨਾਂ ਨੂੰ ਨਿਆਂ ਦੇਣ ਲਈ ਮਜ਼ਬੂਰ ਕਰੇਗਾ। ਉਨ੍ਹਾਂ ਕਮੇਟੀ ਮੈਂਬਰਾਂ ਅਤੇ ਪ੍ਰਭਾਵਿਤ ਕਿਸਾਨਾ ਨੂੰ ਅਪੀਲ ਕੀਤੀ ਕਿ 29 ਸਤੰਬਰ ਨੂੰ ਕੱਢੇ ਜਾਣ ਵਾਲੇ ਰੋਸ ਮਾਰਚ ਵਿਚ ਸ਼ਾਮਲ ਹੋਣ।

## ਅਯੁੱਧਿਆ ਵਿੱਚ ਰਾਮ-ਜਾਨਕੀ ਮੰਦਰ ਵਿੱਚ ਤੀਜੀ ਵਾਰ ਕਰੋੜਾਂ ਦੀ ਚੋਰੀ

* ਚੋਰ ਕਰੋੜਾਂ ਦੀ ਕੀਮਤ ਦੀਆਂ ਪੁਰਾਤਨ ਮੂਰਤੀਆਂ ਲੈ ਗਏ

ਲਖਨਊ, 23 ਸਤੰਬਰ, (ਪੋਸਟ ਬਿਊਰੋ)- ਅਯੁੱਧਿਆ ਦੇ ਇੱਕ ਪ੍ਰਾਚੀਨ ਮੰਦਰ ਤੋਂ ਮੂਰਤੀਆਂ ਚੋਰੀ ਹੋਣ ਦੀ ਘਟਨਾ ਵਾਪਰਨ ਦਾ ਪਤਾ ਲੱਗਾ ਹੈ।ਇਸ ਬਾਰੇ ਹੈਦਰਗੰਜ ਥਾਣਾ ਖੇਤਰਦੇ ਖਪਰਾਦੀਹ ਰਾਜ ਦੇ ਰਾਮ-ਜਾਨਕੀ ਮੰਦਰ ਦੀ ਚੋਰੀ ਦਾ ਕੇਸ ਦਰਜ ਕੀਤਾ ਗਿਆ ਹੈ। ਚੋਰਾਂ ਨੇ ਰਾਮ-ਜਾਨਕੀ ਮੰਦਰ ਤੋਂ ਅਸ਼ਟ-ਧਾਤੂ ਦੀਆਂ 9 ਵੱਡੀਆਂ ਅਤੇ ਛੋਟੀਆਂ ਮੂਰਤੀਆਂ ਚੋਰੀ ਕੀਤੀਆਂ ਹਨ।ਇਹ ਸਾਰੀਆਂ ਮੂਰਤੀਆਂ ਬਹੁਤ ਪੁਰਾਣੀਆਂ ਹਨ ਅਤੇ ਇਨ੍ਹਾਂ ਦੀ ਕੀਮਤ ਕਰੋੜਾਂ ਰੁਪਏ ਦੱਸੀ ਜਾਂਦੀ ਹੈ।

ਸਾਰੇ ਸੰਸਾਰ ਦੀਆਂ ਨਜ਼ਰਾਂ ਦੇ ਕੇਂਦਰ ਇਸ ਸ਼ਹਿਰ ਦੇ ਇੱਕ ਪ੍ਰਾਚੀਨ ਮੰਦਰ ਵਿੱਚ ਇਸ ਘਟਨਾ ਦੀ ਜਾਣਕਾਰੀ ਮਿਲਦੇ ਸਾਰ ਪੁਲਿਸ ਨੇ ਫੌਰੈਂਸਿਕ ਟੀਮ ਅਤੇ ਡੌਗ ਸਕੁਆਡ ਦੀ ਮਦਦ ਨਾਲ ਜਾਂਚ ਕੀਤੀ ਅਤੇ ਕਰਾਈਮ ਬ੍ਰਾਂਚ ਦੀ ਟੀਮ ਨੇ ਵੀ ਮੌਕੇ ਉੱਤੇਆ ਕੇ ਜਾਂਚ ਕੀਤੀ ਹੈ। ਚੋਰਾਂ ਨੇ ਰਾਮ-ਜਾਨਕੀ ਮੰਦਰ ਤੋਂ ਕੁੱਲ ਨੌਂ ਪੁਰਾਤਨ ਕੀਮਤੀ ਮੂਰਤੀਆਂ ਚੋਰੀ ਕੀਤੀਆਂ ਹਨ, ਪਰ ਇਸ ਦੌਰਾਨ ਘਬਰਾਹਟ ਵਿੱਚ ਉਹ ਮੰਦਰ ਦੇ ਵਿਹੜੇ ਵਿੱਚਢਾਈ ਇੰਚ ਦੀ ਛੋਟੀ ਮੂਰਤੀ ਛੱਡ ਗਏ, ਜਿਸਦੀ ਜਾਂਚ ਤੋਂ ਪੁਲਸ ਅਗਲੇ ਕਦਮ ਪੁੱਟ ਰਹੀ ਹੈ। ਮੰਦਰ ਦੇ ਪੁਜਾਰੀ ਸੌਭਨਾਥ ਤਿਵਾਰੀ ਨੇ ਦੱਸਿਆ ਕਿ ਚੋਰੀ ਹੋਈਆਂ ਮੂਰਤੀਆਂਵਿੱਚ ਭਗਵਾਨ ਰਾਮ, ਮਾਤਾ ਸੀਤਾ, ਹਨੂੰਮਾਨ, ਕ੍ਰਿਸ਼ਨ ਤੇ ਹੋਰ ਦੇਵਤਿਆਂ ਦੀਆਂ ਮੂਰਤੀਆਂ ਸ਼ਾਮਲ ਹਨ।ਰਾਮ-ਜਾਨਕੀ ਮੰਦਰ ਵਿੱਚ ਚੋਰੀ ਦੀ ਇਹ ਤੀਸਰੀ ਘਟਨਾ ਹੈ। ਇਸ ਤੋਂ ਪਹਿਲਾਂ ਵੀ ਦੋ ਵਾਰ ਅਸ਼ਟ-ਧਾਤੂ ਦੀਆਂ ਕੀਮਤੀ ਮੂਰਤੀਆਂ ਚੋਰੀ ਹੋਈਆਂ ਸਨ ਤੇ ਕਰੀਬ 15 ਸਾਲ ਪਹਿਲਾਂ ਵੀ ਇਸ ਮੰਦਰ ਦੇ ਵਿਹੜੇ ਵਿੱਚੋਂ ਰਾਮ, ਜਾਨਕੀ, ਲਕਸ਼ਮਣ ਅਤੇ ਹਨੂੰਮਾਨ ਜੀ ਦੀਆਂ ਇੱਕ ਫੁੱਟ ਉੱਚੀਆਂ ਅਸ਼ਟ-ਧਾਤੂ ਦੀਆਂ ਮੂਰਤੀਆਂ ਚੋਰੀ ਹੋਈਆਂ ਸਨ, ਜਿਹੜੀਆਂ ਅੱਜ ਤੱਕ ਲੱਭ ਨਹੀਂ ਸਨ ਸਕੀਆਂ।



## ਕੋਰੋਨਾ ਪਾਬੰਦੀਆਂ ਦੌਰਾਨ ਪ੍ਰਦਰਸ਼ਨ ਦੇ ਮਾਮਲੇ ਵਿੱਚ ਵਿਧਾਇਕ ਬੈਂਸ ਦੇ ਵਾਰੰਟ ਜਾਰੀ

ਲੁਧਿਆਣਾ, 23 ਸਤੰਬਰ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਦੌਰਾਨ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੁਲਸ ਕਮਿਸ਼ਨਰ ਦਫ਼ਤਰ ਅੱਗੇ ਕੀਤੇ ਪ੍ਰਦਰਸ਼ਨ ਬਦਲੇ ਅਦਾਲਤ ਨੇ ਬੈਂਸ ਅਤੇ ਹੋਰਾਂ ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਲੋਕ ਇਨਸਾਫ਼ ਪਾਰਟੀ ਦੇ ਆਗੂ ਗਗਨਦੀਪ ਸਿੰਘ ਸੰਨੀ ਕੈਂਥ ਅਤੇ ਰਵਨੀਤ ਸਿੰਘ ਬਿੱਟੂ ਦੇ ਸਮਰਥਕਾਂ ਵਿਚਾਲੇ ਲੜਾਈ ਹੋਣ ਪਿੱਛੋਂ ਸੰਨੀ ਕੈਂਥ ਵੱਲੋਂ ਕਾਂਗਰਸੀ ਵਰਕਰਾਂ ਉੱਤੇ ਉਨ੍ਹਾਂ ਦੀ ਦਸਤਾਰ ਉਤਾਰਨ ਦਾ ਦੋਸ਼ ਲਾਇਆ ਸੀ। ਕਾਂਗਰਸੀ ਵਰਕਰਾਂ ਤੇ ਆਗੂਆਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਸਾਥੀਆਂ ਨੇ ਪੁਲਸ ਕਮਿਸ਼ਨਰ ਦਫ਼ਤਰ ਅੱਗੇ ਧਰਨਾ ਦਿੱਤਾ ਸੀ। ਉਸ ਵੇਲੇ ਪੰਜਾਬ ਸਰਕਾਰ ਵੱਲੋਂ ਕੋਰੋਨਾ ਦੇ ਕਾਰਨ ਪਾਬੰਦੀਆਂ ਲਾਈਆਂ ਹੋਈਆਂ ਸਨ, ਜਿਸ ਕਾਰਨ ਵਿਧਾਇਕ ਬੈਂਸ, ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ, ਸੰਨੀ ਕੈਂਥ ਤੇ ਹੋਰ ਆਗੂਆਂ ਤੇ ਵਰਕਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਵਿੱਚ ਪਹਿਲਾਂ ਵਿਧਾਇਕ ਬੈਂਸ ਨੂੰ ਪੇਸ਼ ਹੋਣ ਲਈ ਸੰਮਨ ਭੇਜੇ ਗਏ, ਪਰ ਉਹ ਪੇਸ਼ ਨਹੀਂ ਹੋਏ। ਉਸ ਤੋਂ ਬਾਅਦ ਉਨ੍ਹਾਂ ਦੇ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ, ਫਿਰ ਵੀ ਜਦੋਂ ਵਿਧਾਇਕ ਬੈਂਸ ਅਦਾਲਤ ਵਿੱਚ ਪੇਸ਼ ਨਾ ਹੋਏ ਤਾਂ ਅਦਾਲਤ ਵੱਲੋਂ ਵਿਧਾਇਕ ਬੈਂਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਅਗਲੀ ਸੁਣਵਾਈ ਪੰਜ ਅਕਤੂਬਰ ਨੂੰ ਹੋਵੇਗੀ।











# ਸੰਪਾਦਕੀ

## 2021 ਚੋਣਾਂ – ਪਰਵਾਸੀਆਂ ਅਤੇ ਸਫੈਦ ਕੈਨੇਡੀਅਨਾਂ ਦਰਮਿਆਨ ਫਾਸਲਾ

ਪੀਪਲਜ਼ ਪਾਰਟੀ ਆਫ਼ ਕੈਨੇਡਾ ਦੇ ਲੀਡਰ ਮੈਕਸਿਮ ਬਰਨੀਏ ਦਾ ਪਰਸੋਂ ਇੱਕ ਟਵੀਟ ਆਇਆ ਜਿਸ ਵਿੱਚ ਉਸਨੇ ਹਾਲ ਵਿੱਚ ਹੋਈਆਂ ਚੋਣਾਂ ਦਾ ਸਵੈ ਦੇ ਪਰੀਪੇਖ ਤੋਂ ਨਿਚੋੜ ਪੇਸ਼ ਕੀਤਾ। ਬਰਨੀਏ ਦੇ ਵਿਸ਼ਲੇਸ਼ਣ ਦਾ ਸਿੱਟਾ ਕੁੱਝ ਇੰਝ ਸੀ। ਜਸਟਿਨ ਟਰੂਡੋ ਨੇ ਪਬਲਿਕ ਦੇ 600 ਮਿਲੀਅਨ ਡਾਲਰ ਮਿੱਟੀ ਵਿੱਚ ਰੋਲੇ ਪਰ ਬਹੁਮਤ ਹਾਸਲ ਨਹੀਂ ਹੋਇਆ। ਐਰਿਨ ਓ ਟੂਲ ਨੇ (ਕੰਜ਼ਰਵੇਟਿਵ ਚੋਲਾ ਲਾਹ ਕੇ) ਐਂਡਰੀਊ ਸ਼ੀਅਰ ਨਾਲੋਂ ਵੀ ਵਧੇਰੇ ਖੱਬੇ ਪੱਖੀ ਰੁਖ ਅਖਤਿਆਰ ਕੀਤਾ ਤਾਂ ਵੀ ਮੂੰਹ ਦੀ ਖਾਧੀ। ਗਰੀਨ ਪਾਰਟੀ ਮਿੱਟੀ ਵਿੱਚ ਮਿਲ ਗਈ ਅਤੇ ਬਲਾਕ ਕਿਊਬਕੋਆ ਅਤੇ 'ਐਨ ਡੀ ਪੀ' ਦੀ ਸਥਿਤੀ 'ਜੈਸੀ ਕੀ ਵੈਸੀ' ਹੀ ਰਹੀ। ਉਸ ਮੁਤਾਬਕ ਇਹਨਾਂ ਚੋਣਾਂ ਵਿੱਚ ਇੱਕੋ ਇੱਕ ਅਸਲੀ ਜੇਤੂ ਪੀਪਲਜ਼ ਪਾਰਟੀ ਆਫ ਕੈਨੇਡਾ ਰਹੀ ਜਿਸਦੀ ਵੋਟ ਪ੍ਰਤੀਸ਼ਸ਼ਤਾ ਵਿੱਚ ਤਿੰਨ ਗੁਣਾ ਵਾਧਾ ਹੋਇਆ।

ਇੱਕ ਗੱਲ ਜੋ ਬਰਨੀਏ ਜਾਣ ਬੁੱਝ ਕੇ ਅੱਖੋਂ ਉਹਲੇ ਕਰ ਗਿਆ ਜਾਪਦਾ ਹੈ ਕਿ ਲਿਬਰਲ ਪਾਰਟੀ ਸਿਰਫ਼ ਅਤੇ ਸਿਰਫ਼ ਪਰਵਾਸੀਆਂ ਦੀਆਂ ਵੋਟਾਂ ਸਦਕਾ ਹਾਰ ਕੇ ਵੀ ਜਿੱਤ ਗਈ। ਇਹ ਸਿਹਰਾ ਪਰਵਾਸੀਆਂ ਦੇ ਲਿਬਰਲ ਪਾਰਟੀ ਵਿੱਚ ਅੰਨ੍ਹੇ ਵਿਸ਼ਵਾਸ਼ ਨੂੰ ਜਾਂਦਾ ਹੈ ਕਿ ਲਿਬਰਲਾਂ ਦੀ ਹਾਰ ਵੀ ਜਿੱਤ ਸਾਬਤ ਹੋਈ ਹੈ ਅਤੇ ਕੰਜ਼ਰਵੇਟਿਵ ਪਾਰਟੀ ਦੀ ਜਿੱਤ ਵੀ ਹਾਰ। 44ਵੀਂਆਂ ਪਾਰਲੀਮਾਨੀ ਚੋਣਾਂ ਵਿੱਚ ਲਿਬਰਲਾਂ ਨੇ ਕੁੱਲ ਵੋਟਾਂ ਦਾ 33% ਹਿੱਸਾ ਪ੍ਰਾਪਤ ਕਰਕੇ (159 ਸੀਟਾਂ) ਸੱਤਾ ਹਾਸਲ ਕੀਤੀ ਹੈ ਜਦੋਂ ਕਿ ਕੰਜ਼ਰਵੇਟਿਵ 34% ਨਾਲ 119 ਸੀਟਾਂ ਜਿੱਤ ਕੇ ਸੱਤਾ ਤੋਂ ਬਾਹਰ ਹਨ।

ਅੰਗਰੇਜ਼ੀ ਦੀ ਇੱਕ ਕਹਾਵਤ ' there is many a slip between the cup and the lip ਹੈ ਜਿਸਦਾ ਮੋਟਾ ਮਾਅਨਾ ਹੈ ਕਿ ਹਕੀਕਤ ਅਤੇ ਸੁਫ਼ਨੇ ਵਿੱਚ ਹਾਲੇ ਦੂਰੀ ਬਣੀ ਹੋਈ ਹੈ। ਇਸ ਕਹਾਵਤ ਦੇ ਅਰਥ ਚੋਣ ਨਤੀਜਿਆਂ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਤੋਂ ਵੱਧ ਕਿਸੇ ਹੋਰ ਨੂੰ ਸਮਝ ਨਹੀਂ ਆਏ ਹੋਣਗੇ। ਐਂਡਰੀਊ ਸ਼ੀਅਰ (2019) ਅਤੇ ਐਰਿਨ ਓ ਟੂਲ (2021) ਅਤੇ ਇਹਨਾਂ ਲੀਡਰਾਂ ਦੇ ਭੱਵਿਖ ਵਿੱਚ ਆਉਣ ਵਾਲੇ ਵਾਰਸਾਂ ਨੂੰ ਇਹ ਗੱਲ ਪੱਲੇ ਬੰਨਣੀ ਪਵੇਗੀ ਕਿ ਪਰਵਾਸੀਆਂ ਨਾਲ 'ਦਾਲ ਰੋਟੀ' ਸਾਂਝੇ ਕੀਤੇ ਬਿਨਾ ਸੱਤਾ ਦਾ ਸੁਖ ਮਾਨਣ ਸੰਭਵ ਨਹੀਂ ਹੈ। ਸਟੀਫ਼ਨ ਹਾਰਪਰ ਨੂੰ ਇਹ ਗੱਲ ਐਸੀ ਸਮਝ ਪਈ ਸੀ ਕਿ ਉਸਨੇ ਜੇਸਨ ਕੈਨੀ ਨੂੰ ਸਿੱਖਾਂ, ਮੁਸਲਮਾਨਾਂ, ਚੀਨੀਆਂ ਅਤੇ ਹੋਰ ਪਰਵਾਸੀ ਗੁੱਟਾਂ ਨਾਲ ਘਿਉ ਖਿਚੜੀ ਹੋਣ ਲਈ 'ਦਿਨ ਰਾਤ ਇੱਕ' ਕਰਨ ਵਾਸਤੇ ਅਥਾਹ ਸ਼ਕਤੀਆਂ ਦਿੱਤੀਆਂ ਸਨ। ਜਿਉਂ ਹੀ ਕੈਨੀ ਦੀ ਇੰਮੀਗਰੇਸ਼ਨ ਵਿਭਾਗ ਤੋਂ ਛੁੱਟੀ ਕਰਵਾਈ ਗਈ, ਕੰਜ਼ਰਵੇਟਿਵਾਂ ਦਾ ਪਰਵਾਸੀਆਂ ਨਾਲ ਮੁੜ ਚੰਗੇਰਾ ਸਬੰਧ ਨਹੀਂ ਬਣ ਸਕਿਆ। 2019 ਅਤੇ 2021 ਦੇ ਚੋਣ ਨਤੀਜੇ ਇਸ ਕੌੜੀ ਹਕੀਕਤ ਦਾ ਸ਼ੀਸ਼ਾ ਵਿਖਾਉਣ ਲਈ ਕਾਫੀ ਹਨ।

ਜੇ ਚੋਣਾਂ ਦੇ ਨਤੀਜੇ ਨੰਬਰਾਂ ਦੀ ਖੇਡ ਹਨ ਤਾਂ ਕੈਨੇਡੀਅਨ ਸਿਆਸਤ ਵਿੱਚ ਪਰਵਾਸੀ ਇਸ ਖੇਡ ਦੇ ਮੋਹਰੀ ਖਿਡਾਰੀ ਹਨ। ਪਰਵਾਸੀਆਂ ਤੱਕ ਪਹੁੰਚ ਬਣਾਉਣ ਲਈ ਸਿਆਸੀ ਪਾਰਟੀਆਂ ਨੂੰ ਉਹਨਾਂ ਦੀ ਮਾਨਸਿਕਤਾ ਨੂੰ ਸਮਝਣਾ ਹੋਵੇਗਾ। ਐਨ ਡੀ ਪੀ ਲੀਡਰ ਜਗਮੀਤ ਸਿੰਘ ਇਸਦੀ ਇੱਕ ਜਿਉਂਦੀ ਜਾਗਦੀ ਤਸਵੀਰ ਹਨ। 'ਐਨ ਡੀ ਪੀ' ਲੀਡਰਸ਼ਿੱਪ ਚੋਣ ਨੂੰ ਉਹ ਸਿੱਖ ਮਾਨਸਿਕਤਾ ਦੀ ਗਹਿਰੀ ਸਮਝ ਸਦਕਾ ਜਿੱਤ ਸਕਿਆ ਸੀ ਜਿਸਦਾ ਮੁੱਲ ਸਿੱਖਾਂ ਨੇ ਧਨ ਅਤੇ ਮਨ ਰਾਹੀਂ ਸਮਰੱਥਨ ਦੇ ਕੇ ਮੋੜਿਆ ਸੀ। ਬਾਅਦ ਵਿੱਚ ਪਾਰਟੀ ਸਿਆਸਤ ਦੀਆਂ ਰਮਜ਼ਾਂ ਦੀ ਗੁੱਥੀ ਸੁਲਝਾਉਣ ਵਿੱਚ ਸ਼ਾਇਦ ਜਗਮੀਤ ਸਿੰਘ ਅਜਿਹਾ ਉਲਝਿਆ ਕਿ ਸਿੱਖਾਂ ਵੋਟਰਾਂ ਨਾਲ ਐਨ ਡੀ ਪੀ ਦੀ ਭਾਵਨਾਤਮਿਕ ਸਾਂਝ ਨਹੀਂ ਬਣ ਪਾਈ। ਸਿੱਟੇ ਵਜੋਂ ਐਨ ਡੀ ਪੀ ਉਸਦੇ ਆਪਣੇ ਪੈਤਰੀ ਇਲਾਕੇ ਬਰੈਂਪਟਨ ਵਿੱਚੋਂ ਵੀ ਕੋਈ ਸੀਟ ਨਹੀਂ ਜਿੱਤ ਸਕੀ। ਜਦੋਂ ਤੱਕ 'ਐਨ ਡੀ ਪੀ' ਅਤੇ ਕੰਜ਼ਰਵੇਟਿਵ ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਸਰੀ, ਵੈਨਕੂਵਰ ਆਦਿ ਵਿੱਚ ਫੈਲੇ ਲਿਬਰਲਾਂ ਦੇ ਕਿਲੇ ਵਿੱਚ ਛੇਕ ਨਹੀਂ ਕਰ ਪਾਉਣਗੇ, ਉਦੋਂ ਤੱਕ ਕੈਨੇਡੀਅਨ ਸਿਆਸਤ ਦੇ ਅਸਲੀ ਸਿਆਸੀ ਮੁਕਾ-ਬਲੇ ਆਰੰਭ ਨਹੀਂ ਹੋ ਸੱਕਣਗੇ।

44ਵੀਂ ਪਾਰਲੀਮੈਂਟ ਵਿੱਚ ਕੰਜ਼ਰਵੇਟਿਵ ਪਾਰਟੀ ਦੇ 95% ਐਮ ਪੀ ਸਫੈਦ ਕੈਨੇਡੀਅਨ ਹਨ ਭਾਵ ਇਸਦੇ 119 ਐਮ ਪੀਆਂ ਵਿੱਚੋਂ ਸਿਰਫ਼ 7 ਐਮ ਪੀ ਨਸਲੀ ਵਿਭਿੰਨਤਾ ਦੀ ਨੁਮਾਇੰਦਗੀ ਕਰਦੇ ਹਨ। ਇਹਨਾਂ ਵਿੱਚ ਦੋ ਸਿੱਖ ਐਮ ਪੀ ਟਿਮ ਉੱਪਲ ਅਤੇ ਜਸਜੀਤ ਹਲੱਣ ਅਤੇ ਇੱਕ ਮੂਲਵਾਸੀ (ਮੀਟੀਜ਼) ਮਾਰਕ ਡਾਲਟਨ, ਇੱਕ ਮਿਸਰ ਮੂਲ ਦਾ ਅਲੈਨ ਰੇਅਜ਼, ਇੱਕ ਚੀਨੀ ਮੂਲ ਦੀ ਮਾਈਕਲ ਚੌਂਗ, ਇੱਕ ਮੁਸਲਮਾਨ ਜ਼ਿਆਦ ਅਬੂਲਤੈਫ ਹਨ। ਕੀ ਇਹਨਾਂ 7 ਟੋਟਰੂਆਂ ਦੀ ਮੌਜੂਦਗੀ ਕੰਜ਼ਰਵੇਟਿਵਾਂ ਲਈ ਚੇਤਾਵਨੀ ਨਹੀਂ ਹੈ?

ਪਰਵਾਸੀਆਂ ਨੂੰ ਆਪਣੇ ਖੇਮੇ ਨਾਲ ਜੋੜਨ ਵਿੱਚ ਪੈਸੇ ਦੇ ਰੋਲ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸੀ.ਬੀ.ਸੀ. ਦੁਆਰਾ ਕੀਤੇ ਗਏ ਇੱਕ ਅਧਿਐਨ ਅਨੁਸਾਰ 2015 ਅਤੇ 2019 ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੇ ਸਫੈਦ ਉਮੀਦਵਾਰਾਂ ਨੂੰ ਅਜਿਹੀਆਂ ਰਾਈਡਿੰਗਾਂ ਅਲਾਟ ਕੀਤੀਆਂ ਜਿੱਥੇ ਘੱਟ ਪੈਸੇ ਨਾਲ ਜਿੱਤਿਆ ਜਾ ਸਕਦਾ ਹੈ। 2021 ਦੇ ਅੰਕੜੇ ਹਾਲੇ ਉਪਲਬਧ ਨਹੀਂ ਹਨ। ਪਰਵਾਸੀਆਂ ਦੇ ਗੜ੍ਹ ਵਾਲੀਆਂ ਰਾਈਡਿੰਗਾਂ ਵਿੱਚੋਂ ਜਿੱਤਣਾ ਹੁਣ ਪੈਸੇ ਦੀ ਖੇਡ ਬਣ ਚੁੱਕਾ ਹੈ। ਬਰੈਂਪਟਨ ਤੋਂ ਐਮ ਪੀ ਰਹਿ ਚੁੱਕੇ ਕਾਇਲ ਸੀਬੈਕ ਦਾ ਹਾਲਟਨ ਹਿੱਲਜ਼-ਕੈਲੀਡਾਨ ਪਰਵਾਸ ਕਰ ਜਾਣਾ ਇਸ ਕੌੜੀ ਵੱਲ ਇਸ਼ਾਰਾ ਮਾਤਰ ਹੈ।

## ਰਾਸ਼ਟਰੀ ਸਿੱਖ ਸੰਗਤ ਦੇ ਰੁਲਦਾ ਸਿੰਘ ਕੇਸ ਵਿੱਚ ਲੰਡਨ ਕੋਰਟ ਦਾ ਭਾਰਤ ਨੂੰ ਝਟਕਾ

ਲੰਡਨ, 23 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਬ੍ਰਿਟੇਨ ਤੋਂ ਤਿੰਨ ਸਿੱਖ ਨੌਜਵਾਨਾਂ ਦੀ ਭਾਰਤ ਹਵਾਲਗੀ ਵਾਲਾ ਕੇਸ ਅਦਾਲਤ ਵੱਲੋਂ ਰੱਦ ਕਰ ਦਿੱਤਾ ਗਿਆ। ਹਵਾਲਗੀ ਰੱਦ ਹੋਣ ਨਾਲ ਸਿੱਖਾਂ ਨੇ ਭਾਰੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਪੰਥਕ ਜਥੇਬੰਦੀਆਂ ਨੇ ਅਦਾਲਤ ਉਤੇ ਪੂਰਨ ਭਰੋਸਾ ਕਰਦਿਆਂ, ਯੂ ਕੇ ਸਰਕਾਰ ਦੇ ਰਾਜਨੀਤਕ ਆਗੂ ਉੱਤੇ ਵੱਡਾ ਸਵਾਲੀਆ ਨਿਸ਼ਾਨ ਲਗਾ ਦਿੱਤਾ ਅਤੇ ਨਿੰਦਾ ਵੀ ਕੀਤੀ ਹੈ।



ਵਰਨਣ ਯੋਗ ਹੈ ਕਿ ਸਾਲ 2009 ਪਟਿਆਲਾ ਵਿੱਚਪੰਜਾਬ ਵਿੱਚ ਰਾਸ਼ਟਰੀ ਸਿੱਖ ਸੰਗਤ ਦੇ ਸਾਬਕਾ ਮੁੱਖੀ ਰੁਲਦਾ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਭਾਰਤ ਦੇ ਕਹਿਣ ਉਤੇ ਰੁਲਦਾ ਸਿੰਘ ਕਤਲ ਕੇਸ ਵਿੱਚ ਵੈਸਟਮਿੱਡਲੈਂਡ ਪੁਲਸ ਨੇ ਇੰਗਲੈਂਡ ਦੇ ਜੰਮਪਲ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਭਾਰਤ ਸਰਕਾਰ ਵੱਲੋਂ ਬ੍ਰਿਟੇਨ ਤੋਂ ਤਿੰਨ ਸਿੱਖ ਨੌਜਵਾਨਾਂ ਦੀ ਹਵਾਲਗੀ ਕੇਸ ਦੀ ਸ਼ੁਰੂਆਤ ਕੀਤੀ ਗਈ ਸੀ ਪਰ ਭਾਰਤ ਸਰਕਾਰ ਵੱਲੋਂ ਪੇਸ਼ ਕੀਤੇ ਸਬੂਤ ਜਾਅਲੀ ਪਾਏ ਗਏ, ਜਿਸ ਵਿੱਚ ਫੜ੍ਹੇ ਨੌਜਵਾਨ, ਜੋ ਸ਼ੁਰੂ ਤੋਂ ਸਿੱਖੀ ਸਰੂਪ ਵਿੱਚ ਹਨ ਤੇ ਬ੍ਰਿਟੇਨ ਦੇ ਜੰਮਪਲ ਹਨ, ਨੂੰ ਭਾਰਤੀ ਏਜੰਸੀਆਂ ਨੇ ਭਾਰਤ ਵਿੱਚ ਜੰਮੇ-ਪਲੇ ਦਿਖਾਇਆ। ਅਦਾਲਤ ਵਿੱਚ ਰੁਲਦਾ ਸਿੰਘ ਦੇ ਪੁੱਤਰ ਵੱਲੋਂ ਪੁਲਸ ਰਿਪੋਰਟ ਦਰਜ ਕਰਵਾਉਣ ਸਮੇਂ ਦੱਸਿਆ ਗਿਆ ਕਿ ਰੁਲਦਾ ਸਿੰਘ ਉਤੇ ਗੋਲੀ ਚਲਾਉਣ ਵਾਲੇ ਰੋਡੇ ਬੰਦੇ ਸਨ। ਕੁਝ ਹੋਰ ਸਬੂਤਾਂ ਦੀ ਘਾਟ ਵੇਖਦੇ ਹੋਏ ਅਦਾਲਤ ਨੇ ਇਸ ਭਾਰਤ ਹਵਾਲਗੀ ਕੇਸ ਨੂੰ ਰੱਦ ਕਰ ਦਿੱਤਾ।

ਇਸ ਦੌਰਾਨ ਬ੍ਰਿਟੇਨ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਇੱਕ-ਜੁੱਟ ਹੋ ਕੇ ਵੈਸਟ ਮਨਿਸਟਰ ਅਦਾਲਤ ਦੇ ਬਾਹਰ ਸ਼ਾਂਤਮਈ ਰੋਸ ਪ੍ਰਗਟਾਇਆ ਗਿਆ। ਜਦੋਂ ਭਾਰਤ ਹਵਾਲਗੀ ਰੱਦ ਹੋਣ ਦੀ ਖ਼ਬਰ ਸੰਗਤਾਂ ਨੂੰ ਮਿਲੀ ਤਾਂ ਖੁਸ਼ੀ ਦੀ ਲਹਿਰ ਦੌੜ ਗਈ। ਸਿੱਖ ਆਗੂਆਂ ਨੇ ਸਰਕਾਰ ਦੇ ਮੰਤਰੀਆਂ ਦੇ ਸਵਾਲੀਆ ਨਿਸ਼ਾਨ ਲਾਉਂਦਿਆਂ ਕਿਹਾ ਕਿ ਸਰਕਾਰ ਦੀਇਕ ਮੰਤਰੀ ਭਾਰਤ ਨਾਲ ਮਿਲ ਕੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ।ਇਸ ਤੋਂ ਪਹਿਲਾਂ ਭਾਰਤ ਸਰਕਾਰ ਵੱਲੋਂ ਰੁਲਦਾ ਸਿੰਘ ਕਤਲ ਕੇਸ ਵਿੱਚ ਝੂਠੇ ਸਬੂਤ ਵਿਖਾ ਕੇ ਬਰਤਾਨੀਆ ਵਿੱਚ ਰਾਜਸੀ ਸ਼ਰਨ 'ਤੇ ਪਰਵਾਰ ਸਮੇਤ ਰਹਿੰਦੇ ਪਰਮਜੀਤ ਸਿੰਘ ਨੂੰ ਪੁਰਤਗਾਲ ਵਿੱਚ ਗ੍ਰਿਫ਼ਤਾਰ ਕੀਤਾ ਦਿਖਾਇਆ ਗਿਆ ਸੀ ਤੇ ਉਸ ਦੀ ਭਾਰਤ ਹਵਾਲਗੀ ਵੀ ਫੇਲ ਹੋ ਗਈ ਸੀ। ਉਸ ਸਮੇਂ ਸਿੱਖ ਫਾਰ ਜਸਟਿਸ ਦੇ ਅਟਾਰਨੀ ਜਨਰਲ ਗੁਰਪਤਵੰਤ ਸਿੰਘ ਪੰਨੂੰ ਤੇ ਮੈਨਵੇਲ ਲਈ ਮਸ਼ਹੂਰ ਵਕੀਲਾਂ ਦੇ ਸਦਕਾ ਭਾਈ ਪੰਮੇ ਨੂੰ ਪੁਰਤਗਾਲ ਅਦਾਲਤ ਨੇ ਬਰੀ ਕਰਕੇ ਇੰਗਲੈਂਡ ਵਾਪਸ ਭੇਜ ਦਿੱਤਾ ਸੀ।

## ਜ਼ਮੀਨੀ ਝਗੜੇ ਵਿੱਚ ਪਿਤਾ ਦੀ ਮੌਤ, ਪੁੱਤਰ ਨੂੰ 25 ਟਾਂਕੇ ਲੱਗੇ

ਅਬੋਹਰ, 23 ਸਤੰਬਰ (ਪੋਸਟ ਬਿਊਰੋ)- ਪਿੰਡ ਅਮਰਪੁਰਾ ਵਿੱਚ ਕੱਲ੍ਹ ਸ਼ਾਮ ਪਾਣੀ ਦੀ ਵਾਰੀ ਤੋਂ ਪਿੰਡ ਦੇ ਕੁਝ ਲੋਕਾਂ ਨੇ ਪਿਓ-ਪੁੱਤਰ ਉੱਤੇ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ। ਜ਼ਖਮੀ ਪਿਤਾ ਦੀ ਕੱਲ੍ਹ ਸਵੇਰੇ ਸ੍ਰੀਗੰਗਾਨਗਰ ਦੇ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਅਤੇ ਉਸ ਦੇ ਬੇਟੇ ਦੀ ਹਾਲਤ ਗੰਭੀਰ ਹੈ।



ਮਿਲੀ ਜਾਣਕਾਰੀ ਅਨੁਸਾਰ ਅਮਰਪੁਰਾ ਵਾਸੀ 70 ਸਾਲਾ ਰਾਮ ਕੁਮਾਰ ਪੁੱਤਰ ਕਾਂਸ਼ੀ ਰਾਮ ਨੇ ਕਰੀਬ ਚਾਰ ਮਹੀਨੇ ਪਹਿਲਾਂ ਪਿੰਡ ਵਿੱਚ ਜ਼ਮੀਨ ਖਰੀਦੀ ਸੀ, ਜਿਸ ਦੇ ਪੈਸਿਆਂ ਦੇ ਲੈਣ-ਦੇਣ ਬਾਰੇ ਉਨ੍ਹਾਂ ਦਾ ਉਕਤ ਲੋਕਾਂ ਨਾਲ ਵਿਵਾਦ ਚੱਲ ਰਿਹਾ ਸੀ। ਰਾਮ ਕੁਮਾਰ ਦੇ ਖੇਤ ਵਿੱਚ ਮਜ਼ਦੂਰੀ ਕਰਨ ਵਾਲੇ ਮਾਨ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਮ ਕੁਮਾਰ ਤੇ ਉਸ ਦਾ ਬੇਟਾ ਨਾਗਰ ਮਲ ਖੇਤ ਵਿੱਚ ਪਾਣੀ ਲਾ ਰਹੇ ਸਨ ਤਾਂ ਮੋਟਰ ਸਾਈਕਲਾਂ ਉੱਤੇ ਆਏ 12 ਤੋਂ ਵੱਧ ਨਕਾਬਪੋਸ਼ਾਂ ਨੇ ਦੋਵਾਂ ਪਿਤਾ-ਪੁੱਤਰ ਉੱਤੇ ਕਹੀਆਂ ਨਾਲ ਹਮਲਾ ਕਰ ਦਿੱਤਾ ਤੇ ਅੱਧਮਰਿਆ ਕਰ ਕੇ ਸੁੱਟ ਕੇ ਦੌੜ ਗਏ। ਉਸ ਨੇ ਇਸ ਗੱਲ ਦੀ ਸੂਚਨਾ ਰਾਮ ਕੁਮਾਰ ਦੀ ਬੇਟੀ ਮਾਇਆ ਦੇਵੀ ਨੂੰ ਦਿੱਤੀ, ਜਿਸ ਨੇ ਲੋਕਾਂ ਦੀ ਮਦਦ ਨਾਲ ਆਪਣੇ ਪਿਤਾ ਅਤੇ ਭਰਾ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਦੋਵਾਂ ਦੀ ਹਾਲਤ ਗੰਭੀਰ ਦੇਖਦੇ ਹੋਏ ਮੁੱਢਲੇ ਇਲਾਜ ਦੇ ਬਾਅਦ ਅੱਗੇ ਰੈਫਰ ਕਰ ਦਿੱਤਾ। ਪਰਵਾਰ ਵਾਲੇ ਦੋਵਾਂ ਨੂੰ ਸ੍ਰੀਗੰਗਾਨਗਰ ਦੇ ਹਸਪਤਾਲ ਲੈ ਗਏ। ਓਥੇ ਰਾਮ ਕੁਮਾਰ ਨੇ ਦਮਤੋੜ ਦਿੱਤਾ, ਜਦ ਕਿ ਉਸ ਦੇ ਬੇਟੇ ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਸ ਦੇ ਸਿਰ ਉੱਤੇ ਵੀ 25 ਟਾਂਕੇ ਲੱਗੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਗਲੋਬਲ ਕੋਵਿਡ ਸਮਿਟ ਵਿੱਚ ਮੋਦੀ ਨੇ ਕਿਹਾ: ਵੈਕਸੀਨ ਸਰਟੀਫਿਕੇਟ ਨੂੰ ਦੁਨੀਆ ਸੁਖਾਲਾ ਬਣਾਵੇ

ਵਾਸ਼ਿੰਗਟਨ, 23 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੌਰੇ ਉਤੇ ਹਨ। ਉਨ੍ਹਾਂ ਕੱਲ੍ਹ ਰਾਤ ਗਲੋਬਲ ਕੋਵਿਡ ਸਮਿਟ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਦੋਂ ਭਾਰਤ ਕੋਰੋਨਾ ਦੀ ਦੂਜੀ ਲਹਿਰ ਵਿੱਚ ਮੁਸੀਬਤ ਦਾ ਸਾਹਮਣਾ ਕਰ ਰਿਹਾ ਸੀ, ਓਦੋਂ ਦੁਨੀਆ ਨੇ ਸਾਡੀ ਮਦਦ ਕੀਤੀ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਮਾਰੀ ਅਚਾਨਕ ਸਾਹਮਣੇ ਆਈ ਬਿਪਤਾ ਹੈ ਅਤੇ ਹਾਲੇ ਤਕ ਖਤਮ ਨਹੀਂ ਹੋਈ।

ਨਰਿੰਦਰ ਮੋਦੀ ਨੇ ਕਿਹਾ ਕਿ ਦੁਨੀਆ ਨੂੰ ਵੈਕਸੀਨ ਸਰਟੀਫਿਕੇਟ ਨੂੰ ਆਸਾਨ ਬਣਾਉਣਾ ਚਾਹੀਦਾ ਹੈ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਵੈਕਸੀਨ ਲਈ ਕੱਚੇ ਮਾਲ ਦੀ ਸਪਲਾਈ ਵਿੱਚ ਰੁਕਾਵਟ ਨਾ ਆਵੇ। ਮੋਦੀ ਨੇ ਕਿਹਾ ਕਿ ਦੁਨੀਆ ਦੇ ਸਾਰੇ ਹਿੱਸਿਆਂ ਵਿੱਚ ਅਜੇ ਵੈਕਸੀਨੇਸ਼ਨ ਦਾ ਕੰਮ ਪੂਰਾ ਹੋਣਾ ਬਾਕੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਵੈਕਸੀਨ ਡੋਨੇਸ਼ਨ ਡਬਲ ਕਰਨ ਦੀ ਪਹਿਲ ਵੀ ਵਧੀਆ ਹੈ। ਜੋਅ ਬਾਈਡੇਨ ਨੇ ਕੱਲ੍ਹ ਸ਼ਾਮ ਐਲਾਨ ਕੀਤਾ ਸੀ ਕਿ ਅਮਰੀਕਾ ਆਪਣੇ 0.5 ਬਿਲੀਅਨ ਵੈਕਸੀਨ ਡੋਨੇਸ਼ਨ ਨੂੰ ਵਧਾ ਕੇ 1 ਬਿਲੀਅਨ ਕਰ ਦੇਵੇਗਾ।ਮੋਦੀ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ ਮਨੁੱਖਤਾ ਨੂੰ ਪਰਵਾਰ ਦੇ ਰੂਪ ਵਿੱਚ ਵੇਖਿਆ ਹੈ। ਭਾਰਤ ਦੇ ਫਾਰਮਾ ਉਦਯੋਗਾਂ ਨੇ ਘੱਟ ਕੀਮਤ ਵਿੱਚ ਡਾਇਗਨੌਸਟਿਕ ਕਿੱਟ, ਦਵਾਈਆਂ, ਮੈਡੀਕਲ ਸਮੱਗਰੀ ਅਤੇ ਪੀ ਪੀ ਈ ਕਿੱਟ ਦਾ ਪ੍ਰੋਡਕਸ਼ਨ ਕੀਤਾ ਹੈ। ਇਸ ਨਾਲ ਕਈ ਵਿਕਾਸਸ਼ੀਲ ਦੇਸ਼ਾਂ ਨੂੰ ਸਸਤਾ ਬਦਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਾਲ ਦੇ ਸ਼ੁਰੂ ਵਿੱਚ ਅਸੀਂ ਆਪਣੇ ਵੈਕਸੀਨ ਉਤਪਾਦਨ ਨੂੰ 95 ਦੇਸ਼ਾਂ ਅਤੇ ਯੂ ਐੱਨ ਓ ਦੇ ਸ਼ਾਂਤੀ ਸੈਨਿਕਾਂ ਦੇ ਨਾਲ ਸਾਂਝਾ ਕੀਤਾ। ਜਦੋਂ ਅਸੀਂ ਦੂਜੀ ਲਹਿਰ ਤੋਂ ਲੰਘ ਰਹੇ ਸੀ, ਤਦ ਦੁਨੀਆ ਇੱਕ ਪਰਵਾਰ ਵਾਂਗ ਭਾਰਤ ਦੇ ਨਾਲ ਖੜ੍ਹੀ ਸੀ। ਭਾਰਤ ਨੂੰ ਦਿੱਤੇ ਸਮਰਥਨ ਲਈ ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ।ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਟੀਕਾਕਰਨ ਅਭਿਆਨ ਜਾਰੀ ਹੈ ਅਤੇ ਹਾਲ ਹੀ ਵਿੱਚ ਇੱਕ ਦਿਨ ਵਿੱਚ (ਕੋਵਿਡ-19 ਰੋਕੂ ਟੀਕੇ ਦੀਆਂ) ਤਕਰੀਬਨ ਢਾਈ ਕਰੋੜ ਖੁਰਾਕਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅੱਜ ਤਕ ਭਾਰਤ ਵਿੱਚ 80 ਕਰੋੜ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ 20 ਕਰੋੜ ਤੋਂ ਜ਼ਿਆਦਾ ਲੋਕਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਚੁੱਕਿਆ ਹੈ।

## ਬਲਵੰਤ ਰਾਏ ਅਰੋੜਾ ਨਹੀ ਰਹੇ, ਪਰਿਵਾਰ ਨੂੰ ਸਦਮਾ



ਬਲਵੰਤ ਰਾਏ ਅਰੋੜਾ ਨੇ 90 ਸਾਲ ਤੋ ਵੱਧ ਬਹੁਤ ਵਧੀਆ ਜਿਦਗੀ ਭੋਗ ਕੇ 20 ਸਤੰਬਰ ਨੂੰ 12:30 ਵਜੇ ਸਵੇਰੇ ਪ੍ਰੀਵਾਰ ਦੇ ਹੱਥਾਂ ਵਿਚ ਆਖਰੀ ਸਾਹ ਲਿਆ। ਬਲਵੰਤ ਅਰੋੜਾ ਦਾ ਸੰਬੰਧ ਮੋਗੇ ਸ਼ਹਿਰ ਨਾਲ ਸੀ। ਛੋਟੀ ਉਮਰ ਵਿਚ ਇਕ ਕਾਮੇ ਦੇ ਤੌਰ ਤੇ ਕੰਮ ਸ਼ੁਰੂ ਕਰਕੇ ਭੀੜੀ ਮੋਰੀ ਮੋਗੇ ਵਿਚ ਇਕ ਬਹੁਤ ਵਡੀ ਕਰਿਆਨੇ ਦੀ ਦੁਕਾਨ ਦੇ ਮਾਲਕ ਬਣੇ। ਅੱਸਵਿਆਂ ਚ ਕੇਨੇਡਾ ਆਕੇ ਵੀ ਕੰਮ ਦਾ ਖਹਿੜਾ ਨਹੀ ਛੱਡਿਆ ਜਦ ਕਿ ਬੱਚਿਆਂ ਵੱਲੋ ਜ਼ੋਰ ਪਾਇਆ ਜਾਂਦਾ ਸੀ ਕਿ ਹੁਣ ਅਰਾਮ ਕਰੋ ਬਹੁਤ ਕੰਮ ਕਰ ਲਿਆ। ਸੇਵਾ ਭਾਵਣਾ ਦਾ ਮਾਦਾ ਕੁਟ ਕੁਟ ਕੇ ਭਰਿਆ ਸੀ, ਮੋਗੇ ਦੇ ਸਕੂਲਾਂ ਚ ਤੇ ਲੋੜਵੰਦ ਬੱਚਿਆਂ ਦੀ ਬਹੁਤ ਮਦਦ ਕੀਤੀ।ਲੇਲਣਾ ਪ੍ਰੀਵਾਰ ਨਾਲ 70 ਸਾਲਾਂ ਤੋ ਵੀ ਪ੍ਰੀਵਾਰਕ ਸਾਂਝ ਸੀ ਜੋ ਹੁਣ ਵੀ ਕਾਇਮ ਹੈ। ਉਹ ਆਪਣੇ ਪਿਛੇ ਪਤਨੀ, ਬੇਟੇ ਪ੍ਰਦੀਪ ਅਰੋੜਾ ਤੇ ਰਾਜੂ ਅਰੋੜਾ, ਧੀਆਂ, ਨੂਹਾਂ, ਪੋਤੇ ਪੋਤੀਆਂ,ਪੜਪੋਤੇ ਪੜਪੋਤੀਆਂ ਦੋਹਤੇ ਦੋਹਤੀਆਂ, ਪੜਦੋਹਤੇ, ਪੜਦੋਹਤੀਆਂ ਅਤੇ ਬਹੁਤ ਸਾਰੇ ਰਿਸ਼ਤੇਦਾਰ ਦਾ ਵੱਡਾ ਕਾਫਲਾ ਛੱਡ ਗਏ ਹਨ। ਉਨ੍ਹਾਂ ਦੀ ਦੇਹ ਦੇ ਦਰਸ਼ਨ ਸ਼ੁਕਰਵਾਰ 24 ਸਤੰਬਰ ਸਵੇਰੇ 11:00 ਤੋਂ ਬਾਦ ਦੁਪਿਹਰ 1:00 ਵਜੇ ਤੱਕ, ਬਰੈਮਟਨ ਕਰੀਮੇਟੋਰੀਅਮ ਐਂਡ ਵਿਜ਼ੀਟੇਸ਼ਨ ਸੈਂਟਰ, 30 ਬਰੈਮਵਿਨ ਕੋਰਟ, ਬਰੈਮਟਨ (ਟੌਰਬਰਮ ਅਤੇ ਬਰੈਮਹਰਸਟ) ਵਿਖੇ ਕੀਤੇ ਜਾ ਸਕਣਗੇ ਅਤੇ ਇਸ ਤੋਂ ਉਪਰੰਤ ਉਥੇ ਹੀ ਸੰਸਕਾਰ ਕੀਤੇ ਜਾਣਗੇ। ਕੋਵਿਡ ਦੀਆਂ ਪਾਬੰਧੀਆਂ ਕਰਕੇ ਸੀਟਾਂ ਲਿਮਟਿਡ ਹਨ ਪਰ ਤੁਸੀ ਦਰਸ਼ਨ ਕਰਕੇ ਤੇ ਸਤਿਕਾਰ ਦੇ ਕੇ ਵਾਪਸ ਜਾ ਸਕਦੇ ਹੋ। ਲਾਈਵ ਸਟਰੀਮ ਵਾਸਤੇ ਪੀਵਾਰ ਨਾਲ ਸੰਪਰਕ ਕਰ ਸਕਦੇ ਹੋ ਜਾਂ Visit Brampton Crematorium & Visitation Centre Inc. | Brampton, ON (bcvc.info) ਸਾਡਾ ਅਦਾਰੇ ਵੱਲੋ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦੇ ਹਾਂ ਤੇ ਰੱਬ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪਿਛੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਦੁੱਖ ਸਾਂਝਾ ਕਰਨ ਲਈ ਰਾਜੂ ਅਰੋੜਾ ਨੂੰ ਨੂੰ 416-882-8060, 416-332-0938

## ਟੀਕਾਕਰਣ ਨਾ ਕਰਵਾਉਣ ਵਾਲੇ 140 ਮੁਲਾਜ਼ਮਾਂ ਨੂੰ ਵਿੰਡਸਰ ਹਸਪਤਾਲ ਨੇ ਛੁੱਟੀ ਉੱਤੇ ਭੇਜਿਆ

ਵਿੰਡਸਰ, 23 ਸਤੰਬਰ (ਪੋਸਟ ਬਿਊਰੋ) : ਵਿੰਡਸਰ, ਓਨਟਾਰੀਓ ਹਸਪਤਾਲ ਦੇ 100 ਤੋਂ ਵੀ ਵੱਧ ਸਟਾਫ ਮੈਂਬਰਾਂ ਨੂੰ ਨਿਰਧਾਰਤ ਸਮੇਂ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਨਾ ਲਵਾਏ ਜਾਣ ਕਾਰਨ ਬਿਨਾਂ ਤਨਖਾਹ ਛੁੱਟੀ ਉੱਤੇ ਭੇਜ ਦਿੱਤਾ ਗਿਆ।




ਵਿੰਡਸਰ ਰੀਜਨਲ ਹਸਪਤਾਲ ਦਾ ਕਹਿਣਾ ਹੈ ਕਿ ਉਨ੍ਹਾਂ ਦੇ 140 ਸਟਾਫ ਮੈਂਬਰਜ਼, ਜਿਨ੍ਹਾਂ ਨੇ 22 ਸਤੰਬਰ ਤੱਕ ਆਪਣੀ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਨਹੀਂ ਲਵਾਈ ਹੈ ਹੁਣ ਉਨ੍ਹਾਂ ਕੋਲ ਅਜਿਹਾ ਕਰਨ ਲਈ 7 ਅਕਤੂਬਰ ਤੱਕ ਦਾ ਸਮਾਂ ਹੈ। ਹਸਪਤਾਲ ਦਾ ਕਹਿਣਾ ਹੈ ਕਿ ਇਸ ਤਰੀਕ ਤੋਂ ਬਾਅਦ ਜਿਹੜੇ ਮੁਲਾਜ਼ਮ ਵੈਕਸੀਨੇਸ਼ਨ ਨਹੀਂ ਕਰਵਾਉਣਗੇ ਉਨ੍ਹਾਂ ਦੀ ਨੌਕਰੀ ਚਲੀ ਜਾਵੇਗੀ ਜਾਂ ਫਿਰ ਉਨ੍ਹਾਂ ਦੀਆਂ ਸਹੂਲਤਾਂ ਮੁਲਤਵੀ ਕਰ ਦਿੱਤੀਆਂ ਜਾਣਗੀਆਂ।

ਹਸਪਤਾਲ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਗੈਰਵੈਕਸੀਨੇਟਿਡ ਸਟਾਫ ਦੀ ਫਾਈਨਲ ਗਿਣਤੀ 7 ਅਕਤੂਬਰ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਹਸਪਤਾਲ ਨੇ ਆਖਿਆ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਤਰੀਕ ਤੋਂ ਬਾਅਦ ਇਹ ਗਿਣਤੀ ਘੱਟ ਜਾਵੇਗੀ ਕਿਉਂਕਿ ਬੁੱਧਵਾਰ ਨੂੰ ਕਈ ਸਟਾਫ ਮੈਂਬਰਾਂ ਦੇ ਟੀਕਾਕਰਣ ਕਰਵਾਏ ਜਾਣ ਦੀ ਸੰਭਾਂਵਨਾ ਹੈ।

## ਕਾਂਸਟੇਬਲ ਤੇ ਕਤਲ ਦੇ ਦੋਸ਼ੀ ਨੂੰ ਮਿਲੀ ਜ਼ਮਾਨਤ

ਟੋਰਾਂਟੋ, 23 ਸਤੰਬਰ (ਪੋਸਟ ਬਿਊਰੋ) : ਜੁਲਾਈ ਦੇ ਸ਼ੁਰੂ ਵਿੱਚ ਟੋਰਾਂਟੋ ਪੁਲਿਸ ਕਾਂਸਟੇਬਲ ਜੈਫਰੀ ਨੌਰਥਰਪ ਨੂੰ ਮਾਰਨ ਦੇ ਦੋਸ਼ ਵਿੱਚ ਫੜ੍ਹੇ ਗਏ ਵਿਅਕਤੀ ਨੂੰ 335,000 ਡਾਲਰ ਦੇ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਗਈ। ਇਸ ਦੀ ਪੁਸ਼ਟੀ ਉਸ ਦੇ ਵਕੀਲ ਵੱਲੋਂ ਕੀਤੀ ਗਈ। ਜਾਂਚਕਾਰਾਂ ਨੇ 31 ਸਾਲਾ ਉਮਰ ਜ਼ਮੀਰ ਨੂੰ ਫਰਸਟ ਡਿਗਰੀ ਮਰਡਰ ਦੇ ਦੋਸ਼ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਸੀ। ਇਸ ਤਰ੍ਹਾਂ ਦਾ ਦੋਸ਼ ਲੱਗਣ ਉਪਰੰਤ ਸਬੰਧਤ ਵਿਅਕਤੀ ਨੂੰ ਆਟੋਮੈਟਿਕ ਉਮਰ ਕੈਦ ਹੋ ਜਾਂਦੀ ਹੈ। ਉਸ ਨੂੰ ਜ਼ਮਾਨਤ ਲਈ ਹੋਰ ਸ਼ਰਤਾਂ ਵੀ ਪੂਰੀਆਂ ਕਰਨੀਆਂ ਪੈਣਗੀਆਂ, ਜਿਸ ਤਹਿਤ ਉਸ ਨੂੰ ਹਾਊਸ ਅਰੈਸਟ ਰਹਿਣਾ ਹੋਵੇਗਾ, ਉਹ ਡਰਾਈਵਿੰਗ ਨਹੀਂ ਕਰ ਸਕੇਗਾ, ਉਸ ਨੂੰ ਇਲੈਕਟ੍ਰੌਨਿਕ ਐਂਕਲ ਬ੍ਰੇਸਲੇਟ ਪਾਉਣਾ ਹੋਵੇਗਾ ਤੇ ਉਸ ਨੂੰ ਆਪਣਾ ਪਾਸਪੋਰਟ ਵੀ ਸਰੰਡਰ ਕਰਨਾ ਹੋਵੇਗਾ। ਉਸ ਦੀ ਅਗਲੀ ਪੇਸ਼ੀ ਪਹਿਲੀ ਅਕਤੂਬਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ 52ਵੀਂ ਡਵੀਜ਼ਨ ਤੋਂ ਕਾਂਸਟੇਬਲ ਨੌਰਥੌਰਪ ਕਈ ਹੋਰਨਾਂ ਅਧਿਕਾਰੀਆਂ ਨਾਲ ਸਿਟੀ ਹਾਲ ਲਾਗੇ ਹੋਈ ਰੌਬਰੀ ਦੀ ਜਾਂਚ ਕਰ ਰਿਹਾ ਸੀ ਜਦੋਂ ਉਸ ਨੂੰ ਇੱਕ ਕਾਰ ਵੱਲੋਂ ਟੱਕਰ ਮਾਰੀ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਜਾਂਚਕਾਰਾਂ ਨੇ ਉਸ ਨੂੰ ਜਾਣਬੁੱਝ ਕੇ ਅੰਜਾਮ ਦਿੱਤਾ ਗਿਆ ਕਾਰਾ ਦੱਸਿਆ ਸੀ। ਇਸ ਫੈਸਲੇ ਉੱਤੇ ਪ੍ਰੀਮੀਅਰ ਫੋਰਡ ਤੇ ਮੇਅਰ ਟੋਰੀ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ ਹੈ ਤੇ ਇਸ ਸਬੰਧ ਵਿੱਚ ਜਵਾਬ ਤਲਬ ਕੀਤਾ ਗਿਆ ਹੈ।

## ਕਾਫ਼ਲੇ ਵੱਲੋਂ ਪ੍ਰੀਤ ਮਨਪ੍ਰੀਤ ਨਾ਼ਲ ਬੈਠਕ ਬਹੁਤ ਹੀ ਰੌਚਕ ਰਹੀ



(ਪਰਮਜੀਤ ਦਿਓਲ)- (ਬਰੈਂਪਟਨ) ਇੱਕ ਲੰਮੇਂ ਅਰਸੇ ਬਾਅਦ 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਮੀਟਿੰਗ ਮਿ਼ਲ ਬੈਠ ਕੇ ਹੋਈ ਜਿਸ ਵਿੱਚ ਵੈਨਕੂਵਰ ਇਲਾਕੇ ਦੇ ਸ਼ਾਇਰ ਪ੍ਰੀਤ ਮਨਪ੍ਰੀਤ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੀਤ ਦੀ ਜਾਣ-ਪਛਾਣ ਕਰਵਾਉਂਦਿਆਂ ਪਰਮਜੀਤ ਦਿਓਲ ਨੇ ਦੱਸਿਆ ਕਿ ਬੇਸ਼ੱਕ ਪ੍ਰੀਤ ਲੰਮੇਂ ਅਰਸੇ ਤੋਂ ਸ਼ਾਇਰੀ ਕਰ ਰਿਹਾ ਹੈ ਪਰਪਿਛਲੇ ਕੁਝ ਹੀ ਸਮੇਂ ਗ਼ਜ਼ਲ ਲਿਖਣੀ ਸ਼ੁਰੂ ਕਰਕੇ ਉਸਨੇ ਬਹੁਤ ਤੇਜ਼ੀ ਨਾ਼ਲ ਇਸ ਵਿੱਚ ਮੁਹਾਰਤ ਹਾਸਿਲ ਕੀਤੀ ਹੈ। ਪ੍ਰੀਤ ਮਨਪ੍ਰੀਤ ਨੇ ਕਿਹਾ ਕਿ ਉਨ੍ਹਾਂ ਲਈ ਵਰਦਾਨ ਵਰਗੀ ਗੱਲ ਹੈ ਕਿ ਉਨ੍ਹਾਂ ਨੂੰ ਜਸਵਿੰਦਰ, ਕ੍ਰਿਸ਼ਨ ਭਨੋਟ ਵਰਗੇ ਉਸਤਾਦ ਗ਼ਜ਼ਲ-ਗੋਆਂ ਦੇ ਨਾ਼ਲ ਨਾ਼ਲ ਰਾਜਵੰਤ ਰਾਜ ਅਤੇ ਦਵਿੰਦਰ ਗੌਤਮ ਵਰਗੇ ਸੁਲਝੇ ਹੋਏ ਗ਼ਜ਼ਲ-ਗੋਆਂ ਨਾ਼ਲ ਮਿ਼ਲ ਬੈਠ ਕੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ ਜਿਸ ਨਾ਼ਲ ਉਨ੍ਹਾਂ ਅੰਦਰਲੀ ਕਲਾ ਨੂੰ ਹੋਰ ਲਿਸ਼ਕਣ ਦਾ ਮੌਕਾ ਮਿਲਦਾ ਹੈ। ਭੁਪਿੰਦਰ ਦੁਲੈ ਨੇ ਕਿਹਾ ਕਿ ਬੇਸ਼ੱਕ ਪ੍ਰੀਤ ਨੇ ਹਾਲ ਹੀ ਵਿੱਚ ਗ਼ਜ਼ਲ ਲਿਖਣੀ ਸ਼ੁਰੂ ਕੀਤੀ ਹੈ ਪਰ ਉਸਦਾ ਅੰਦਾਜ਼ ਅਤੇ ਕਾਫ਼ੀਆ-ਚੋਣ ਅਤੇ ਨਿਭਾਅ ਉਸਦੀ ਵਿਲੱਖਣ ਪਛਾਣ ਬਣਾਉਂਦੇ ਹਨ।

ਇਸ ਮੌਕੇ ਬੋਲਦਿਆਂ ਕੁਲਵਿੰਦਰ ਖਹਿਰਾ ਨੇ ਕਿਹਾ ਇਸ ਸਮੇਂ ਕੈਨੇਡਾ ਵਿੱਚ ਰਚਿਆ ਜਾ ਰਿਹਾ ਹਰ ਵਿਧਾ ਦਾ ਸਾਹਿਤ ਕਿਸੇ ਵੀ ਤਰ੍ਹਾਂ ਮੁੱਖ-ਧਾਰਾ ਦਸੇ ਪੰਜਾਬੀ ਸਾਹਿਤ ਤੋਂ ਘੱਟ ਨਹੀਂ ਸਗੋਂ ਕਈ ਗੁਣਾਂ 'ਚ ਅੱਗੇ ਹੈ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਪੰਜਾਬੀ ਬੈਠੈ ਸਾਡੇ ਬੁੱਧੀ-ਜੀਵੀ ਜਾਂ ਤਾਂ ਆਪਣੇ ਸੌੜੇ ਹਿਤਾਂ ਅਤੇ ਦੋਸਤੀਆਂ ਦੇ ਨਿਭਾਅਖਾਤਿਰ ਅਤੇ ਜਾਂ ਫਿਟਰ ਆਪਣੀ ਅਣਗਹਿਲੀ ਸਦਕਾ ਨਵਾਂ ਕੁਝ ਪੜ੍ਹਨ ਤੋਂ ਗੁਰੇਜ਼ ਕਰਦੇ ਹੋਏ ਆਪਣਾ ਧਿਆਨ ਜਾਂ ਤਾਂ ਪੁਰਾਣੇ ਲੇਖਿਕਾਂ 'ਤੇ ਹੀ ਕੇਂਦਰਿਤ ਕਰ ਰਹੇ ਹਨ ਅਤੇ ਜਾਂ ਫਿਰ ਕੁਝ ਲੋਕਾਂ ਨੂੰ ਹੀ ਉਭਾਰ ਰਹੇ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਨਾ਼ਲ ਸਬੰਧਤ ਇਨ੍ਹਾਂ ਬੁੱਧੀਜੀਵੀਆਂ ਦਾ ਪੱਖ-ਪਾਤੀ ਰਵੱਈਆ ਪੰਜਾਬੀ ਸਾਹਿਤ ਦੀ ਪਿੱਠ ਵਿੱਚ ਮਾਰੀ ਜਾ ਰਹੀ ਛੁਰੀ ਸਾਬਤ ਹੋਵੇਗਾ ਅਤੇ ਪੰਜਾਬੀ ਪਾਠਕ ਸਾਹਿਤ ਤੋਂ ਹੋਰ ਵੀ ਦੂਰ ਹੋਣਗੇ। ਉਨ੍ਹਾਂ ਕਿਹਾ ਕਿ ਇਸਦੇ ਬਦਲ ਵਿੱਚ ਸਾਨੂੰ ਖੁਦ ਉਪਰਾਲੇ ਕਰਕੇ ਕੈਨੇਡਾ ਵਿੱਚ ਰਚੇ ਜਾ ਰਹੇ ਮਿਆਰੀ ਸਾਹਿਤ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਇਸਦੀ ਹਮਾਇਤ ਵਿੱਚ ਬੋਲਦਿਆਂ ਸੁਰਜੀਤ ਕੌਰ ਨੇ ਕਿਹਾ ਕਿ ਸਾਨੂੰ ਆਪਣੇ ਵਿੱਚ ਹੀ ਅਜਿਹੇ ਆਲੋਚਕ ਵੀ ਪੈਦਾ ਕਰਨ ਦੀ ਲੋੜ ਹੈ ਜੋ ਨਿਰਪੱਖ ਹੋ ਕੇ ਸਹਿਤ ਦਾ ਮੁਲੰਕਨ ਕਰ ਸਕਣ।

### ਕੈਨੇਡੀਅਨ ਪੰਜਾਬੀ ਸਾਹਿਤ ਖੁਦ ਉਭਾਰਨ ਦੀ ਗੱਲ ਚੱਲੀ

ਮੀਟਿੰਗ ਦੇ ਅਖੀਰ ਵਿੱਚ ਹਾਜ਼ਰ ਕਵੀਆਂ ਵੱਲੋਂ ਆਪਣਾ ਕਲਾਮ ਪੇਸ਼ ਕੀਤਾ ਗਿਆ ਜਿਸ ਵਿੱਚਪਿਆਰਾ ਸਿੰਘ ਕੁੱਦੋਵਾਲ, ਗਿਆਨ ਸਿੰਘ ਦਰਦੀ, ਜਗੀਰ ਸਿੰਘ ਕਾਹਲੋਂ, ਪ੍ਰਤੀਕ, ਭੁਪਿੰਦਰ ਦੁਲੈ, ਕੁਲਵਿੰਦਰ ਖਹਿਰਾ ਅਤੇ ਪਰਮਜੀਤ ਦਿਓਲ ਨੇ ਆਪੋ-ਆਪਣਾ ਕਲਾਮ ਪੇਸ਼ ਕੀਤਾ। ਕਵਿੱਤਰੀ ਅਤੇ ਗਾਇਕਾ ਰਣਜੀਤ ਕੌਰ ਵੱਲੋਂ ਹਾਲ ਹੀ ਵਿੱਚ ਰੀਕੌਰਡ ਕਰਵਾਏ ਗਏ ਆਪਣੇ ਗੀਤ ਨਾ਼ਲ ਹਾਜ਼ਰੀ ਲਵਾਈ ਗਈ ਜਦਕਿ ਰਿੰਟੂ ਭਾਟੀਆ ਨੇ ਆਪਣੇ ਖ਼ੂਬਸੂਰਤ ਤਰੰਨਮ ਵਿੱਚ ਕਾਲਮ ਪੇਸ਼ ਕੀਤਾ। ਮੀਟਿੰਗ ਵਿੱਚ ਜਰਨੈਲ ਸਿੰਘ ਕਹਾਣੀਕਾਰ, ਮਨਮੋਹਨ ਗੁਲਾਟੀ, ਪਰਵਿੰਦਰ ਗੋਗੀ, ਜਸਵਿੰਦਰ ਸਿੰਘ, ਦਰਸ਼ਨ ਸਿੰਘ ਦਰਸ਼ਨ, ਗੁਰਦਿਆਲ ਬੱਲ, ਬਲਦੇਵ ਦੂਹੜੇ, ਬਲਤੇਜ ਸਿੰਘ, ਅਤੇ ਕਮਲਜੀਤ ਨੱਤ ਵੀ ਸ਼ਾਮਲ ਸਨ।

ਸੰਤ ਸਿੰਘ ਸੇਖੋਂ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ ਜਿੱਥੇ ਜਗਮੋਹਨ ਸੇਖੋਂ ਜੀ ਵੱਲੋਂ ਸਭ ਦਾ ਸਵਾਗਤ ਕੀਤਾ ਗਿਆ ਓਥੇ ਮਹਿਮਾਨ-ਨਿਵਾਜ਼ੀ ਵੀ ਕੀਤੀ ਗਈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਰੈਡ ਵਿੱਲੋ ਕਲੱਬ ਵਲੋਂ ਬੱਫਰਜ਼ ਪਾਰਕ ਤੇ ਬੀਚ ਦਾ ਟੂਰ





(ਹਰਜੀਤ ਬੇਦੀ): ਪਿਛਲੇ ਐਤਵਾਰ ਬਰੈਂਪਟਨ ਦੀ ਸਰਗਰਮ ਰੈਡ ਵਿੱਲੋ ਸੀਨੀਅਰਜ਼ ਕਲੱਬ ਵਲੋਂ ਬੱਫਰਜ਼ ਪਾਰਕ ਅਤੇ ਬੀਚ ਸਕਾਰਬਰੋਅ ਦਾ ਟੂਰ ਕਲੱਬ ਦੇ ਵਾਈਸ ਪਰਧਾਨ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਲਾਇਆ ਗਿਆ। ਸਵੇਰੇ 9:30 ਦੇ ਕਰੀਬ ਰੈਡ ਵਿੱਲੋ ਪਾਰਕ ਤੋਂ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਅਤੇ ਰੀਜਨਲ ਕੌਂਸਲਰ ਪੈਟ ਫੋਰਟੀਨੀ ਨੇ ਦੋ ਬੱਸਾਂ ਵਿੱਚ ਸਵਾਰ ਪੰਜਾਹ ਦੇ ਕਰੀਬ ਕਲੱਬ ਦੇ ਸੀਨੀਅਰਜ਼ ਮਰਦ ਅਤੇ ਔਰੱਤਾਂ ਨੂੰ ਟੂਰ ਲਈ ਰਵਾਨਾ ਕੀਤਾ। ਕੋਵਿਡ ਕਾਰਣ ਲੰਬਾ ਸਮਾਂ ਕੋਈ ਸਾਂਝੀ ਸਰਗਰਮੀ ਨਾ ਹੋਣ ਕਾਰਣ ਟੂਰ ਤੇ ਜਾ ਰਹੇ ਮੈਂਬਰਾਂ ਵਿੱਚ ਬਹੁਤ ਹੀ ਉਤਸ਼ਾਹ ਸੀ। ਬੱਸਾਂ ਚੱਲਣ ਸਮੇਂ ਵਿੱਚ ਟੂਰ ਤੇ ਜਾ ਰਹੇ ਮੈਂਬਰਾਂ ਨੇ ਜੈਕਾਰੇ ਛੱਡ ਕੇ ਆਪਣੀ ਖੁਸ਼ੀ ਦਾ ਪਰਗਟਾਵਾ ਕੀਤਾ। ਸੀਨੀਅਰਜ਼ ਦਾ ਇਹ ਗਰੁੱਪ ਤਕਰੀਬਨ ਇੱਕ ਘੰਟੇ ਵਿੱਚ ਬੱਫਰਜ਼ ਪਾਰਕ ਵਿੱਚ ਪਹੁੰਚ ਗਿਆ ।

ਕਲੱਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਕਾਰੋਨਾ ਵਾਇਰਸ ਕਾਰਣ ਲੱਗੀਆਂ ਪਾਬੰਦੀਆਂ ਵਿੱਚ ਢਿੱਲ ਮਿਲਣ ਤੇ ਇਹ ਪਹਿਲਾ ਟੂਰ ਸੀ। ਲੰਬੇ ਸਮੇਂ ਬਾਦ ਗਰੁੱਪ ਵਿੱਚ ਘੁੰਮਣ ਦਾ ਮੌਕਾ ਮਿਲਣ ਤੇ ਮੈਂਬਰਾਂ ਨੇ ਸਭ ਤੋਂ ਪਹਿਲਾਂ ਪਾਰਕ ਵਿੱਚ ਘੁੰਮ ਫਿਰ ਕੇ ਕੁਦਰਤੀ ਨਜਾਰਿਆਂ ਦਾ ਆਨੰਦ ਮਾਣਿਆ। ਬਹੁਤ ਸਾਰੇ ਸੀਨੀਅਰਜ਼ ਨੇ ਇੱਕ ਦੂਜੇ ਨੂੰ ਚਿਰ ਬਾਦ ਮਿਲਣ ਕਰ ਕੇ ਆਪਸ ਵਿੱਚ ਦੁੱਖ ਸੁੱਖ ਸਾਂਝੇ ਕੀਤੇ। ਕਈ ਮੈਂਬਰ ਤਾਸ਼ ਖੇਡ ਕੇ ਵੀ ਦਿਲ ਪਰਚਾਵਾ ਕਰ ਰਹੇ ਸਨ।

ਸੁੰਦਰ ਪਾਰਕ ਦੇ ਖੁੱਲ੍ਹੇ ਮਾਹੌਲ ਵਿੱਚ ਬੀਬੀਆਂ ਨੇ ਆਪਣੇ ਸੱਭਿਆਚਾਰ ਤੇ ਬਚਪਨ ਨੂੰ ਯਾਦ ਕਰਦੇ ਹੋਏ ਗਿੱਧਾ ਤੇ ਬੋਲੀਆਂ ਪਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਸੋਲਾਂ ਸਾਲ ਦੀ ਉਮਰ ਵਿੱਚ ਮਿਸ ਕਨੇਡਾ ਬਣੀ ਅੰਸ਼ਪ੍ਰੀਤ ਦੀ ਆਪਣੀ ਮਾਤਾ ਨਾਲ ਇਸ ਰੰਗਾ ਰੰਗ ਪਰੋਗਰਾਮ ਵਿੱਚ ਸ਼ਮੂਲੀਅਤ ਨੇ ਇਸ ਨੂੰ ਚਾਰ ਚੰਦ ਲਾ ਕੇ ਹੋਰ ਵੀ ਆਨੰਦਮਈ ਬਣਾ ਦਿੱਤਾ।

ਦੋ ਵਜੇ ਦੇ ਕਰੀਬ ਸਾਰੇ ਮੈਂਬਰਾਂ ਨੇ ਇੱਕ ਥਾਂ ਇਕੱਠੇ ਹੋ ਕੇ ਆਪੋ ਆਪਣੇ ਘਰਾਂ ਤੋਂ ਲਿਆਂਦੇ ਭੋਜਨ ਦਾ ਆਨੰਦ ਮਾਣਿਆਂ। ਇਸ ਉਪਰੰਤ ਸਾਰੇ ਬੱਸਾਂ ਵਿੱਚ ਸਵਾਰ ਹੋ ਕੇ ਪੰਜ ਕੁ ਮਿੰਟ ਵਿੱਚ ਬੱਫਰਜ਼ ਬੀਚ ਤੇ ਪਹੁੰਚ ਗਏ। ਬੀਚ ਤੇ ਵੱਖ ਵੱਖ ਭਾਈਚਾਰਿਆਂ ਦੇ ਲੋਕ ਪਹੁੰਚੇ ਹੋਏ ਸਨ। ਉਹਨਾਂ ਦੇ ਵੱਖ ਵੱਖ ਪਹਿਰਾਵੇ, ਰੰਗ , ਨਸਲ ਆਦਿ ਕਨੇਡਾ ਦੇ ਬਹੁ-ਸਭਿਆਚਾਰਕ ਸਮਾਜ ਦਾ ਪਰਤੱਖ ਸਬੂਤ ਸੀ। ਕਲੱਬ ਮੈਂਬਰਾਂ ਨੇ ਕਾਫੀ ਸਮਾਂ ਨੀਲੇ ਪਾਣੀਆਂ ਦੇ ਕਿਨਾਰੇ ਘੁੰਮ ਕੇ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਮਾਣਿਆ। ਲੇਕ ਦੇ ਸਾਹਮਣੇ ਉਚੇ ਉੱਚੇ ਪਹਾੜ ਬਹੁਤ ਹੀ ਰਮਣੀਕ ਨਜ਼ਾਰਾ ਪੇਸ ਕਰ ਰਹੇ ਸਨ। ਅਜਿਹੇ ਸੁੰਦਰ ਦ੍ਰਿਸ਼ ਦੇਖ ਕੇ ਸਾਰੇ ਮਾਨਸਿਕ ਤੌਰ ਤੇ ਤਰਿਪਤ ਦਿਖਾਈ ਦੇ ਰਹੇ ਸਨ।

ਅਖੀਰ ਸ਼ਾਮ ਛੇ ਕੁ ਵਜੇ ਵਾਪਸੀ ਲਈ ਚਾਲੇ ਪਾ ਦਿੱਤੇ। ਰਾਸਤੇ ਵਿੱਚ ਟਿੱਮ ਹੌਰਟਨ ਤੋਂ ਸਾਰੇ ਮੈਂਬਰਾਂ ਨੂੰ ਕੌਫੀ ਪਿਆਈ ਗਈ। ਰਾਸਤੇ ਵਿੱਚ ਬੀਚ ਅਤੇ ਪਾਰਕ ਦੀ ਸੁੰਦਰਤਾ ਬਾਰੇ ਗੱਲਾਂ ਕਰਦੇ ਹੋਏ ਸਫਰ ਮੁੱਕਣ ਦਾ ਪਤਾ ਹੀ ਨਾ ਲੱਗਾ। ਬੱਸਾਂ ਤੋਂ ਉੱਤਰ ਕੇ ਕੁਦਰਤ ਦੇ ਸੁੰਦਰ ਨਜਾਰਿਆਂ ਨੂੰ ਮਨਾਂ ਵਿੱਚ ਸਮੇਟਦੇ ਹੋਏ ਅਤੇ ਅਜਿਹਾ ਹੀ ਹੋਰ ਟੂਰ ਲਾਉਣ ਦੀ ਇੱਛਾ ਰਖਦੇ ਹੋਏ ਆਪੋ ਆਪਣੇ ਆਲ੍ਹਣਿਆ ਵਿੱਚ ਜਾ ਪਹੁੰਚੇ।

# ਮੈਂ ਸਮਾਜਿਕ-ਪ੍ਰਾਣੀ ਹਾਂ, ਜੇਕਰ ਸਮਾਜ ਮੇਰੀ ਕਵਿਤਾ ਸਮਾਜ ਨੂੰ ਪ੍ਰਵਾਨ ਨਹੀਂ ਕਰਦਾ ਤਾਂ ਮੇਰੀ ਕਵਿਤਾ ਸਮਾਜਿਕ ਨਹੀਂ : ਜਗਜੀਤ ਸੰਧੂ

*** ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਗ਼ਜ਼ਲਗੋ ਜਗਜੀਤ ਸੰਧੂ ਨਾਲ ਜ਼ੂਮ ਸਮਾਗ਼ਮ ਰਾਹੀਂ ਰਚਾਇਆ ਦਿਲਚਸਪ ਰੂ-ਬ-ਰੂ * ਕਵੀ-ਦਰਬਾਰ ਦੌਰਾਨ ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦੀ ਲੱਗੀ ਭਰਪੂਰ ਛਹਿਬਰ**





ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 19 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕੈਨੇਡਾ ਦੇ ਉੱਘੇ ਕਵੀ ਤੇ ਗ਼ਜ਼ਲਗੋ ਜਗਜੀਤ ਸੰਧੂ ਨਾਲ ਦਿਲਚਸਪ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਆਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੁੱਖ-ਮਹਿਮਾਨ ਅਤੇ ਹਾਜ਼ਰੀਨ ਦਾ ਹਾਰਦਿਕ ਸੁਆਗ਼ਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਿੱਘੀ ਜੀ-ਆਇਆਂ ਕਹਿਣ ਤੋਂ ਬਾਅਦ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੀ ਰੂਪ-ਰੇਖ਼ਾ ਦਰਸਾਈ ਗਈ। ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭਾ ਨੇ ਸਰਪ੍ਰਸਤ ਬਲਰਾਜ ਚੀਮਾ ਨੂੰ ਸਮਾਗ਼ਮ ਦੇ ਮੁੱਖ-ਬੁਲਾਰੇ ਜਗਜੀਤ ਸੰਧੂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਦੱਸਿਆ ਕਿ ਜਗਜੀਤ ਸੰਧੂ ਇਕ ਬੇਬਾਕ ਕਵੀ ਤੇ ਗ਼ਜ਼ਲਗੋ ਹੈ ਅਤੇ ਉਹ ਕਵਿਤਾ ਦੀ ਨਿਰੰਤਰ ਸਿਰ-ਜਣਾ ਕਰ ਰਿਹਾ ਹੈ। ਉਨ੍ਹਾਂ ਅਨੁਸਾਰ ਸੁਰਜੀਤ ਪਾਤਰ ਅਤੇ ਜਗਜੀਤ ਸੰਧੂ ਅਜੋਕੀ ਕਵਿਤਾ ਦੇ ਮੁੱਖ-ਹਸਤਾਖ਼ਰ ਹਨ। ਜਿੱਥੇ ਪਾਤਰ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਵਿਚ ਸਰੋਤਿਆ ਤੇ ਪਾਠਕਾਂ ਨੂੰ ਸੰਬੋਧਿਤ ਹੁੰਦਾ ਹੈ, ਉੱਥੇ ਜਗਜੀਤ ਸੰਧੂ ਦੀ ਕਵਿਤਾ ਸ਼ੁੱਧ ਅਤੇ ਮੌਲਿਕ ਹੈ ਅਤੇ ਉਹ ਪੰਜਾਬੀ ਕਵਿਤਾ ਨੂੰ ਸਮੱਰਪਿਤ ਹੈ।

ਆਪਣੇ ਬਾਰੇ ਗੱਲ ਕਰਦਿਆਂ ਜਗਜੀਤ ਸੰਧੂ ਨੇ ਦੱਸਿਆ ਕਿ ਉਨ੍ਹਾਂ ਕੈਨੇਡਾ ਵਿਚ ਟ੍ਰਾਂਸਲੇਟਰ ਦੇ ਤੌਰ 'ਤੇ ਸੇਵਾਵਾਂ ਨਿਭਾਈਆਂ ਹਨ। ਉਹ ਇਸ ਸਮੇਂ ਕੈਨੇਡਾ ਦੇ ਸੂਬੇ ਮੈਨੀਟੋਬਾ ਵਿਚ ਬਤੌਰ ਸਕੂਲ ਅਧਿਆਪਕ ਸੇਵਾ ਕਰ ਰਹੇ ਹਨ ਅਤੇ ਕਵੀ ਹੋਣ ਦੇ ਨਾਤੇ ਆਪਣੇ ਖ਼ਿਆਲ ਦੇ ਨੇੜੇ ਹਨ। ਉਨ੍ਹਾਂ ਕਿਹਾ,"ਮੈ ਲਿਖਦਾ ਹਾਂ ਅਤੇ ਉਸ ਨੂੰ ਆਪਣੇ ਸਰੀਰ 'ਤੇ ਪੜ੍ਹਦਾ ਹਾਂ ਤਾਂ ਕਿ ਉਸ ਨੂੰ ਛੋਹ ਸਕਾਂ। ਮੈਨੂੰ ਕਵਿਤਾ ਉੱਤਰਦੀ ਨਹੀਂ, ਸਗੋਂ ਮੇਰਾ ਖ਼ਿਆਲ ਮੈਨੂੰ ਦੱਸਦਾ ਹੈ ਕਿ ਕੀ ਇਹ ਠੀਕ ਹੈ ਅਤੇ ਇਸ ਨੂੰ ਕਿਸ ਰੂਪ ਵਿਚ ਲਿਖਣਾ ਹੈ, ਕਵਿਤਾ, ਗੀਤ, ਗ਼ਜ਼ਲ ਜਾਂ ਹਾਈਕੂ ਵਿਚ।" ਕਲਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਕਲਾ ਸੱਭ ਤੋਂ ਪਹਿਲਾਂ ਕਲਾ ਲਈ ਹੀ ਹੁੰਦੀ ਹੈ ਅਤੇ ਫਿਰ ਉਹ ਲੋਕਾਂ ਲਈ ਲੋਕਾਂ ਦੀ ਬਣਦੀ ਹੈ। ਇਸ ਦੌਰਾਨ ਮਨੁੱਖੀ ਅਹਿਸਾਸ ਦੇ ਬਾਰੇ ਉਨ੍ਹਾਂ ਆਪਣੀ ਗ਼ਜ਼ਲ ਦੇ ਇਕ ਸ਼ਿਅਰ ਦਾ ਹਵਾਲਾ ਦਿੰਦੇ ਹੋਏ ਕਿਹਾ:

"ਘਰੋਂ ਨਿਕਲੇ, ਸ਼ਾਲਾ! ਪਹੁੰਚਣਾ ਹੈ,
ਚਲੋ, ਅਹਿਸਾਸ ਸਾਰਾ ਪਹੁੰਚ ਦਾ ਹੈ।"

ਇਸ ਦੌਰਾਨ ਉਨ੍ਹਾਂ ਆਪਣੀਆਂ ਕੁਝ ਗ਼ਜ਼ਲਾਂ ਤੇ ਗੀਤਾਂ ਨੂੰ ਤਰੰਨਮ ਵਿਚ ਪੇਸ਼ ਕੀਤਾ। ਉਨ੍ਹਾਂ ਦੀ ਸੁਰੀਲੀ ਆਵਾਜ਼ ਨੇ ਖ਼ੂਬਸੂਰਤ ਅਹਿਸਾਸ ਤੇ ਅਲਫ਼ਾਜ਼ ਨੂੰ ਪੇਸ਼ ਕਰਨ ਵਿਚ ਸੋਨੇ 'ਤੇ ਸੁਹਾਗੇ ਵਾਲਾ ਕੰਮ ਕੀਤਾ। ਕਹਾਣੀਕਾਰ ਕੁਲਜੀਤ ਮਾਨ ਨੇ ਬੀਤੇ ਸਾਲਾਂ ਵਿਚ 'ਕਲਮਾਂ ਦੇ ਕਾਫ਼ਲੇ' ਦੀਆਂ ਮੀਟਿੰਗਾਂ ਦੇ ਦੌਰਾਨ ਜਗਜੀਤ ਸੰਧੂ, ਅਮਰਜੀਤ ਸਾਥੀ ਅਤੇ ਡਾ. ਸੁਖਪਾਲ ਨਾਲ ਜੁੜੀਆਂ ਯਾਦਾਂ ਤਾਜ਼ਾ ਕਰਦਿਆਂ ਕਿਹਾ ਕਿ ਜਗਜੀਤ ਸੰਧੂ ਦਾ ਨਾਂ ਪੋਟਿਆਂ 'ਤੇ ਗਿਣਨਯੋਗ ਚੰਗੇ ਇਨਸਾਨਾਂ ਵਿਚ ਆਉਂਦਾ ਹੈ ਅਤੇ ਉਸ ਦੀ ਕਵਿਤਾ ਮੌਲਿਕ ਹੈ ਅਤੇ ਇਹ ਅਹਿਸਾਸ ਨਾਲ ਭਰਪੂਰ ਹੈ। ਡਾ. ਜਗਮੋਹਨ ਸਿੰਘ ਸੰਘਾ, ਡਾ. ਸੁਖਦੇਵ ਸਿੰਘ ਝੰਡ, ਸੁਖਦੇਵ ਸਿੰਘ ਬੇਦੀ, ਲਖਬੀਰ ਸਿੰਘ ਕਾਹਲੋਂ, ਤਲਵਿੰਦਰ ਮੰਡ ਅਤੇ ਕਰਨ ਅਜਾਇਬ ਸਿੰਘ ਸੰਘਾ ਨੇ ਜਗਜੀਤ ਸੰਧੂ ਨੂੰ ਉਨ੍ਹਾਂ ਦੀ ਕਾਵਿ-ਲੇਖਣੀ ਅਤੇ ਅਜੋਕੀ ਪੰਜਾਬੀ ਕਵਿਤਾ ਬਾਰੇ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਜਗਜੀਤ ਸੰਧੂ ਵੱਲੋਂ ਵਿਸਥਾਰ ਪੂਰਵਕ ਅਤੇ ਤਸੱਲੀਬਖ਼ਸ਼ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਵਿਚ ਜਿੱਥੇ ਮਲੂਕ ਸਿੰਘ ਕਾਹਲੋਂ, ਲਖਬੀਰ ਸਿੰਘ ਕਾਹਲੋਂ, ਤਰਲੋਚਨ ਸਿੰਘ ਔਜਲਾ, ਗਿਆਨ ਸਿੰਘ ਦਰਦੀ, ਨਿਰਵੈਰ ਸਿੰਘ ਅਰੋੜਾ, ਸੁਖਦੇਵ ਸਿੰਘ ਬੇਦੀ, ਸੁਖਦੇਵ ਸਿੰਘ ਝੰਡ, ਮਕਸੂਦ ਚੌਧਰੀ, ਡਾ. ਜਗਮੋਹਨ ਸੰਘਾ, ਪਿਆਰਾ ਸਿੰਘ ਕੁੱਦੋਵਾਲ, ਪਰਮਜੀਤ ਢਿੱਲੋਂ, ਪਰਮਜੀਤ ਸਿੰਘ ਗਿੱਲ, ਹਰਜਸਪ੍ਰੀਤ ਗਿੱਲ, ਕਰਨ ਅਜਾਇਬ ਸਿੰਘ ਸੰਘਾ, ਹਰਦਿਆਲ ਸਿੰਘ ਝੀਤਾ, ਜਗਜੀਤ ਸੰਧੂ ਅਤੇ ਤਲਵਿੰਦਰ ਮੰਡ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਸੰਜੀਦਾ ਕਾਵਿਕ ਮਾਹੌਲ ਸਿਰਜਿਆ, ਉੱਥੇ ਇਕਬਾਲ ਬਰਾੜ ਦੇ ਸੁਰੀਲੇ ਗੀਤਾਂ ਨੇ ਇਸ ਨੂੰ ਖ਼ੂਬਸੂਰਤ ਸੰਗੀਤਕ ਰੰਗ ਬਖ਼ਸ਼ਿਆ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਮੁੱਖ-ਬੁਲਾਰੇ ਜਗਜੀਤ ਸੰਧੂ ਅਤੇ ਸਮਾਗਖਮ ਵਿਚ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਡਾ. ਅਮਰਜੀਤ ਸਿੰਘ ਬਨਵੈਤ, ਨਛੱਤਰ ਸਿੰਘ ਬਦੇਸ਼ਾ, ਰਮਿੰਦਰ ਵਾਲੀਆ, ਪਰਮਜੀਤ ਦਿਓਲ, ਰਿੰਟੂ ਭਾਟੀਆ ਤੇ ਕਈ ਹੋਰਨਾਂ ਨੇ ਸ਼ਮੂਲੀਅਤ ਕੀਤੀ।


## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**


# ਸੰਯੁਕਤ ਕਿਸਾਨ ਮੋਰਚੇ ਦੇ 'ਭਾਰਤ ਬੰਦ' ਦੇ ਸੱਦੇ ਦੀ ਹਮਾਇਤ ਵਿਚ ਕਿਸਾਨ ਸਪੋਰਟ ਕਮੇਟੀ ਬਰੈਂਪਟਨ ਵੱਲੋਂ ਰੈਲੀ 27 ਸਤੰਬਰ ਨੂੰ

ਬਰੈਂਪਟਨ, (ਡਾ. ਝੰਡ) -ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਬਰੈਂਪਟਨ ਵਿਚ ਵਿਚਰ ਰਹੀ ਕਿਸਾਨ ਸਪੋਰਟ ਕਮੇਟੀ ਦੀ ਕਾਰਜਕਾਰਨੀ ਦੇ 11 ਸਤੰਬਰ ਦੇ ਫ਼ੈਸਲੇ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਦੇ 'ਭਾਰਤ ਬੰਦ' ਦੇ ਸੱਦੇ 'ਤੇ ਅਮਲ ਕਰਦੇ ਹੋਏ ਉਸ ਦਿਨ ਸ਼ਾਮ ਦੇ 6.00 ਵਜੇ 'ਸ਼ੌਪਰਜ਼ ਵੱਰਲਡ' ਦੇ ਸਾਹਮਣੇ ਪਾਰਕਿੰਗ ਵਿਚ ਵੱਡੀ ਰੈਲੀ ਕੀਤੀ ਜਾਏਗੀ। ਕਮੇਟੀ ਦੇ ਨੁਮਾਇੰਦੇ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਇਸ ਬਾਰੇ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਕੈਨੇਡਾ ਵਿਚ 20 ਸਤੰਬਰ ਨੂੰ ਫ਼ੈਡਰਲ ਚੋਣਾਂ ਹੋ ਜਾਣ ਉਪਰੰਤ ਕਿਸਾਨ ਸਪੋਰਟ ਕਮੇਟੀ ਨਾਲ ਸਬੰਧਿਤ ਜੱਥੇਬੰਦੀਆਂ ਦੇ ਮੈਂਬਰਾਂ ਵੱਲੋਂ ਇਸ ਸਬੰਧੀ ਹੁਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਵੱਲੋਂ ਇਸ ਦੀ ਜਾਣਕਾਰੀ ਵੱਖ-ਵੱਖ ਪ੍ਰਕਾਰ ਦੇ ਮੀਡੀਏ ਅਤੇ ਸੋਸ਼ਲ ਮੀਡੀਏ ਉੱਪਰ ਸਾਂਝੀ ਕੀਤੀ ਜਾ ਰਹੀ ਹੈ। ਉਨ੍ਹਾਂ ਵੱਲੋਂ ਲੋਕਾਂ ਨੂੰ ਇਸ ਰੈਲੀ ਵਿਚ ਸ਼ਮੂਲੀਅਤ ਕਰਨ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ।





ਮੀਟਿੰਗ ਵਿਚ ਲਏ ਗਏ ਫ਼ੈਸਲੇ ਅਨੁਸਾਰ ਦਵਿੰਦਰ ਤੂਰ ਅਤੇ ਡਾ. ਹਰਦੀਪ ਸਿੰਘ ਵੱਲੋਂ ਤਿਆਰ ਕੀਤਾ ਗਿਆ ਪੋਸਟਰ ਵੱਡੀ ਗਿਣਤੀ ਵਿਚ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਹਰਿੰਦਰਪਾਲ ਹੁੰਦਲ ਵੱਲੋਂ ਫੇਸਬੁੱਕ ਈਵੈਂਟ ਤਿਆਰ ਕਰ ਦਿੱਤੀ ਗਈ ਹੈ। ਕਾਮਰੇਡ ਸ਼ਮਸ਼ਾਦ ਸ਼ਮਸ ਵੱਲੋਂ ਪੁਲੀਸ ਨੂੰ ਲੋੜੀਂਦੀ ਜਾਣਕਾਰੀ ਦੇ ਦਿੱਤੀ ਗਈ ਹੈ।

ਬੁਲਾਰਿਆਂ ਨੂੰ ਵਾਰੀ ਸਿਰ ਬੁਲਾਉਣ ਦੀ ਜ਼ਿੰਮੇਂਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ ਸੌਂਪੀ ਗਈ ਹੈ। ਕਮੇਟੀ ਨੇ ਇਕ ਪ੍ਰੈੱਸ ਬਿਆਨ ਰਾਹੀਂ ਜੀ.ਟੀ.ਏ. ਦੇ ਸਮੂਹ ਕਿਸਾਨ ਸੰਘਰਸ਼ ਹਮਾਇਤੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਇਸ ਰੈਲੀ ਵਿਚ ਸ਼ਾਮਲ ਹੋਣ। ਇਨ੍ਹਾਂ ਦਿਨਾਂ ਵਿਚ ਇਲੈੱਕਟ੍ਰਾਨਿਕ ਮੀਡੀਏ ਰਾਹੀਂ ਵੀ ਇਸ ਸਬੰਧੀ ਅਪੀਲਾਂ ਕੀਤੀਆਂ ਜਾਣਗੀਆਂ।

ਇਸ ਦੇ ਬਾਰੇ ਵਧੇਰੇ ਜਾਣਕਾਰੀ ਲਈ ਦਵਿੰਦਰ ਤੂਰ (416-902-9372), ਹਰਪ੍ਰਮਿੰਦਰ ਗ਼ਦਰੀ (416-625-4363), ਬਲਦੇਵ ਸਿੰਘ ਬਰਾੜ (437-982-5202), ਸੁਰਜੀਤ ਕੌਰ (416-605-3784), ਹਰਜਸਪ੍ਰੀਤ ਕੌਰ (416-930-5676), ਦੇਵ ਢੀਂਡਸਾ (416-560-5641), ਹਰਜੀਤ ਸਿੰਘ ਗਿੱਲ (647-542-0007) ਅਤੇ ਹਰਿੰਦਰਪਾਲ (647-818-6880) ਨੂੰ ਸੰਪਰਕ ਕੀਤਾ ਜਾ ਸਕਦਾ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

**।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।**




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**



## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

BEST CANADIAN TRUCK & FORKLIFT TRAINING CENTRE







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

**416.670.3173 | 905.799.7333**
27 Edvac Dr, Brampton, ON L6S 5X8

# ਅਫਗਾਨਿਸਤਾਨ ਦੇ ਸੱਤਾ ਤਬਾਦਲੇ ਪਿੱਛੋਂ ਕੁਝ ਗੁੱਝੇ ਜਿਹੇ ਇਸ਼ਾਰੇ ਕਰ ਰਹੀ ਹੈ ਸੰਸਾਰ ਦੀ ਸਥਿਤੀ



ਜਤਿੰਦਰ ਪੰਨੂ

ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜ ਨਿਕਲੀ ਨੂੰ ਅਤੇ ਤਾਲਿਬਾਨ ਦੀ ਧਾੜ ਓਥੇ ਕਾਬਜ਼ ਹੋਈ ਨੂੰ ਇੱਕ ਮਹੀਨੇ ਤੋਂ ਉੱਪਰ ਹੋ ਚੁੱਕਾ ਹੈ। ਸਾਰੇ ਸੰਸਾਰ ਵਿੱਚ ਇਸ ਤਬਦੀਲੀ ਦੀ ਧੁੰਮ ਪੈਣ ਦੇ ਨਾਲ ਅਮਰੀਕਾ ਵਿੱਚ ਰਾਸ਼ਟਰਪਤੀ ਜੋਅ ਬਾਇਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਇਸ ਦੂਸ਼ਣਬਾਜ਼ੀ ਦੀ ਖੇਡ ਸ਼ੁਰੂ ਹੋ ਗਈ ਹੈ ਕਿ ਆਪਣੇ ਦੇਸ਼ ਦੀ ਵੱਧ ਬੇਇੱਜ਼ਤੀ ਕਰਾਉਣ ਦਾ ਕੌਣ ਜ਼ਿੰਮੇਵਾਰ ਹੈ ਅਤੇ ਇਹ ਖੇਡ ਵੀਹ ਸਾਲ ਪਹਿਲਾਂ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਤੱਕ ਵੀ ਚਲੀ ਗਈ ਹੈ। ਸਾਊਦੀ ਅਰਬ ਬਾਰੇ ਅਮਰੀਕੀ ਹਕੂਮਤ ਨੂੰ ਉਸ ਘਟਨਾ ਦੇ ਬਾਅਦ ਲਗਾਤਾਰ ਇਹ ਸ਼ੱਕ ਸੀ ਕਿ ਉਸ ਵਿੱਚ ਸ਼ਾਮਲ ਹੋਏ ਅੱਤਵਾਦੀਆਂ ਵਿੱਚੋਂ ਜਿਹੜੇ ਪਿੱਛੋਂ ਸਾਊਦੀ ਅਰਬ ਦੇ ਸਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਸ ਦੇਸ਼ ਤੋਂ ਮਦਦ ਮਿਲਦੀ ਸੀ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਰਿਸ਼ਤਿਆਂ ਵਿੱਚ ਏਦਾਂ ਦੀ ਕੋਈ ਕੁੜੱਤਣ ਨਹੀਂ ਸੀ ਆਉਣ ਦਿੱਤੀ। ਅਫਗਾਨਿਸਤਾਨ ਦੇ ਪੰਦਰਾਂ ਅਗਸਤ ਤੋਂ ਬਾਅਦ ਦੇ ਹਾਲਾਤ ਨੇ ਇਸ ਰਿਸ਼ਤੇਦਾਰੀ ਵਿੱਚ ਇੱਕ ਖਾਸ ਤਰ੍ਹਾਂ ਦੀ ਕੌੜ ਸ਼ੁਰੂ ਕਰ ਦਿੱਤੀ ਹੈ, ਜਿਸ ਦੀ ਜੜ੍ਹ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਵਿੱਚੋਂ ਨਿਕਲਦੀ ਹੈ, ਜਿਨ੍ਹਾਂ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੋਸ਼ੀਆਂ ਦੀ ਮਦਦ ਇਸ ਦੇਸ਼ ਦੇ ਕੁਝ ਡਿਪਲੋਮੇਟਾਂ ਨੇ ਕੀਤੀ ਸੀ। ਸਿੱਧਾ ਦੋਸ਼ ਸਾਊਦੀ ਅਰਬ ਉੱਤੇ ਲਾਇਆ ਨਹੀਂ ਗਿਆ, ਪਰ ਜਿੰਨੀ ਵੀ ਗੱਲ ਵਲਾਵਾਂ ਪਾ ਕੇ ਕਹੀ ਗਈ ਹੈ, ਉਸ ਦੇ ਕਾਰਨ ਪਹਿਲਾਂ ਵਰਗੇ ਸੰਬੰਧ ਕਾਇਮ ਰਹਿਣ ਦੀ ਗੁੰਜਾਇਸ਼ ਬਹੁਤ ਘਟ ਗਈ ਹੈ।

ਦੂਸਰਾ ਅਸਰ ਅਫਗਾਨਿਸਤਾਨ ਦੇ ਹਾਲਾਤ ਦਾ ਉਸ ਪਾਕਿਸਤਾਨ ਵੱਲ ਪਿਆ ਹੈ, ਜਿਹੜਾ ਪਿਛਲੇ ਵੀਹ ਸਾਲਾਂ ਤੋਂ ਇੱਕੋ ਵਕਤ ਆਪਸ ਵਿੱਚ ਲੜਦੀਆਂ ਦੋ ਧਿਰਾਂ ਅਮਰੀਕਾ ਅਤੇ ਤਾਲਿਬਾਨ ਨਾਲ ਦੋਵਾਂ ਤੋਂ ਓਹਲਾ ਰੱਖ ਕੇ ਬਹੁਤ ਚੁਸਤੀ ਵਾਲੀ ਸਾਂਝ ਨਿਭਾਉਂਦਾ ਰਿਹਾ ਸੀ। ਉਹ ਸਮਝਦਾ ਸੀ ਕਿ ਅਮਰੀਕਾ ਵਾਲੇ ਉਸ ਨੂੰ ਤਾਲਿਬਾਨ ਦੇ ਖਿਲਾਫ ਆਪਣਾ ਸਾਥੀ ਮੰਨਦੇ ਹੋਣਗੇ ਅਤੇ ਤਾਲਿਬਾਨ ਉਸ ਨੂੰ ਅਮਰੀਕਾ ਦੀ ਬੁੱਕਲ ਦਾ ਸੱਪ ਮੰਨ ਕੇ ਆਪਣਾ ਸਾਥੀ ਸਮਝਦੇ ਹੋਣਗੇ, ਪਰ ਇਸ ਤੋਂ ਉਲਟ ਦੋਵਾਂ ਧਿਰਾਂ ਨੂੰ ਇਸ ਵਿੱਚੋਂ ਪਾਕਿਸਤਾਨ ਦੀ ਨੀਤੀ ਦਾ ਦੋਗਲਾਪਣ ਅਤੇ ਦੋਵਾਂ ਦੇ ਭੇੜ ਵਿੱਚੋਂ ਆਪਣੇ ਹਿੱਤਾਂ ਵਾਲੀ ਖੇਡ ਖੇਡੀ ਜਾਂਦੀ ਦਿੱਸ ਪਈ। ਨਤੀਜਾ ਇਸ ਦਾ ਇਹ ਹੋਇਆ ਕਿ ਅਮਰੀਕਾ ਨਾਲ ਸਮਝੌਤਾ ਕਰ ਕੇ ਉਨ੍ਹਾਂ ਉਸ ਦੇਸ਼ ਵਿੱਚੋਂ ਅਮਰੀਕੀ ਫੌਜ ਨਿਕਲ ਜਾਣ ਦਾ ਮੌਕਾ ਬਣਾਇਆ ਅਤੇ ਉਸ ਦੇ ਜਾਂਦੇ ਸਾਰ ਦੇਸ਼ ਉੱਤੇ ਕਬਜ਼ਾ ਕਰਨ ਵਿੱਚ ਕੋਈ ਦੇਰੀ ਨਹੀਂ ਸੀ ਕੀਤੀ। ਦੂਸਰੇ ਪਾਸੇ ਉਨ੍ਹਾਂ ਨੇ ਪਾਕਿਸਤਾਨੀ ਹਕੂਮਤ ਨੂੰ ਏਥੋਂ ਤੱਕ ਤਾਂ ਬਰਦਾਸ਼ਤ ਕਰ ਲਿਆ ਕਿ ਆਪਣੀ ਸਰਕਾਰ ਬਣਾਉਣ ਵਾਸਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਅਤੇ ਓਥੋਂ ਦੀ ਫੌਜ ਦੀਆਂ ਕੁਝ ਸੇਧਾਂ ਮੰਨ ਲਈਆਂ, ਪਰ ਭਵਿੱਖ ਦੇ ਦੁਵੱਲੇ ਕਾਰੋਬਾਰ ਜਾਂ ਦੂਸਰੇ ਦੇਸ਼ਾਂ ਨਾਲ ਦੁਵੱਲੇ ਸੰਬੰਧ ਪਾਕਿਸਤਾਨੀ ਹਾਕਮਾਂ ਦੇ ਕਹੇ ਮੁਤਾਬਕ ਰੱਖਣ ਵਾਲੀ ਗੱਲ ਨੂੰ ਅੱਖੋਂ ਪਰੋਖੇ ਕਰਨ ਲੱਗ ਪਏ। ਉਲਟਾ ਅਸਰ ਇਹ ਪਿਆ ਕਿ ਪਾਕਿ-ਸਤਾਨ ਦੇ ਲੋਕਾਂ ਵਿੱਚ ਵੀ ਤਾਲਿਬਾਨ ਵਾਲੀ ਸੋਚ ਭਾਰੂ ਹੋਣ ਲੱਗ ਪਈ ਤੇ ਇੱਕ ਸਰਵੇ ਅਨੁਸਾਰ ਦੋ-ਤਿਹਾਈ ਆਬਾਦੀ ਨੇ ਇਹ ਕਹਿਣ ਵਿੱਚ ਦੇਰ ਨਹੀਂ ਲਾਈ ਕਿ ਏਥੇ ਵੀ ਤਾਲਿਬਾਨ ਵਰਗਾ ਇਸਲਾਮੀ ਰਾਜ ਚਾਹੀਦਾ ਹੈ। ਪਾਕਿਸਤਾਨ ਦੇ ਹਾਕਮ ਨਵੀਂ ਸਥਿਤੀ ਤੋਂ ਅੰਦਰੋ-ਅੰਦਰੀ ਘਬਰਾਹਟ ਵਿੱਚ ਹਨ ਅਤੇ ਓਥੇ ਏਦਾਂ ਦੀ ਉਠਾਣ ਦਾ ਸੰਕੇਤ ਤਹਿਰੀਕ-ਇ-ਲਬੈਕ ਵਰਗੀ ਕੱਟੜਪੰਥੀ ਧਿਰ ਵੱਲੋਂ ਸਰਕਾਰ ਵਿਰੁੱਧ ਧਰਨੇ ਮਾਰ ਕੇ ਉਸ ਨੂੰ ਆਪਣੀਆਂ ਗੱਲਾਂ ਮਨਾਉਣ ਦੇ ਨਾਲ ਉਨ੍ਹਾਂ ਨੂੰ ਮਿਲ ਚੁੱਕਾ ਹੈ। ਇਸ ਦੇ ਬਾਅਦ ਪਾਕਿਸਤਾਨ ਦਾ ਹਰ ਆਗੂ ਸੋਚ-ਸੋਚ ਕੇ ਬੋਲਦਾ ਪਿਆ ਹੈ। ਅਗਲਾ ਸਮਾਂ ਉਸ ਦੇਸ਼ ਵਿੱਚ ਕਿੱਦਾਂ ਦਾ ਹੋਵੇਗਾ, ਹਾਲ ਦੀ ਘੜੀ ਪਾਕਿ-ਸਤਾਨ ਦੀ ਸਰਕਾਰ ਤੇ ਸਿਆਸਤ ਦੇ ਧੁਰੰਤਰ ਵੀ ਨਹੀਂ ਜਾਣ ਸਕਦੇ, ਪਰ ਹਾਲਾਤ ਦੀ ਚੀਰ-ਪਾੜ ਕਰਨ ਵਾਲੇ ਸੰਸਾਰ ਪੱਧਰ ਦੇ ਮਾਹਰ ਕਹਿੰਦੇ ਹਨ ਕਿ ਭਵਿੱਖ ਚੰਗੇ ਸੰਕੇਤ ਨਹੀਂ ਦੇ ਰਿਹਾ।



ਅਫਗਾਨਿਸਤਾਨ ਵਿੱਚ ਸੱਤਾ ਤਬਦੀਲੀ ਤੇ ਉਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਜਾਂ ਪਾਕਿਸਤਾਨ ਦੇ ਅੰਦਰ ਵਾਲੇ ਹਾਲਾਤ ਦਾ ਅਸਰ ਭਾਰਤ ਉੱਤੇ ਵੀ ਪੈਣ ਦੇ ਸੰਕੇਤ ਵੀ ਮਿਲਣ ਲੱਗੇ ਹਨ। ਅਮਰੀਕੀ ਸਰਕਾਰ ਨੇ ਆਪਣੀ ਫੌਜ ਅਫਗਾਨਿਸਤਾਨ ਤੋਂ ਨਿਕਲਣ ਪਿੱਛੋਂ ਇੱਕ ਮਹੀਨਾ ਵੀ ਨਹੀਂ ਛੱਡਿਆ ਤੇ ਆਸਟਰੇਲੀਆ ਤੇ ਬ੍ਰਿਟੇਨ ਨਾਲ ਮਿਲ ਕੇ ਇੱਕ 'ਆਸਟਰੇਲੀਆ, ਬ੍ਰਿਟੇਨ, ਅਮਰੀਕਾ' (ਏ, ਯੂ ਕੇ, ਯੂ ਐੱਸ ਜਾਂ ਆਕੱਸ) ਵਾਲਾ ਗੱਠਜੋੜ ਬਣਾ ਲਿਆ ਹੈ। ਇਸ ਦੇ ਪਿੱਛੇ ਲੁਕੀ ਹੋਈ ਨੀਤੀ ਭਾਰਤ ਨੂੰ ਵੇਲੇ ਸਿਰ ਵੇਖਣੀ ਚਾਹੀਦੀ ਹੈ। ਮਿਲੀਆਂ ਖਬਰਾਂ ਦੇ ਮੁਤਾਬਕ ਨਵਾਂ ਗੱਠਜੋੜ ਇੰਡੋ-ਪੈਸੇਫਿਕ ਰੀਜਨ ਵਿੱਚ ਚੀਨ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਬਣਿਆ ਹੈ, ਪਰ ਬਹੁਤ ਲੰਮੇ ਇੰਡੋ-ਪੈਸੇਫਿਕ ਖੇਤਰ ਵਿੱਚੋਂ ਇਸ ਦੀ ਬਹੁਤੀ ਨੀਤੀ ਸੈਂਟਰਲ ਇੰਡੋ-ਪੈਸੇਫਿਕ ਤੱਕ ਸੀਮਤ ਰੱਖਣ ਦੀ ਨੀਤ ਜਾਪਦੀ ਹੈ। ਭਾਰਤ-ਅਮਰੀਕਾ ਦੇ ਸੰਬੰਧ ਇਸ ਵਕਤ ਉਸ ਤੋਂ ਵੱਧ ਨਿੱਘੇ ਨਜ਼ਰ ਆ ਰਹੇ ਹਨ, ਜਿੰਨੇ ਕਿਸੇ ਵਕਤ ਭਾਰਤ ਤੇ ਰੂਸ ਵਿਚਾਲੇ ਹੁੰਦੇ ਸਨ। ਓਦੋਂ ਰੂਸ ਤੇ ਭਾਰਤ ਦਾ ਜੰਗੀ ਸਮਝੌਤਾ ਹੋਣ ਕਾਰਨ ਜਦੋਂ ਬੰਗਲਾ ਦੇਸ਼ ਦੀ ਲੜਾਈ ਵਿੱਚ ਭਾਰਤ ਕੁੱਦਿਆ ਤਾਂ ਅਮਰੀਕਾ ਦਾ ਜੰਗੀ ਬੇੜਾ ਪਾਕਿਸਤਾਨੀ ਫੌਜ ਦੀ ਮਦਦ ਵਾਸਤੇ ਤੁਰਦਾ ਵੇਖਦੇ ਸਾਰ ਸੋਵੀਅਤ ਰੂਸ ਨੇ ਭਾਰਤ ਦੀ ਮਦਦ ਲਈ ਆਪਣਾ ਬੇੜਾ ਅੱਗਲਵਾਂਢੀ ਰਾਹ ਰੋਕਣ ਵਾਸਤੇ ਠੇਲ੍ਹ ਦਿੱਤਾ ਸੀ ਅਤੇ ਅਮਰੀਕਾ ਵਾਲੇ ਭਾਰਤ ਤੋਂ ਡਰ ਕੇ ਨਹੀਂ, ਰੂਸ ਨਾਲ ਪੇਚਾ ਪੈਂਦਾ ਟਾਲਣ ਲਈ ਪਿੱਛੇ ਮੁੜ ਗਏ ਸਨ। ਓਦੋਂ ਦੀ ਕਹਾਣੀ ਅੱਜ ਏਨੀ ਬਦਲ ਗਈ ਹੈ ਕਿ ਉਸ ਵਿੱਚ ਜਿਹੜੀ ਥਾਂ ਰੂਸ ਲਿਖਿਆ ਹੁੰਦਾ ਸੀ, ਅੱਜ ਓਥੇ ਅਮਰੀਕਾ ਲਿਖਿਆ ਦਿੱਸਣ ਲੱਗ ਪਿਆ ਹੈ। ਇਹੋ ਗੱਲ ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਭਾਰਤ ਦੇ ਲੋਕਾਂ ਵਾਸਤੇ ਚਿੰਤਾ ਵਾਲੀ ਹੋ ਸਕਦੀ ਹੈ, ਪਰ ਭਾਰਤ ਦੀ ਸਰਕਾਰ ਇਹੋ ਜਿਹੀ ਚਿੰਤਾ ਵੱਲ ਕਿਸੇ ਦਾ ਧਿਆਨ ਨਾ ਜਾਣ ਦੇਣ ਲਈ ਨਿੱਤ ਦਿਨ ਦੂਸਰੇ ਮੁੱਦੇ ਉਛਾਲਣ ਲੱਗੀ ਰਹਿੰਦੀ ਹੈ। ਬਹੁਤ ਘੱਟ ਲੋਕ ਇਹ ਗੱਲ ਸਮਝਦੇ ਹਨ ਕਿ ਪਾਕਿਸਤਾਨ ਨਾਲ ਨੇੜਲੇ ਸੰਬੰਧ ਟੁੱਟ ਜਾਣ ਮਗਰੋਂ ਅਮਰੀਕਾ ਵਾਲੇ ਜਿਨ੍ਹਾਂ ਲੋੜਾਂ ਲਈ ਅਜੇ ਤੱਕ ਪਾਕਿਸਤਾਨ ਨੂੰ ਵਰਤਦੇ ਹੁੰਦੇ ਸਨ, ਉਨ੍ਹਾਂ ਲੋੜਾਂ ਦੀ ਪੂਰਤੀ ਲਈ ਅਗਲੇ ਸਮੇਂ ਵਿੱਚ ਭਾਰਤ ਨੂੰ ਵਰਤਣ ਵਾਲੇ ਹਾਲਾਤ ਚੁੱਪ-ਚੁਪੀਤੇ ਬਣਾਈ ਬੈਠੇ ਜਾਪਦੇ ਹਨ। ਇਹ ਗੱਲ ਸਾਡੇ ਲੋਕਾਂ ਨੂੰ ਸਮਝਣੀ ਪੈ ਸਕਦੀ ਹੈ।

ਪਿਛਲੇ ਦਿਨਾਂ ਵਿੱਚ ਭਾਰਤ ਦੇ ਕੁਝ ਹਾਈਵੇਜ਼ ਨੂੰ ਐਮਰਜੈਂਸੀ ਲੋੜਾਂ ਲਈ ਹਵਾਈ ਜਹਾਜ਼ ਉਤਾਰਨ ਜੋਗੇ ਰੰਨਵੇ ਬਣਾ ਦੇਣ ਦੀਆਂ ਕਈ ਖਬਰਾਂ ਅਸੀਂ ਲੋਕਾਂ ਨੇ ਸੁਣੀਆਂ ਅਤੇ ਪੜ੍ਹੀਆਂ ਸਨ। ਹਾਈਵੇਜ਼ ਨੂੰ ਰੰਨਵੇ ਵਰਗਾ ਬਣਾਉਣ ਵਾਲਾ ਕੰਮ ਕੋਈ ਇਸੇ ਸਾਲ ਨਹੀਂ ਹੋਇਆ, ਇਸ ਦੀ ਸ਼ੁਰੂਆਤ ਉੱਤਰ ਪ੍ਰਦੇਸ਼ ਵਿੱਚ ਅਖਿਲੇਸ਼ ਸਿੰਘ ਦੀ ਸਰਕਾਰ ਦੌਰਾਨ ਹੀ ਹੋ ਗਈ ਸੀ ਅਤੇ ਏਦਾਂ ਦੇ ਪਹਿਲੇ ਰੰਨਵੇ ਦੀ ਟੈੱਸਟਿੰਗ ਵੇਲੇ ਉਹ ਸਮਾਗਮ ਦਾ ਮੁੱਖ ਮਹਿਮਾਨ ਬਣਿਆ ਸੀ, ਪਰ ਭਾਰਤ ਦੇ ਲੋਕਾਂ ਨੂੰ ਓਦੋਂ ਤੱਕ ਵਿਚਲੀ ਗੱਲ ਦਾ ਅਹਿਸਾਸ ਨਹੀਂ ਸੀ ਹੋ ਰਿਹਾ। ਅੱਜਕੱਲ੍ਹ ਜਦੋਂ ਕਿਸੇ ਥਾਂ ਏਦਾਂ ਦੇ ਹਾਈਵੇਜ਼ ਨੂੰ ਐਮਰਜੈਂਸੀ ਰੰਨਵੇ ਵਾਂਗ ਵਰਤਣ ਦੇ ਯੋਗ ਬਣਾਇਆ ਅਤੇ ਪਰਚਾਰਿਆ ਜਾਂਦਾ ਹੈ ਤਾਂ ਨਾਲ ਹੀ ਸਰਕਾਰ ਪੱਖੀ ਚੈਨਲਾਂ ਦੇ ਐਂਕਰ ਇਹ ਗੱਲ ਮੁੜ-ਮੁੜ ਆਖਦੇ ਹਨ ਕਿ ਭਾਰਤ ਦੇ ਇਹ ਐਮਰਜੈਂਸੀ ਰੰਨਵੇ ਅਮਰੀਕਾ ਦੇ ਉਨ੍ਹਾਂ ਹਾਈਵੇਜ਼ ਵਰਗੇ ਬਣੇ ਹਨ, ਜਿਨ੍ਹਾਂ ਉੱਤੇ ਅਮਰੀਕੀ ਹਵਾਈ ਫੌਜ ਦੇ ਜਹਾਜ਼ ਕਿਸੇ ਵੇਲੇ ਵੀ ਉੱਤਰ ਸਕਦੇ ਹਨ। ਇਹ ਜ਼ਿਕਰ ਸੁੱਤੇ ਸਿੱਧ ਨਹੀਂ ਹੁੰਦਾ, ਇਸ ਦੇ ਪਿੱਛੇ ਲੋਕਾਂ ਨੂੰ ਇੱਕ ਤਰ੍ਹਾਂ ਮਾਨਸਿਕ ਤੌਰ ਉੱਤੇ ਤਿਆਰ ਕਰਨ ਦੀ ਖੇਡ ਹੈ, ਤਾਂ ਕਿ ਭਲਕ ਨੂੰ ਜਦੋਂ ਕਿਤੇ ਇਹੋ ਜਿਹੇ ਜਹਾਜ਼ ਸੜਕਾਂ ਉੱਤੇ ਉਤਾਰਨ ਦੀ ਘੜੀ ਆਵੇ ਤਾਂ ਲੋਕਾਂ ਦੀ ਸੋਚ ਨੂੰ ਝਟਕਾ ਨਾ ਲੱਗੇ।

ਉੱਨੀਵੀਂ ਸਦੀ ਦੇ ਅੰਤ ਵਿੱਚ ਜਦੋਂ ਕੁਝ ਪੱਛਮੀ ਦੇਸ਼ਾਂ ਵਿੱਚ ਸੜਕਾਂ ਨੂੰ ਚੌੜੀਆਂ ਕਰਨ ਤੇ ਨਾਲੋ ਨਾਲ ਰਾਹਾਂ ਵਿੱਚ ਕੁਝ ਦੇਰ ਪੜਾਅ ਕਰਨ ਦੇ ਟਿਕਾਣੇ ਬਣਾਉਣ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਰਣਨੀਤਕ ਮਾਹਰਾਂ ਨੇ ਓਦੋਂ ਹੀ ਕਹਿ ਦਿੱਤਾ ਸੀ ਕਿ ਕਿਸੇ ਵੱਡੀ ਜੰਗ ਦੀਆਂ ਤਿਆਰੀਆਂ ਹੁੰਦੀਆਂ ਜਾਪਦੀਆਂ ਹਨ। ਬਾਅਦ ਵਿੱਚ ਦੋ ਏਦਾਂ ਦੀਆਂ ਸੰਸਾਰ ਜੰਗਾਂ ਲੱਗਣ ਦੀ ਬਦਕਿਸਮਤ ਘੜੀ ਆ ਗਈ ਸੀ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਸੋਚਿਆ ਨਹੀਂ ਸੀ। ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਅਮਰੀਕਾ ਦਾ ਪਾਕਿਸਤਾਨ ਨੂੰ ਇੱਕਦਮ ਛੰਡ ਕੇ ਪਿਛਾਹ ਕਰਨਾ ਅਤੇ ਸਾਊਦੀ ਅਰਬ ਤੋਂ ਆਪਣੀ ਨਿਗਾਹ ਘੁੰਮਾ ਕੇ ਅਚਾਨਕ ਆਸਟਰੇਲੀਆ ਅਤੇ ਬ੍ਰਿਟੇਨ ਨਾਲ ਮਿਲ ਕੇ ਨਵਾਂ 'ਆਕੱਸ' ਵਾਲਾ ਗੱਠਜੋੜ ਬਣਾ ਲੈਣਾ ਕੁਝ ਖਾਸ ਇਸ਼ਾਰੇ ਕਰ ਸਕਦਾ ਹੈ। ਸੰਸਾਰ ਰਣਨੀਤੀ ਵਿੱਚ ਸਾਰਾ ਕੁਝ ਕਿਹਾ ਨਹੀਂ ਜਾਂਦਾ, ਕਈ ਗੱਲਾਂ ਦੇ ਇਸ਼ਾਰੇ ਸਮਝਣੇ ਪੈਂਦੇ ਹਨ ਅਤੇ ਇਸ ਵਕਤ ਵੀ ਸੰਸਾਰ ਦੀ ਰਣਨੀਤੀ ਕੁਝ ਇਸ਼ਾਰੇ ਜਿਹੇ ਕਰਦੀ ਜਾਪਦੀ ਹੈ।

# ਚੰਦਰਮਾ 'ਵੋਬਲ' ਚੜ੍ਹਦੀ ਲਹਿਰਾਂ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ



-ਵਿਜੈ ਗਰਗ-

ਤੇਜ਼ੀ ਨਾਲ ਉਦਯੋਗੀਕਰਨ ਅਤੇ ਪਿਛਲੀਆਂ ਦੋ ਸਦੀਆਂ ਵਿੱਚ ਵਧੀਆਂ ਤਕਨੀਕੀ ਗੁੰਝਲਤਾ ਦੇ ਨਾਲ, ਅਜਿਹਾ ਲਗਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਦੀ ਵਿਸ਼ਾਲਤਾ ਨਾਲ ਸੰਪਰਕ ਗੁਆ ਚੁੱਕੇ ਹਾਂ. ਅੱਜ, ਵਾਤਾਵਰਣ ਤੇ ਸਾਡੇ ਫਿੰਗਰਪ੍ਰਿੰਟਸ ਹਰ ਜਗ੍ਹਾ ਮਿਲ ਸਕਦੇ ਹਨ - ਵਾਯੂਮੰਡਲ, ਸਮੁੰਦਰ ਅਤੇ ਧਰਤੀ ਦੀ ਸਤਹ. ਪਿੱਛੇ ਨਾ ਹਟਣ ਲਈ, ਹੁਣ ਇੱਕ ਹੋਰ ਖਿਡਾਰੀ ਆਕਾਸ਼ ਵਿੱਚ ਹੈ - ਚੰਦਰਮਾ, ਜਿਸਦੀ ਸਮੇਂ -ਸਮੇਂ 'ਤੇ ਧਰਤੀ' ਤੇ ਵਧ ਰਹੇ ਸਮੁੰਦਰ ਦੇ ਪੱਧਰ ਦੇ ਨਾਲ 'ਹਿਲਾਉਣਾ' ਨੇੜਲੇ ਭਵਿੱਖ ਵਿੱਚ ਉੱਚੀਆਂ ਲਹਿਰਾਂ ਨੂੰ ਹੋਰ ਉੱਚਾ ਕਰ ਦੇਵੇਗਾ, ਅੰਤ ਵਿੱਚ ਵਿਸ਼ਵ ਭਰ ਵਿੱਚ ਵਿਨਾਸ਼ਕਾਰੀ ਹੜ੍ਹਾਂ ਦਾ ਕਾਰਨ ਬਣਦਾ ਹੈ . ਉੱਚੀਆਂ ਲਹਿਰਾਂ ਮੁੱਖ ਤੌਰ ਤੇ ਧਰਤੀ ਉੱਤੇ ਚੰਦਰਮਾ ਦੁਆਰਾ ਖਿੱਚੀਆਂ ਗਈਆਂ ਗੁਰੂਤਾ ਖਿੱਚਾਂ ਕਾਰਨ ਹੁੰਦੀਆਂ ਹਨ. ਪਰ ਕਿਉਂਕਿ ਸਾਡੇ ਗ੍ਰਹਿ ਦਾ ਇਕਲੌਤਾ ਕੁਦਰਤੀ ਉਪਗ੍ਰਹਿ 18.6 ਸਾਲ ਦੇ ਅਨੁਮਾਨ ਲਗਾਉਣ ਦੇ ਚੱਕਰ ਵਿੱਚ ਇੰਨੀ ਹੌਲੀ ਹੌਲੀ ਹਿੱਲਦਾ ਹੈ, ਇਸ ਲਈ ਖਿੱਚਣ ਦੀ ਸ਼ਕਤੀ ਹਰ ਸਾਲ ਬਦਲਦੀ ਰਹਿੰਦੀ ਹੈ. ਫਿਰ ਵੀ, ਨਤੀਜਾ ਦੋ ਸਮਕਾਲੀ ਉੱਚੀਆਂ ਲਹਿਰਾਂ ਦਾ ਹੁੰਦਾ ਹੈ: ਇੱਕ ਧਰਤੀ ਦੇ ਇੱਕ ਪਾਸੇ ਚੰਦਰਮਾ ਦਾ ਸਾਹਮਣਾ ਕਰਨਾ, ਅਤੇ ਦੂਜਾ ਉਲਟ ਪਾਸੇ. ਧਰਤੀ ਆਪਣੀ ਧੁਰੀ 'ਤੇ ਚੰਨ ਦੇ ਦੁਆਲੇ ਘੁੰਮਣ ਨਾਲੋਂ ਬਹੁਤ ਤੇਜ਼ੀ ਨਾਲ ਘੁੰਮਦੀ ਹੈ. ਸਾਡੇ ਗ੍ਰਹਿ ਦੀ ਤੇਜ਼ੀ ਨਾਲ ਘੁੰਮਣ ਦੇ ਨਾਲ ਸੂਰਜ ਦੇ ਬਾਰੇ ਵਿੱਚ ਉੱਚੀ ਪਰਿਕਲਤੀ ਗਤੀ ਚੰਦਰਮਾ ਦੀ ਪਰਿਕਰਮਾ ਤੋਂ ਪਹਿਲਾਂ ਸਮੁੰਦਰੀ ਤੂਫਾਨ ਨੂੰ ਖਿੱਚਦੀ ਹੈ, ਜਦੋਂ ਕਿ ਚੰਦਰਮਾ ਦੀ ਗੁਰੂਤਾ ਖਿੱਚ ਇਸ ਨੂੰ ਪਿੱਛੇ ਖਿੱਚਣ ਦੀ ਕੋਸ਼ਿਸ਼ ਕਰਦੀ ਹੈ. ਧਰਤੀ, ਇਸ ਲਈ, ਇੱਕ ਖਿੱਚਣ ਵਾਲੀ ਸ਼ਕਤੀ ਨੂੰ ਮਹਿਸੂਸ ਕਰਦੀ ਹੈ ਜਿਸਨੂੰ ਸਮੁੰਦਰੀ ਘੁਟਣ ਕਿਹਾ ਜਾਂਦਾ ਹੈ, ਜਿਸਨੇ ਆਪਣੀ ਘੁੰਮਣ ਅਵਧੀ ਨੂੰ ਲਗਭਗ ਚਾਰ ਅਰਬ ਸਾਲ ਪਹਿਲਾਂ ਪੰਜ ਘੰਟਿਆਂ ਤੋਂ ਘਟਾ ਕੇ ਅੱਜ 23 ਘੰਟੇ 56 ਮਿੰਟ ਕਰ ਦਿੱਤਾ ਹੈ. ਚੰਦਰਮਾ ਨੂੰ ਆਪਣੀ ਧੁਰੀ ਉੱਤੇ ਇੱਕ ਵਾਰ ਘੁੰਮਣ ਵਿੱਚ ਉਹੀ ਸਮਾਂ - 27.3 ਦਿਨ - ਲੱਗਦੇ ਹਨ ਜਿਵੇਂ ਕਿ ਇਹ ਧਰਤੀ ਦੇ ਚੱਕਰ ਲਗਾਉਂਦਾ ਹੈ. ਇਸ ਨੂੰ ਸਮਕਾਲੀ ਰੋਟੇਸ਼ਨ ਕਿਹਾ ਜਾਂਦਾ ਹੈ. ਦੂਜੇ ਸ਼ਬਦਾਂ ਵਿੱਚ, ਚੰਦਰਮਾ ਧਰਤੀ ਦੇ ਨਾਲ ਸੁਚਾਰੂ ਢੰਗ ਨਾਲ ਬੰਦ ਹੈ, ਜਿਸਦਾ ਅਰਥ ਹੈ ਕਿ ਅਸੀਂ ਹਮੇਸ਼ਾਂ ਚੰਦਰਮਾ ਦੇ ਉਸੇ ਪਾਸੇ ਨੂੰ ਵੇਖਦੇ ਹਾਂ, ਚਾਹੇ ਉਹ ਚੰਦਰਮਾ ਆਪਣੀ ਕਲਾ ਵਿੱਚ ਹੋਵੇ. ਇਸ ਤੋਂ ਇਲਾਵਾ, ਚੰਦਰਮਾ ਦੀ ਸਪੱਸ਼ਟ ਤੌਰ 'ਤੇ ਹਿਲਾਉਣਾ ਅਤੇ ਹਿਲਾਉਣਾ ਹੈ, ਜਿਸ ਨੂੰ ਸਮੂਹਿਕ ਤੌਰ' ਤੇ "ਮੁਕਤੀ" ਕਿਹਾ ਜਾਂਦਾ ਹੈ. ਹਿਲਾਉਣਾ ਇੱਕ ਸਧਾਰਨ ਪੈਂਡੂਲਮ ਦੀ ਅੱਗੇ ਅਤੇ ਅੱਗੇ ਦੀ ਗਤੀ ਦੇ ਸਮਾਨ ਹੈ. ਇਹ ਚੰਦਰਮਾ ਦੀ ਧਰਤੀ ਦੇ ਦੁਆਲੇ ਇਸਦੇ ਅੰਡਾਕਾਰ ਚੱਕਰ ਦੇ ਨਾਲ ਗੈਰ-ਇਕਸਾਰ ਗਤੀ ਦਾ ਪ੍ਰਭਾਵ ਹੈ. ਜਿਵੇਂ ਕਿ ਚੰਦਰਮਾ ਪੈਰੀਗੀ ਦੇ ਨੇੜੇ ਪਹੁੰਚਦਾ ਹੈ, ਜੋ ਕਿ ਧਰਤੀ ਦੇ ਸਭ ਤੋਂ ਨੇੜਿਓਂ ਬਿੰਦੂ ਹੁੰਦਾ ਹੈ, ਓਰਬਿਟਲ ਗਤੀ ਵਧਦੀ ਹੈ. ਇਹ ਘਟਦਾ ਜਾਂਦਾ ਹੈ ਕਿਉਂਕਿ ਇਹ ਪੈਰੀਗੀ ਤੋਂ ਵਾਪਸ ਜਾਂਦਾ ਹੈ ਅਤੇ ਅਪੋਗੀ ਦੇ ਨੇੜੇ ਆਉਂਦਾ ਹੈ, ਜੋ ਕਿ ਧਰਤੀ ਤੋਂ ਸਭ ਤੋਂ ਦੂਰ ਹੈ. ਚੱਕਰ ਦੀ ਗਤੀ ਵਿੱਚ ਇਹ ਹੌਲੀ ਹੌਲੀ ਵਾਧਾ ਅਤੇ ਕਮੀ ਕਾਰਨ ਚੰਦਰਮਾ ਪੂਰਬ-ਪੱਛਮ ਦਿਸ਼ਾ ਵਿੱਚ ਲਗਭਗ ਸੱਤ ਡਿਗਰੀ ਤੱਕ-ਘੱਟੋ ਘੱਟ ਸਾਡੀਆਂ ਅੱਖਾਂ ਦੇ ਅੱਗੇ ਅਤੇ ਪਿੱਛੇ ਹਿਲਦਾ ਹੈ. ਹਿਲਾਉਣ ਵਾਲੀ ਗਤੀ ਇਸ ਤੱਥ ਤੋਂ ਵੀ ਉੱਠਦੀ ਹੈ ਕਿ ਚੰਦਰਮਾ ਦਾ ਘੁੰਮਣ ਵਾਲਾ ਧੁਰਾ ਇਸਦੇ ਚੱਕਰ ਦੇ ਜਹਾਜ਼ ਲਈ ਲੰਬਵਤ ਨਹੀਂ ਹੈ; ਇਹ 1.5 ਡਿਗਰੀ ਨਾਲ ਝੁਕਿਆ ਹੋਇਆ ਹੈ. ਇਸ ਤੋਂ ਇਲਾਵਾ, ਚੰਦਰਮਾ ਦਾ ਰਬਿਟਲ ਪਲੇਨ ਧਰਤੀ ਦੇ ਰਬਿਟਲ ਪਲੇਨ ਵੱਲ ਲਗਭਗ ਪੰਜ ਡਿਗਰੀ ਤੱਕ ਝੁਕਿਆ ਹੋਇਆ ਹੈ. ਇਨ੍ਹਾਂ ਝੁਕਾਵਾਂ ਦਾ ਸ਼ੁੱਧ ਪ੍ਰਭਾਵ ਉੱਤਰ-ਦੱਖਣ ਦਿਸ਼ਾ ਵਿੱਚ ਇੱਕ ਉੱਪਰ ਅਤੇ ਹੇਠਾਂ ਹਿੱਲਣਾ, ਜਾਂ ਹਿਲਾਉਣਾ ਹੈ. ਗਲੋਬਲ ਵਾਰਮਿੰਗ ਦੇ ਨਾਲ, ਚੰਦਰਮਾ ਦੀ ਲਹਿਰ ਜਾਂ ਤਾਂ ਲਹਿਰਾਂ ਦੀ ਤੀਬਰਤਾ ਨੂੰ ਵਧਾ ਸਕਦੀ ਹੈ ਜਾਂ ਉਨ੍ਹਾਂ ਦਾ ਮੁਕਾਬਲਾ ਕਰ ਸਕਦੀ ਹੈ. 18.6 ਸਾਲਾਂ ਦੇ ਘੁੰਮਣ ਚੱਕਰ ਦੇ ਅੱਧੇ ਸਮੇਂ ਦੇ ਦੌਰਾਨ, ਉੱਚੀਆਂ ਲਹਿਰਾਂ ਆਮ ਨਾਲੋਂ ਘੱਟ ਹੁੰਦੀਆਂ ਹਨ ਅਤੇ ਘੱਟ ਲਹਿਰਾਂ ਆਮ ਨਾਲੋਂ ਵੱਧ ਹੁੰਦੀਆਂ ਹਨ, ਇਸ ਲਈ ਦੋਵਾਂ ਵਿੱਚ ਅੰਤਰ ਬਹੁਤ ਛੋਟਾ ਹੁੰਦਾ ਹੈ. ਨਤੀਜੇ ਵਜੋਂ, ਇਹ ਕੁਝ ਹੱਦ ਤੱਕ ਵਧ ਰਹੇ ਸਮੁੰਦਰਾਂ ਦੇ ਪ੍ਰਭਾਵ ਨੂੰ ਨਕਾਰਦਾ ਹੈ. ਚੱਕਰ ਦੇ ਦੂਜੇ ਅੱਧ ਦੇ ਦੌਰਾਨ, ਉੱਚੀਆਂ ਲਹਿਰਾਂ ਵੱਡੀਆਂ ਹੁੰਦੀਆਂ ਹਨ ਅਤੇ ਹੇਠਲੀਆਂ ਲਹਿਰਾਂ ਘੱਟ ਹੁੰਦੀਆਂ ਹਨ, ਇਸ ਤੋਂ ਬਾਅਦ ਉੱਚੀਆਂ ਅਤੇ ਨੀਵੀਆਂ ਲਹਿਰਾਂ ਦੇ ਵਿਚਕਾਰ ਸੀਮਾ ਵਧਦੀ ਹੈ. ਇਹ ਚੱਕਰ ਸਮੁੰਦਰ ਦੇ ਪੱਧਰ ਦੇ ਵਧਣ ਦੇ ਪ੍ਰਭਾਵਾਂ ਨੂੰ ਵਧਾਉਂਦਾ ਹੈ. ਚੰਦਰਮਾ ਹੁਣ ਲਹਿਰਾਂ ਨੂੰ ਵਧਾਉਣ ਦੇ ਚੱਕਰ ਵਿੱਚ ਹੈ, ਪਰ ਜਲਵਾਯੂ ਤਬਦੀਲੀ ਦੇ ਕਾਰਨ ਪ੍ਰਭਾਵ ਨੂੰ ਸਪੱਸ਼ਟ ਕੀਤੇ ਜਾਣ ਦੇ ਕਾਰਨ ਅਜੇ ਤੱਕ ਸਮੁੰਦਰ ਦਾ ਪੱਧਰ ਉੱਚਾ ਨਹੀਂ ਹੋਇਆ ਹੈ. ਹਾਲਾਂਕਿ, ਨਾਸਾ ਅਤੇ ਹਵਾਈ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਪੀਅਰ-ਸਮੀਖਿਆ ਕੀਤੇ ਵਿ-ਗਿਆਨਕ ਰਸਾਲੇ ਨੇਚਰ ਕਲਾਈਮੇਟ ਚੇਂਜ ਵਿੱਚ ਪ੍ਰਕਾਸ਼ਤ ਇੱਕ ਨਵਾਂ ਅਧਿਐਨ, ਪੱਛਮੀ ਯੂਰਪ ਵਿੱਚ ਹਾਲ ਹੀ ਵਿੱਚ ਵਿਨਾਸ਼ਕਾਰੀ ਹੜ੍ਹ ਤੋਂ ਕੁਝ ਦਿਨ ਪਹਿਲਾਂ, ਚੇਤਾਵਨੀ ਦਿੰਦਾ ਹੈ ਕਿ ਧਰਤੀ ਨੂੰ 2030 ਦੇ ਅੱਧ ਵਿੱਚ ਰਿਕਾਰਡ ਹੜ੍ਹਾਂ ਦਾ ਅਨੁਭਵ ਹੋ ਸਕਦਾ ਹੈ, ਜਦੋਂ ਚੰਦਰਮਾ ਦਾ ਅਗਲਾ ਲਹਿਰਾਂ-ਪ੍ਰਸਾਰਣ ਚੱਕਰ ਹੋਣ ਵਾਲਾ ਹੈ. ਉਸ ਸਮੇਂ ਤੱਕ, ਗਲੋਬਲ ਸਮੁੰਦਰ ਦਾ ਪੱਧਰ ਪਹਿਲਾਂ ਹੀ ਉੱਚੀਆਂ ਉੱਚੀਆਂ ਲਹਿਰਾਂ ਨੂੰ ਖਾਸ ਕਰਕੇ ਮੁਸ਼ਕਲ ਬਣਾਉਣ ਲਈ ਕਾਫ਼ੀ ਵੱਧ ਗਿਆ ਹੋਵੇਗਾ. ਇਹ ਅਧਿਐਨ ਹੜ੍ਹਾਂ ਦੇ ਸਾਰੇ ਜਾਣੇ -ਪਛਾਣੇ ਸਮੁੰਦਰੀ ਅਤੇ ਖਗੋਲ ਵਿਗਿਆਨਕ ਕਾਰਨਾਂ ਨੂੰ ਧਿਆਨ ਵਿੱਚ ਰੱਖਣ ਵਾਲਾ ਪਹਿਲਾ ਹੈ. ਅਧਿਐਨ ਦੇ ਅਨੁਸਾਰ, ਇਹ ਹੜ੍ਹ ਤੱਟਵਰਤੀ ਦੇਸ਼ਾਂ ਵਿੱਚ ਹੜ੍ਹ ਦੀ ਹੱਦ ਤੋਂ ਜ਼ਿਆਦਾ ਵਾਰ ਹੱਦੋਂ ਵੱਧ ਜਾਣਗੇ - ਜਿੰਨੀ ਅਕਸਰ ਹਰ ਰੋਜ਼ ਜਾਂ ਹਰ ਦੂਜੇ ਦਿਨ. ਉਹ ਕਲੱਸਟਰਾਂ ਵਿੱਚ ਵੀ ਹੋ ਸਕਦੇ ਹਨ ਅਤੇ ਚੰਦਰਮਾ, ਧਰਤੀ ਅਤੇ ਸੂਰਜ ਦੀਆਂ ਸਥਿਤੀਆਂ ਦੇ ਅਧਾਰ ਤੇ ਇੱਕ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਤੱਕ ਰਹਿ ਸਕਦੇ ਹਨ. ਅਧਿਐਨ ਚੇਤਾਵਨੀ ਦਿੰਦਾ ਹੈ, "ਇਹ ਸਮੇਂ ਦੇ ਨਾਲ ਇਕੱਠਾ ਹੋਇਆ ਪ੍ਰਭਾਵ ਹੈ ਜਿਸਦਾ ਪ੍ਰਭਾਵ ਪਵੇਗਾ." ਹਾਲਾਂਕਿ, ਇਹ ਇਹ ਵੀ ਨੋਟ ਕਰਦਾ ਹੈ ਕਿ ਭਵਿੱਖਬਾਣੀ ਹਰ ਸਮੁੰਦਰੀ ਤੱਟ 'ਤੇ ਹਰ ਜਗ੍ਹਾ ਇਕਸਾਰ ਲਾਗੂ ਨਹੀਂ ਹੁੰਦੀ. ਜਲਵਾਯੂ ਪਰਿਵਰਤਨ ਨੇ ਪਹਿਲਾਂ ਹੀ ਦੁਨੀਆ ਭਰ ਵਿੱਚ ਤੂਫਾਨਾਂ, ਹੜ੍ਹਾਂ ਅਤੇ ਹੋਰ ਮੌਸਮ ਦੀਆਂ ਘਟਨਾਵਾਂ ਦੀ ਬਾਰੰਬਾਰਤਾ ਅਤੇ ਤੀਬਰਤਾ ਵਿੱਚ ਵਾਧਾ ਕੀਤਾ ਹੈ. ਦੂਰੀ 'ਤੇ ਇਹ ਆਉਣ ਵਾਲਾ ਖ਼ਤਰਾ ਵਾਧੂ ਤਬਾਹੀ ਮਚਾ ਸਕਦਾ ਹੈ, ਜਿਸ ਨਾਲ ਸਮੁੰਦਰੀ ਤੱਟ ਦੇ ਨਾਲ ਰਹਿਣ ਵਾਲੇ ਲੋਕਾਂ ਲਈ ਜਲਵਾਯੂ ਤਬਦੀਲੀ ਦੀ ਪਹਿਲਾਂ ਤੋਂ ਹੀ ਭਿਆਨਕ ਭਵਿੱਖਬਾਣੀਆਂ ਖਰਾਬ ਹੋ ਸਕਦੀਆਂ ਹਨ. ਯੂਐਸ ਐਟਲਾਂਟਿਕ ਅਤੇ ਖਾੜੀ ਤੱਟ ਦੇ ਕੁਝ ਵੱਡੇ ਸ਼ਹਿਰ, ਜਿਨ੍ਹਾਂ ਵਿੱਚ ਨਿਊਯਾਰਕ ਸਿਟੀ, ਮਿਆਮੀ ਅਤੇ ਨਿਊਓਰਲੀਨਜ਼ ਸ਼ਾਮਲ ਹਨ, ਨੂੰ ਸਖਤ ਮਾਰ ਪਵੇਗੀ. ਜਪਾਨ ਵਿੱਚ ਓਸਾਕਾ ਇੱਕ ਪ੍ਰਮੁੱਖ ਜੋਖਮ ਵਾਲਾ ਸ਼ਹਿਰ ਵੀ ਹੈ; ਜਲਵਾਯੂ ਮਾਡਲ ਦਿਖਾਉਂਦੇ ਹਨ ਕਿ ਇਹ ਵਧਦੀ ਲਹਿਰਾਂ ਦੇ ਨਾਲ "ਅਲੋਪ" ਹੋ ਸਕਦਾ ਹੈ. ਹੋਰ ਉੱਚ ਜੋਖਮ ਵਾਲੇ ਸ਼ਹਿਰ ਹਨ ਮਿਸਰ ਵਿੱਚ ਅਲੈਗਜ਼ੈਂਡਰੀਆ, ਬ੍ਰਾਜ਼ੀਲ ਵਿੱਚ ਰੀਓ ਡੀ ਜਨੇਰੀਓ ਅਤੇ ਚੀਨ ਵਿੱਚ ਸ਼ੰਘਾਈ. ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਇੱਕ ਅਧਰਮੀ ਸਮਾਜ ਤੋਂ ਬਚਾਉਣ ਲਈ ਨੂਹ ਨੂੰ ਇੱਕ ਕਿਸ਼ਤੀ ਬਣਾਉਣ ਵਿੱਚ ਕਈ ਸਾਲ ਲੱਗ ਗਏ ਜਿਨ੍ਹਾਂ ਨੂੰ ਰੱਬ ਇੱਕ ਵਿਨਾਸ਼ਕਾਰੀ ਹੜ੍ਹ ਭੇਜ ਕੇ ਤਬਾਹ ਕਰਨ ਜਾ ਰਿਹਾ ਸੀ. ਨੂਹ ਦੇ ਉਲਟ, ਸਾਡੇ ਕੋਲ ਜਲਵਾਯੂ ਪਰਿਵਰਤਨ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੋਂ ਬਚਾਉਣ ਲਈ ਲੋੜੀਂਦੇ ਨਿਵਾਰਣ ਅਤੇ ਅਨੁਕੂਲਤਾ ਦਾ ਕਿਸ਼ਤੀ ਬਣਾਉਣ ਲਈ ਸਾਡੇ ਕੋਲ ਘੱਟੋ ਘੱਟ 15 ਸਾਲ ਹਨ. ਇਸ ਤਰ੍ਹਾਂ ਇਹ ਸਮੇਂ ਦੇ ਵਿਰੁੱਧ ਇੱਕ ਦੌੜ ਹੈ, ਕਿਉਂਕਿ ਹੜ੍ਹ ਬਹੁਤ ਸਾਰੇ ਲੋਕਾਂ ਦੇ ਸੋਚਣ ਨਾਲੋਂ ਤੇਜ਼ੀ ਨਾਲ ਆ ਰਿਹਾ ਹੈ. ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਨਾਸਾ ਦੀ ਸਮੁੰਦਰੀ ਪੱਧਰ ਦੀ ਤਬਦੀਲੀ ਟੀਮ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰ ਰਹੀ ਹੈ ਤਾਂ ਜੋ ਅਸੀਂ "ਹੜ੍ਹ ਨਾਲ ਪ੍ਰਭਾਵਿਤ ਵਾਤਾਵਰਣ ਅਤੇ ਲੋਕਾਂ ਦੀ ਰੋਜ਼ੀ -ਰੋਟੀ ਨੂੰ ਨੁਕਸਾਨ ਦੀ ਯੋਜਨਾ, ਸੁਰੱਖਿਆ ਅਤੇ ਰੋਕਥਾਮ ਕਰ ਸਕੀਏ." ਅਖੀਰ ਵਿੱਚ, ਸਾਡਾ ਚੰਦਰਮਾ, ਹੁਣ ਤੱਕ ਅਕਾਸ਼ ਵਿੱਚ ਚਮਕਦਾਰ ਰਹੱਸਮਈ ਵਸਤੂ ਸ਼ਾਨਦਾਰ ਰੂਪ ਵਿੱਚ ਚਮਕ ਰਹੀ ਹੈ, "ਆਪਣੀ ਪ੍ਰਕਿਰਤੀ ਪ੍ਰਤੀ ਵਫ਼ਾਦਾਰ ਰਹੀ ਹੈ ਅਤੇ ਇਸਦੀ ਸ਼ਕਤੀ ਕਦੇ ਘੱਟ ਨਹੀਂ ਹੁੰਦੀ." ਸ਼ਕਤੀਆਂ ਵਿੱਚੋਂ ਇੱਕ ਜੋ ਹਮੇਸ਼ਾਂ ਲਚਕਦੀ ਰਹਿੰਦੀ ਹੈ (ਭਾਵੇਂ ਸਾਡੇ ਦੁਆਰਾ ਕਿਸੇ ਦਾ ਧਿਆਨ ਨਾ ਦਿੱਤਾ ਗਿਆ ਹੋਵੇ) ਅਤੇ ਹੁਣ ਤੋਂ ਲਗਭਗ 15 ਸਾਲ ਬਾਅਦ ਦੁਬਾਰਾ ਫਲੈਕਸ ਕਰੇਗੀ - ਪਰ ਇਸ ਵਾਰ ਜਲਵਾਯੂ ਤਬਦੀਲੀ ਦੇ ਨਾਲ ਮਿਲ ਕੇ ਕੰਮ ਕਰਨਾ - ਰਿਕਾਰਡ ਹੜ੍ਹਾਂ ਨੂੰ ਬਣਾਉਣ ਦੀ ਉਸਦੀ ਯੋਗਤਾ ਹੈ. ਹੜ੍ਹ ਸ਼ਾਇਦ ਸਾਡੇ ਨੇਤਾਵਾਂ ਨੂੰ ਦੇਵੇਗਾ, ਜੋ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਕਾਫ਼ੀ ਕੁਝ ਨਹੀਂ ਕਰ ਰਹੇ ਹਨ, ਹਿਲਾਉਣ ਵਾਲੇ ਚੰਦਰਮਾ ਨੂੰ ਦੋਸ਼ ਦੇ ਕੇ ਤੌਲੀਏ ਵਿੱਚ ਸੁੱਟਣ ਲਈ ਇੱਕ ਅਲਿਬੀ.

# ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ 95 ਸਾਲਾਂ ਦਾ ਲੰਬਾ ਸਫਰ



-ਇੰਦਰ ਮੋਹਨ ਸਿੰਘ-

'ਸਿੱਖ ਗੁਰੂਦੁਆਰਾ ਐਕਟ 1925' ਤੋਂ ਉਪਰੰਤ ਹੋਂਦ 'ਚ ਆਇਆ 'ਦਿੱਲੀ ਸਿੱਖ ਗੁਰੂਦੁਆਰਾ ਐਕਟ 1971' ਸਿੱਖ ਪੰਥ ਲਈ ਇਕ ਵੱਡੀ ਜਿੱਤ ਸੀ ਕਿਉਂਕਿ ਦਿੱਲੀ ਦੇ ਗੁਰਧਾਮਾਂ ਦਾ ਪ੍ਰਬੰਧ ਸਥਾਨਕ ਸਿੱਖ ਵੋਟਰਾਂ ਦੇ ਹੱਥਾਂ 'ਚ ਸੋਂਪਿਆ ਗਿਆ ਸੀ। ਇਸ ਮੁਹਿੰਮ ਦੀ ਸੁਰੁਆਤ ਨਵੰਬਰ 1920 'ਚ ਹੋਈ ਸੀ, ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਹੁਕਮਨਾਮੇ ਦੀ ਮਾਰਫਤ ਸ੍ਰੀ ਅਮ੍ਰਿਤਸਰ ਸਾਹਿਬ 'ਚ ਸਰਬੱਤ ਖਾਲਸਾ ਸੱਦ ਕੇ ਤੁਰੰਤ 'ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ' ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਨੇ ਗੁਰਧਾਮਾਂ 'ਤੇ ਕਾਬਿਜ ਸਾਰੇ ਮੰਹਤਾਂ ਨੂੰ ਅਪੀਲ ਕੀਤੀ ਸੀ ਉਹ ਆਪਣੇ ਗੁਰਧਾਮਾਂ ਦਾ ਪ੍ਰਬੰਧ 'ਤੇ ਉਨ੍ਹਾਂ ਦੀ ਜਾਇਦਾਦਾਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਸੋਂਪ ਦੇਣ। ਸ਼੍ਰੋਮਣੀ ਕਮੇਟੀ ਦੀ ਇਸ ਅਪੀਲ ਦਾ ਦਿੱਲੀ ਦੇ ਗੁਰਧਾਮਾਂ 'ਤੇ ਕਾਬਜ ਮਹੰਤਾਂ ਨੇ ਤਨਦੇਹੀ ਨਾਲ ਪਾਲਨ ਕੀਤਾ ਸੀ। ਸਾਲ 1925 'ਚ 'ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ' ਦਾ ਗਠਨ ਕੀਤਾ ਗਿਆ, ਪਰੰਤੂ ਇਹ ਕਮੇਟੀ ਅਗਸਤ 1938 'ਚ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਤਹਿਤ ਰਜਿਸਟਰਡ ਹੋਣ ਤਕ ਬਗੈਰ ਨਿਰਧਾਰਤ ਨਿਯਮਾਂ ਦੇ ਚਲਦੀ ਰਹੀ। ਹਾਲਾਂਕਿ ਇਸ ਕਮੇਟੀ ਨੂੰ ਸਾਲ 1942 'ਚ 'ਗੁਰੂਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸੂਬਾ' 'ਚ ਤਬਦੀਲ ਕਰ ਦਿੱਤਾ ਗਿਆ 'ਤੇ ਇਸ ਕਮੇਟੀ ਨੂੰ ਵੀ ਸਾਲ 1944 'ਚ ਸੁਸਾਇਟੀ ਰਜਿਸਟਰੇਸ਼ਨ ਐਕਟ ਦੇ ਅਧੀਨ ਰਜਿਸਟਰਡ ਕਰਵਾਇਆ ਗਿਆ ਸੀ। ਭਾਰਤ ਦੇ ਆਜਾਦ ਹੋਣ ਤੋਂ ਉਪਰੰਤ ਅਕਾਲੀ ਦਲ 'ਤੇ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰਾਂ ਵਲੋਂ ਕਾਗਰਸ ਪਾਰਟੀ 'ਚ ਪਾਲਾ ਬਦਲਣ ਦੇ ਕਾਰਨ ਸਾਲ 1951 'ਚ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ 11 ਮੈਂਬਰਾਂ ਦੀ ਇਕ ਆਰਜੀ ਕਮੇਟੀ ਦਾ ਗਠਨ ਕੀਤਾ ਗਿਆ। ਪਰੰਤੂ ਸਾਲ 1956 'ਚ ਸੱਤਾ ਬਦਲਦਿਆਂ ਹੀ ਅਕਾਲੀ ਧੜ੍ਹੇ ਨੇ ਇਸ ਕਮੇਟੀ ਨੂੰ ਭੰਗ ਕਰਕੇ ਇਕ 3 ਮੈਂਬਰੀ ਆਰਜੀ ਕਮੇਟੀ ਬਣਾ ਦਿੱਤੀ 'ਤੇ ਉਪਰੰਤ ਚੋਣਾਂ 'ਚ 8 ਮੈਂਬਰ ਨਿਰਵਿਰੋਧ ਚੁਣੇ ਗਏ 'ਤੇ 7 ਮੈਂਬਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜਦ ਕੀਤੇ ਗਏ। ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਕਾਂਗਰਸ ਧੜ੍ਹੇ ਦੇ ਹੱਥਾਂ 'ਚ ਮੁੱੜ੍ਹ ਆਉਣ 'ਤੇ ਮਾਰਚ 1959 'ਚ ਅਕਾਲੀ ਧੜ੍ਹੇ ਵਲੋਂ ਬਣਾਈ ਗਈ ਗੁਰੂਦੁਆਰਾ ਕਮੇਟੀ ਨੂੰ ਭੰਗ ਕਰਕੇ ਇਕ 5 ਮੈਂਬਰੀ ਆਰਜੀ ਕਮੇਟੀ ਦਾ ਗਠਨ ਕੀਤਾ ਗਿਆ। ਉਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ 'ਤੇ ਕਾਬਜ ਅਹੁਦੇਦਾਰਾਂ ਨੇ ਮਾਰਚ 1959 'ਤੇ ਮੁੱੜ੍ਹ ਮਈ 1959 'ਚ ਦਿੱਲੀ ਦੇ ਇਤਹਾਸਿਕ ਗੁਰਦਵਾਰਾ ਸੀਸ ਗੰਜ ਸਾਹਿਬ 'ਤੇ ਬੰਗਲਾ ਸਾਹਿਬ 'ਤੇ ਜਬਰਨ ਕਬਜਾ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਅਸਲ 'ਚ ਦਿੱਲੀ ਦੇ ਗੁਰੂਧਾਮਾਂ 'ਚ ਚੱਲ ਰਿਹਾ ਇਹ ਜੰਗ ਅਕਾਲੀ ਧੜ੍ਹੇ 'ਤੇ ਕਾਂਗਰਸ ਧੜ੍ਹੇ ਵਿਚਾਲੇ ਸੀ। ਦਿੱਲੀ ਦੀ ਇਕ ਅਦਾਲਤ ਨੇ ਮਈ 1960 ਦੇ ਆਪਣੇ ਆਦੇਸ਼ 'ਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ-ਕਾਜ 'ਚ ਦਖਲ ਦੇਣ 'ਤੇ ਰੋਕ ਲਗਾ ਦਿੱਤੀ ਸੀ। ਦੋਹਾਂ ਧਿਰਾਂ ਨੇ ਇਸ ਝਗੜ੍ਹੇ ਦਾ ਨਿਬਟਾਰਾ ਕਰਨ ਦੇ ਅਧਿਕਾਰ ਸਰਵਸਮੰਤੀ ਨਾਲ ਬਖਸ਼ੀ ਗੁਰਚਰਨ ਸਿੰਘ ਨੂੰ ਦੇ ਦਿੱਤੇ, ਜਿਨ੍ਹਾਂ ਦੇ ਅਪ੍ਰੈਲ 1962 'ਚ ਦਿੱਤੀ ਆਪਣੀ ਰਿਪੋਰਟ 'ਚ ਆਪਣੇ ਸਮੇਤ 19 ਮੈਂਬਰ ਨਾਮਜਦ ਕਰਨ 'ਤੇ 2 ਹੋਰ ਮੈਂਬਰਾਂ ਨੂੰ ਕੋ-ਆਪਟ ਕਰਕੇ ਇਕ ਨਵੀਂ ਕਮੇਟੀ ਬਣਾਉਨ ਦਾ ਸੁਝਾਉ ਦਿੱਤਾ। ਬਕਸ਼ੀ ਗੁਰਚਰਨ ਸਿੰਘ ਇਸ ਕਮੇਟੀ ਦੇ ਪ੍ਰਧਾਨ ਬਣੇ 'ਤੇ ਉਨ੍ਹਾਂ ਦੀ ਪ੍ਰਧਾਨਗੀ ਹੇਠ ਇਹ ਨਵੀ ਕਮੇਟੀ ਸਾਲ 1967 ਤਕ ਬਗੈਰ ਕਿਸੇ ਕਿੰਤੂ-ਪ੍ਰੰਤੂ ਦੇ ਕੰਮ ਕਰਦੀ ਰਹੀ, ਜਦੋਂ ਅਦਾਲਤ ਵਲੋਂ ਬਕਸ਼ੀ ਗੁਰਚਰਨ ਸਿੰਘ ਦੀ ਰਿਪੋਰਟ ਨੂੰ ਅਯੋਹ ਕਰਾਰ ਦਿੱਤਾ ਗਿਆ। ਦਿੱਲੀ ਦੇ ਗੁਰੂਧਾਮਾਂ 'ਚ ਫਿਰ ਝੜ੍ਹਪਾਂ ਸ਼ੁਰੂ ਹੋ ਗਈਆਂ 'ਤੇ ਜਨਵਰੀ 1971 'ਤੇ ਮੁੱੜ੍ਹ ਮਈ 1971 'ਚ ਦਿੱਲੀ ਦੇ ਸੀਸ ਗੰਜ ਸਾਹਿਬ 'ਤੇ ਬੰਗਲਾ ਸਾਹਿਬ ਗੁਰੂਧਾਮਾਂ 'ਤੇ ਹਥਿਆਰਬੰਦ ਹੁੜ੍ਹਦੰਗੀਆਂ ਨੇ ਕਬਜਾ ਕਰ ਲਿਆ। ਇਸ ਦੋਰਾਨ ਸ੍ਰੋਮਣੀ ਗੁਰੂਦਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਦੇ ਗੁਰਧਾਮਾਂ ਦੀ ਦੇਖ-ਰੇਖ ਲਈ ਚਾਰ ਤਖਤਾਂ ਦੇ ਜੱਥੇਦਾਰ ਸਾਹਿਬਾਨਾਂ 'ਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ- ਗ੍ਰੰਥੀ ਸਮੇਤ ਇਕ 5 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਪਰੰਤੂ ਇਹ ਕਮੇਟੀ ਦਿੱਲੀ ਹਾਈ ਕੋਰਟ ਵਲੋਂ ਮਈ 1971 'ਚ ਜਾਰੀ ਆਦੇਸ਼ਾਂ ਦੇ ਮੱਦੇਨ-ਜਰ ਕਮੇਟੀ ਦਾ ਕੰਮ-ਕਾਜ ਨਹੀ ਸੰਭਾਲ ਸਕੀ, ਜਦਕਿ ਹਾਈ ਕੋਰਟ ਨੇ ਦਿੱਲੀ ਦੀ ਸੰਗਤਾਂ ਦੇ ਹਿਤਾਂ ਨੂੰ ਮੁੱਖ ਰਖਦਿਆਂ ਸੰਵਿਧਾਨਿਕ ਹਲ ਕਢੱਣ ਦੀ ਸਲਾਹ ਦਿੱਤੀ ਸੀ।

ਸਰਕਾਰ ਵਲੋਂ 20 ਮਈ 1971 ਨੂੰ 'ਦਿੱਲੀ ਸਿੱਖ ਗੁਰੂਦੁਆਰਾ (ਮੈਨੇਜਮੈਂਟ) ਆਰਡੀਨੈਂਸ 1971' ਜਾਰੀ ਕੀਤਾ ਗਿਆ, ਜਿਸ 'ਚ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਤਹਿਤ ਬਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਦਿਆਂ ਦਿੱਲੀ ਦੇ ਗੁਰਧਾਮਾਂ 'ਤੇ ਇਸ ਦੇ ਵਿਦਿਅਕ ਅਦਾਰਿਆਂ ਦੇ ਪ੍ਰਬੰਧ 'ਤੇ ਦੇਖ-ਰੇਖ ਕਰਨ ਲਈ ਇਕ ਪੰਜ ਮੈਂਬਰੀ ਬੋਰਡ ਦਾ ਗਠਨ ਕੀਤਾ ਗਿਆ। 26 ਮਈ 1971 ਨੂੰ ਇਸ ਆਰਡੀਨੈਂਸ ਨੂੰ 'ਦਿੱਲੀ ਸਿੱਖ ਗੁਰੂਦੁਆਰਾ (ਮੈਨੇਜਮੈਂਟ) ਐਕਟ 1971 (ਨੰ: 24) 'ਚ ਤਬਦੀਲ ਕੀਤਾ ਗਿਆ, ਹਾਲਾਂਕਿ ਐਕਟ ਨੰ: 24 ਇਕ ਆਰਜੀ ਪ੍ਰਬੰਧ ਸੀ। ਸਰਕਾਰ ਦੀ ਮੰਸ਼ਾ ਦਿੱਲੀ ਦੇ ਗੁਰੂਧਾਮਾਂ ਨੂੰ ਤੁਰੰਤ ਪਾਰਦਰਸ਼ੀ 'ਤੇ ਸੁਚੱਜਾ ਪ੍ਰਬੰਧ ਦੇਣਾ ਸੀ, ਇਸ ਲਈ 'ਦਿੱਲੀ ਗੁਰੂਦੁਆਰਾ ਬਿਲ' ਤਿਆਰ ਕੀਤਾ ਗਿਆ ਜਿਸਨੂੰ 22 ਦਿਸੰਬਰ 1971 ਨੂੰ ਲੋਕ-ਸਭਾ 'ਤੇ ਦੋ ਦਿਨਾਂ ਬਾਅਦ ਰਾਜ-ਸਭਾ ਵਲੋਂ ਪਾਸ ਕੀਤਾ ਗਿਆ 'ਤੇ ਭਾਰਤ ਦੇ ਰਾਸਟਰਪਤੀ ਪਾਸੋਂ 30 ਦਿਸੰਬਰ 1971 ਨੂੰ ਮੰਜੂਰੀ ਮਿਲਣ ਤੋਂ ਉਪਰੰਤ 31 ਦਿਸੰਬਰ 1971 ਨੂੰ 'ਦਿੱਲੀ ਸਿੱਖ ਗੁਰੂਦੁਆਰਾ ਐਕਟ 1971' ਹੋਂਦ 'ਚ ਲਿਆਂਦਾ ਗਿਆ ਸੀ। ਇਸ ਐਕਟ ਦੇ ਮੁਤਾਬਿਕ 4 ਸਾਲਾਂ ਦੀ ਮਿਆਦ ਵਾਲੀ 55 ਮੈਂਬਰੀ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ 'ਚ 46 ਵਾਰਡਾਂ ਤੋਂ ਚੁਣੇ ਹੋਏ 'ਤੇ 9 ਕੋ-ਆਪਟ (ਨਾਮਜਦ) ਕੀਤੇ ਮੈਂਬਰ ਹੁੰਦੇ ਹਨ, ਜਿਨ੍ਹਾਂ 'ਚ ਇਕ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ ਸਾਹਿਬ ਦਾ ਨੁਮਾਇੰਦਾ, 4 ਸਿੱਖ ਤਖਤਾਂ ਮਸਲਨ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅਮ੍ਰਿਤਸਰ, ਸ੍ਰੀ ਕੇਸਗੜ੍ਹ ਸਾਹਿਬ

ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਹਰਮੰਦਿਰ ਸਾਹਿਬ ਪਟਨਾ ਸਾਹਿਬ (ਬਿਹਾਰ), ਸ੍ਰੀ ਹਜੂਰ ਸਾਹਿਬ

ਨਾਂਦੇੜ੍ਹ (ਮਹਾਰਾਸ਼ਟਰ) ਦੇ ਜੱਥੇਦਾਰ ਸਾਹਿਬਾਨ, ਦਿੱਲੀ ਦੇ ਰਜਿਸਟਰਡ ਸਿੰਘ ਸਭਾ ਗੁਰੂਦੁਆਰਿਆਂ ਦੇ ਪ੍ਰਧਾਨਾਂ 'ਚੋਂ 2 ਮੈਂਬਰ ਲਾਟਰੀ ਰਾਹੀ 'ਤੇ ਦਿੱਲੀ ਦੇ 2 ਸਿੱਖ ਨੁਮਾਇੰਦੇ ਨਵੇ ਚੁਣੇ 46 ਮੈਂਬਰਾਂ ਦੀ ਵੋਟਾਂ ਰਾਹੀ ਨਾਮਜਦ ਕੀਤੇ ਜਾਂਦੇ ਹਨ। ਦਸੱਣਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਪੰਜਾਬ ਨੂੰ ਦਿੱਲੀ ਗੁਰੂਦੁਆਰਾ ਐਕਟ 'ਚ ਸਿੱਖਾਂ ਦੇ ਪੰਜਵੇ ਤਖਤ ਵਜੋਂ ਹੁਣ ਤਕ

ਸ਼ਾਮਿਲ ਨਹੀ ਕੀਤਾ ਗਿਆ ਹੈ, ਜਦਕਿ ਇਹ ਤਖਤ ਸ੍ਰੋਮਣੀ ਕਮੇਟੀ ਚੋਣਾਂ ਲਈ ਲਾਗੂ ਸਿੱਖ ਗੁਰੂਦਆਰਾ

ਐਕਟ 1925 'ਚ ਪਹਿਲਾਂ ਹੀ ਸਾਲ 1999 ਤੋਂ ਸ਼ਾਮਿਲ ਹੈ। ਦਿੱਲੀ ਸਿੱਖ ਗੁਰੂਦੁਆਰਾ ਐਕਟ 1971 ਦੇ ਤਹਿਤ ਮੁੱਢਲੀਆਂ ਆਮ ਦਿੱਲੀ ਗੁਰੂਦੁਆਰਾ ਚੋਣਾਂ ਸਰਕਾਰ ਵਲੋਂ 20 ਮਾਰਚ 1975 ਨੂੰ ਕਰਵਾਈਆਂ ਗਈਆਂ ਸਨ 'ਤੇ ਪਹਿਲੀ ਦਿੱਲੀ ਗੁਰੂਦੁਆਰਾ ਕਮੇਟੀ ਦਾ ਗਠਨ 28 ਅਪ੍ਰੈਲ 1975 ਨੂੰ ਕੀਤਾ ਗਿਆ ਸੀ। ਇਸ ਤੋਂ ਉਪਰੰਤ ਦਿੱਲੀ ਗੁਰੂਦੁਆਰਾ ਚੋਣਾਂ ਸਾਲ 1975, 1979, 1995, 2002, 2007, 2013, 2017 'ਤੇ ਹਾਲ 'ਚ 22 ਅਗਸਤ 2021 ਨੂੰ ਨੇਪਰੇ ਚੜ੍ਹੀਆਂ ਹਨ। ਹਾਲਾਂਕਿ ਦਿੱਲੀ ਗੁਰੂਦੁਆਰਾ ਐਕਟ 'ਤੇ ਨਿਯਮਾਂ 'ਚ ਸਮੇਂ-ਸਮੇਂ 'ਤੇ ਕਈ ਸੋਧਾਂ ਹੁੰਦੀਆਂ ਰਹੀਆਂ ਹਨ, ਪਰੰਤੂ 2 ਸੋਧਾਂ ਨੂੰ ਮੁੱਖ ਤੋਰ 'ਤੇ ਦੇਖਿਆ ਜਾ ਸਕਦਾ ਹੈ ਜਿਸ 'ਚ ਸਾਲ ਮਾਰਚ 1981 'ਚ ਹੋਈ ਸੋਧ ਜਿਸ ਰਾਹੀ ਪ੍ਰਧਾਨ 'ਤੇ ਹੋਰਨਾਂ ਅਹੁਦੇਦਾਰਾਂ ਦੀ ਹਾਈ ਸਕੂਲ ਦੀ ਮੂਲ ਯੋਗਤਾ ਨੂੰ ਹਟਾਏ ਜਾਣ 'ਤੇ ਫਰਵਰੀ 2002 'ਚ ਹੋਈ ਸੋਧ ਜਿਸ ਰਾਹੀ ਸਿੱਖ ਵੋਟਰਾਂ ਦੀ ਯੋਗ ਉਮਰ ਨੂੰ 21 ਸਾਲ ਤੋਂ ਘਟਾ ਕੇ 18 ਸਾਲ ਕੀਤਾ ਜਾਣਾ ਸ਼ਾਮਿਲ ਹਨ। 150 ਕਰੋੜ੍ਹ ਤੋਂ ਵੱਧ ਦੱਸੀ ਜਾਂਦੀ ਸਾਲਾਨਾ ਆਮਦਨ ਵਾਲੀ ਦਿੱਲੀ ਕਮੇਟੀ ਮੋਜੂਦਾ ਸਮੇਂ ਦਿੱਲੀ ਦੇ ਇਤਹਾਸਿਕ 'ਤੇ ਹੋਰਨਾਂ ਗੁਰਦੁਆਰਿਆਂ ਤੋਂ ਇਲਾਵਾ ਕਈ ਸਕੂਲਾਂ, ਕਾਲਜਾਂ, ਪੋਲੀਟੈਕਨਿਕ, ਇੰਨਜੀਨੀਰਿੰਗ 'ਤੇ ਪ੍ਰਬੰਧ ਸੰਸਥਾਨਾਂ, ਹਸਪਤਾਲਾਂ, ਡਿਸਪੈਸਰੀਆਂ 'ਤੇ ਬਜੁਰਗ ਘਰਾਂ ਦਾ ਪ੍ਰਬੰਧ 'ਤੇ ਦੇਖ-ਰੇਖ ਕਰ ਰਹੀ ਹੈ।

ਇੰਦਰ ਮੋਹਨ ਸਿੰਘ,
ਦਿੱਲੀ ਗੁਰੂਦੁਆਰਾ ਮਾਮਲਿਆਂ ਦੇ ਮਾਹਿਰ
ਮੋਬਾਇਲ: 9971564801




# ਕੇਂਦਰ ਸਰਕਾਰ ਝੋਨਾ ਅਤੇ ਚੌਲ ਪੁਰਾਣੀ ਨੀਤੀ ਦੇ ਮਾਪਦੰਡਾਂ ਅਨੁਸਾਰ ਹੀ ਖ਼ਰੀਦੇਗੀ



ਫ਼ਤਿਹਗੜ੍ਹ ਸਾਹਿਬ, 23 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਅਕਤੂਬਰ ਵਿੱਚ ਸ਼ੁਰੂ ਹੋ ਰਹੇ ਝੋਨੇ ਦੇ ਸੀਜ਼ਨ ਦੌਰਾਨ ਝੋਨੇ ਤੇ ਚੌਲਾਂ ਦੀ ਖ਼ਰੀਦ ਪਿੱਛਲੇ ਸਾਲ ਦੀ ਨੀਤੀ ਵਾਲੇ ਸਟੈਂਡਰਡਜ਼ ਤਹਿਤ ਕਰਨ ਦਾ ਐਲਾਨ ਕੀਤਾ ਹੈ। ਕੇਂਦਰ ਦੇ ਖਪਤਕਾਰੀ ਮਾਮਲੇ ਤੇ ਖ਼ੁਰਾਕ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਕੇਂਦਰੀ ਪੂਲ ਵਿੱਚ ਝੋਨੇ ਤੇ ਚੌਲਾਂ ਦੀ ਐਫ ਸੀ ਆਈ ਵੱਲੋਂ ਖ਼ਰੀਦ ਬਾਰੇ 2020-21 ਵਾਲੀ ਨੀਤੀ ਹੀ ਲਾਗੂ ਰਹੇਗੀ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਲਈ ਕੇਂਦਰੀ ਪੂਲ ਵਿੱਚ ਝੋਨੇ ਅਤੇ ਚੌਲਾਂ ਦੀ ਖ਼ਰੀਦ ਕਰਨ ਵਾਲੀ ਫ਼ੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ ਸੀ ਆਈ) ਵੱਲੋਂ ਕਾਇਮ ਕੀਤੀ ਹਾਈ ਪਾਵਰ ਕਮੇਟੀ ਨੇ ਝੋਨੇ ਤੇ ਚੌਲਾਂ ਦੀ ਖ਼ਰੀਦ ਸਬੰਧੀ ਪਹਿਲਾਂ ਤੋਂ ਨਿਰਧਾਰਤ ਸਟੈਂਡਰਡਜ਼ਵਿੱਚ ਤਬਦੀਲੀ ਕਰ ਦਿੱਤੀ ਸੀ। ਇਸ ਬਾਰੇ ਪੰਜਾਬ ਸਰਕਾਰ ਅਤੇ ਸ਼ੈਲਰ ਮਾਲਕਾਂ ਨੇ ਕੇਂਦਰ ਸਰਕਾਰ ਕੋਲ ਮੁੱਦਾ ਉਠਾਇਆ ਸੀ ਅਤੇ ਕਿਸਾਨ ਜਥੇਬੰਦੀਆਂ ਨੇ ਵੀ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਕਮੇਟੀ ਵੱਲੋਂ ਸੁਝਾਏ ਨਵੇਂ ਸਟੈਂਡਰਡਜ਼ਵਿੱਚ ਕਿਸਾਨਾਂ ਰਾਹੀਂ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਦੀ ਨਮੀ ਦੀ ਮਾਤਰਾ 17 ਫ਼ੀਸਦੀ ਤੋਂ ਘਟਾ ਕੇ 16 ਫ਼ੀਸਦੀ ਕਰ ਦਿੱਤੀ ਗਈ ਅਤੇ ਬਦਰੰਗ ਦਾਣਿਆਂ ਦੀ ਮਿਕਦਾਰ 5 ਤੋਂ ਘਟਾ ਕੇ 3 ਫ਼ੀਸਦੀ ਕਰ ਦਿੱਤੀ ਗਈ ਸੀ।ਚੌਲਾਂ ਵਿੱਚਨਮੀ ਦੀ ਮਾਤਰਾ 15 ਤੋਂ ਘਟਾ ਕੇ 14 ਫ਼ੀਸਦੀ, ਟੋਟੇ ਦੀ ਮਾਤਰਾ 25 ਤੋਂ ਘਟਾ ਕੇ 20 ਫ਼ੀਸਦੀ, ਬਦਰੰਗ ਤੇ ਹਲਕੇ ਪੀਲੇ ਚੌਲਾਂ ਦੀ ਮਾਤਰਾ ਤਿੰਨ ਤੋਂ ਘਟਾ ਕੇ ਦੋ ਫ਼ੀਸਦੀ ਕਰ ਦਿੱਤੀ ਗਈ ਸੀ। ਸ਼ੈਲਰ ਮਾਲਕਾਂ ਦਾ ਕਹਿਣਾ ਸੀ ਕਿ ਇਨ੍ਹਾਂ ਨਵੇਂ ਨਿਰਧਾਰਤ ਸਟੈਂਡਰਡਜ਼ਅਨੁਸਾਰ ਨਾ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਹੋ ਸਕੇਗੀ ਅਤੇ ਨਾਂ ਸ਼ੈਲਰ ਮਾਲਕ ਚੌਲਾਂ ਦਾ ਭੁਗਤਾਨ ਕਰ ਸਕਣਗੇ।

# ਪੈਪਸੂ ਟਰਾਂਸਪੋਰਟ ਦੀਆਂ ਬੱਸਾਂ ਤੋਂ ਕੈਪਟਨ ਅਮਰਿੰਦਰ ਵਾਲੇ ਪੋਸਟਰ ਹਟਾਏ ਜਾਣ ਲੱਗ ਪਏ

ਚੰਡੀਗੜ੍ਹ, 23 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸਰਕਾਰੀ ਬੱਸਾਂ ਉੱਤੇ ਸਾਬਕਾ ਮੁੱਖ ਮੰਤਰੀਕੈਪਟਨ ਅਮਰਿੰਦਰ ਸਿੰਘ ਦੇ ਚਿਹਰੇ ਵਾਲੇ ਬੋਰਡਾਂ ਨੂੰ ਹਟਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ। ਪਹਿਲੇ ਪੜਾਅ ਵਿੱਚ ਪੀ ਆਰ ਟੀ ਸੀ (ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ) ਦੀਆਂ ਕਰੀਬ ਇੱਕ ਹਜ਼ਾਰ ਸਰਕਾਰੀ ਬੱਸਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਵਾਲੇ ਪੋਸਟਰ ਹਟਾਏ ਗਏ ਹਨ। ਦੂਜੇ ਪੜਾਅ ਹੇਠ ਪੰਜਾਬ ਰੋਡਵੇਜ਼ ਦੀਆਂ ਬੱਸਾਂ ਤੋਂ ਪੋਸਟਰ ਹਟਾਏ ਜਾਣੇ ਹਨ। ਇਸੇ ਤਰ੍ਹਾਂ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀ ਜਾਇਦਾਦ ਉੱਤੇ ਲੱਗੇ ਸਰਕਾਰੀ ਫਲੈਕਸਾਂ ਵਿੱਚੋਂ ਵੀ ਅਮਰਿੰਦਰ ਸਿੰਘ ਦੀ ਤਸਵੀਰ ਹਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਇਸ ਸੰਬੰਧ ਵਿੱਚ ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੇ ਪੀ ਆਰ ਟੀ ਸੀ ਨੂੰ 20 ਸਤੰਬਰ ਨੂੰ ਪੱਤਰ ਲਿਖ ਕੇ ਹਦਾਇਤ ਕੀਤੀ ਸੀ ਕਿ ਪੈਪਸੂ ਦੀਆਂ ਬੱਸਾਂ ਉੱਤੇਲੱਗੇ ਕੈਪਟਨ ਅਮਰਿੰਦਰ ਸਿੰਘ ਬਾਲੇ ਪ੍ਰਚਾਰ ਬੋਰਡਾਂ ਨੂੰ ਹਟਾ ਦਿੱਤਾ ਜਾਵੇ। ਇਨ੍ਹਾਂ ਦੇ ਮਿਲਣ ਮਗਰੋਂ ਪੀ ਆਰ ਟੀ ਸੀ ਨੇ ਪ੍ਰਾਈਵੇਟ ਕੰਪਨੀ ਮੈਸਰਜ਼ ਪ੍ਰੋਐਕਟਿਵ ਇਨ ਐਂਡ ਆਊਟ




ਐਡਵਾਰਟਾਈਜ਼ਿੰਗ ਪ੍ਰਾਈਵੇਟ ਲਿਮਟਿਡ ਨੂੰ ਹੁਕਮ ਜਾਰੀ ਕੀਤੇ ਹਨ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਵਾਲੇ ਪੋਸਟਰ ਬਿਨਾਂ ਦੇਰੀ ਤੋਂ ਹਟਾ ਦਿੱਤੇ ਜਾਣ। ਪਾਰਲੀਮੈਂਟ ਮੈਂਬਰ ਪਰਨੀਤ ਕੌਰ ਦੇ ਨੇੜਲੇ ਸਹਿਯੋਗੀ ਕੇ ਕੇ ਸ਼ਰਮਾ ਇਸ ਵੇਲੇ ਪੀ ਆਰ ਟੀ ਸੀ ਦੇ ਚੇਅਰਮੈਨ ਹਨ, ਪਰ ਇਸ ਬਾਰੇ ਪੀ ਆਰ ਓ ਦੇ ਹੁਕਮਾਂ ਦੇ ਬਾਅਦ ਪ੍ਰਾਈਵੇਟ ਕੰਪਨੀ ਨੇ ਹੱਥੋ-ਹੱਥ ਅਮਰਿੰਦਰ ਸਿੰਘ ਦੇ ਚਿਹਰੇ ਵਾਲੇ ਪੋਸਟਰ ਹਟਾ ਦਿੱਤੇ ਹਨ। ਇੱਕ ਅਧਿਕਾਰੀ ਨੇ ਇਸ ਪੂਰੇ ਅਮਲ ਉੱਤੇ ਚੁਟਕੀ ਲੈਂਦਿਆਂ ਕਿਹਾ ਕਿ ‘‘ਏਨੀ ਜਲਦੀ ਤਾਂ ਬਾਦਲ ਦੇ ਚਿਹਰੇ ਵਾਲੇ ਪੋਸਟਰ ਵੀ ਨਹੀਂ ਹਟਾਏ ਗਏ ਸਨ, ਜਿੰਨੀ ਫੁਰਤੀ ਇਸ ਵਾਰੀ ਦਿਖਾਈ ਗਈ ਹੈ।'' ਇਸ ਤੋਂ ਹਰ ਕੋਈ ਹੈਰਾਨ ਹੈ।

ਵਰਨਣ ਯੋਗ ਹੈ ਕਿ ਪੀ ਆਰ ਟੀ ਸੀ ਵੱਲੋਂ ਇਨ੍ਹਾਂ ਸਰਕਾਰੀ ਬੱਸਾਂ ਉੱਤੇ ਇਸ਼ਤਿਹਾਰੀ ਪੋਸਟਰ ਲਾਉਣ ਦਾ ਠੇਕਾ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਹੋਇਆ ਹੈ ਤੇ ਇਨ੍ਹਾਂ ਬੱਸਾਂ ਉੱਤੇ ਸਰਕਾਰੀ ਸਕੀਮਾਂ ਦੀ ਮਸ਼ਹੂਰੀ ਵਾਲੇ ਪੋਸਟਰ ਲੱਗੇ ਸਨ। ਦੂਸਰੇ ਪਾਸੇ ਪੰਜਾਬ ਰੋਡਵੇਜ਼ ਕੋਲ 1500 ਦੇ ਕਰੀਬ ਬੱਸਾਂ ਉੱਤੇ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਵਾਲੇ ਮਸ਼ਹੂਰੀ ਪੋਸਟਰ ਲੱਗੇ ਹਨ। ਪਤਾ ਲੱਗਾ ਹੈ ਕਿ ਸਰਕਾਰ ਨੇ ਅਜੇ ਪੰਜਾਬ ਰੋਡਵੇਜ਼ ਨੂੰ ਅਜਿਹੇ ਹੁਕਮ ਨਹੀਂ ਦਿੱਤੇ। ਅਗਲੇ ਪੜਾਅ ਵਿੱਚ ਵੱਡੇ ਸ਼ਹਿਰਾਂ ਵਿੱਚ ਨਗਰ ਨਿਗਮ ਦੇ ਫਲੈਕਸਾਂ ਵਾਲੀ ਜਗ੍ਹਾ ਤੋਂ ਅਮਰਿੰਦਰ ਸਿੰਘ ਦੀ ਤਸਵੀਰ ਹਟਾਈ ਜਾਣੀ ਅਤੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਸਵੀਰ ਵਾਲੇ ਹੋਰਡਿੰਗ, ਫਲੈਕਸ ਤੇ ਹੋਰ ਮਸ਼ਹੂਰੀ ਵਾਲੇ ਪੋਸਟਰ ਨਜ਼ਰ ਆਉਣਗੇ। ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਜ਼ਿਲ੍ਹਿਆਂ ਵਿੱਚ ਸਰਕਾਰੀ ਸਕੀਮਾਂ ਵਾਲੇ ਵੱਡੇ ਫਲੈਕਸ ਲਾਏ ਗਏ, ਜਿਨ੍ਹਾਂ ਤੋਂ ਅਮਰਿੰਦਰ ਸਿੰਘ ਦੀ ਤਸਵੀਰ ਹਟਾਈ ਜਾਵੇਗੀ। ਪਤਾ ਲੱਗਾ ਹੈ ਕਿ ਮਹਿਕਮੇ ਵੱਲੋਂ ਪੰਜਾਬ ਭਰ ਵਿੱਚ ਮੁਹਿੰਮ ਵਿੱਢੀ ਜਾਣੀ ਹੈ, ਜਿਸ ਦੇ ਤਹਿਤ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਤਸਵੀਰ ਲਗਾਈ ਜਾਣੀ ਹੈ।

# ਪੰਜਾਬ ਦੀ ਨਵੀਂ ਸਰਕਾਰ ਵੱਲੋਂ ਮਾਲ ਪਟਵਾਰੀਆਂ ਅਤੇ ਕਾਨੂੰਗੋਆਂ ਨੂੰ ਰਾਹਤ

ਮੋਗਾ, 23 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਨੇ ਮਾਲ ਪਟਵਾਰੀਆਂ ਅਤੇਕਾਨੂੰਗੋਆਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੇ ਖਿਲਾਫ ਪੁਲਸ ਕੇਸਾਂ ਵਿੱਚਵਿਭਾਗੀ ਪੜਤਾਲ ਤੋਂ ਬਗੈਰ ਕੋਈ ਵੀ ਕਾਰਵਾਈ ਨਾ ਕਰਨ ਲਈ ਹੁਕਮ ਜਾਰੀ ਕੀਤਾ ਹੈ।

ਇਸ ਬਾਰੇ ਪੰਜਾਬ ਦੇ ਸਪੈਸ਼ਲ ਸੈਕਟਰੀ ਰੈਵੇਨਿਊ ਕੇਸ਼ਵ ਹਿੰਗੋਨੀਆ ਵੱਲੋਂ ਕੱਲ੍ਹ ਪੰਜਾਬ ਪੁਲਸ ਦੇ ਮੁਖ ਦਿਨਕਰ ਗੁਪਤਾ ਨੂੰ 16 ਮਈ 2001 ਦੇ ਹਵਾਲੇ ਨਾਲ ਇੱਕਅਰਧ ਸਰਕਾਰੀ ਪੱਤਰ ਲਿਖਿਆ ਹੈ ਕਿ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਨਿਰਦੇਸ਼ ਜਾਰੀ ਕੀਤੇ ਗਏ ਸਨ ਕਿ ਬਿਨਾਂ ਵਿਭਾਗੀ ਜਾਂਚ ਤੋਂ ਮਾਲ ਵਿਭਾਗ ਦੇ ਮਾਲ ਪਟਵਾਰੀਆਂ ਅਤੇ ਕਾਨੂੰਗੋਆਂ ਵਿਰੁੱਧ ਪੁਲਸ ਕਾਰਵਾਈ ਨਾ ਕੀਤੀ ਜਾਵੇ, ਪਰ ਪੁਲਸ ਅਫਸਰ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਤੇ ਕਿਸੇ ਵਿਅਕਤੀ ਦੀ ਸ਼ਿਕਾਇਤ ਉੱਤੇ ਜ਼ਿਲ੍ਹਾ ਮੈਜਿਸਟਰੇਟ ਜਾਂ ਸਮਰੱਥ ਮਾਲ ਅਧਿਕਾਰੀ ਦੀ ਰਾਏ ਲੈਣ ਤੋਂ ਬਗੈਰ ਮਾਲ ਪਟਵਾਰੀਆਂ ਅਤੇ ਕਾਨੂੰਗੋਆਂ ਖਿਲਾਫ ਕੇਸ ਦਰਜ ਕੀਤੇ ਜਾ ਰਹੇ ਹਨ।ਉਨ੍ਹਾਂ ਡੀ ਜੀ ਪੀ ਨੂੰ ਇਸ ਬਾਰੇ ਨਿੱਜੀ ਧਿਆਨ ਦੇਣ ਲਈ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਆਖਿਆ ਹੈ। ਇਸ ਦੇ ਬਾਅਦ ਸਿਰਫ ਵਿਜੀਲੈਂਸ ਕੋਲ ਅਧਿਕਾਰ ਰਹਿ ਗਿਆ ਹੈ ਕਿ ਉਹ ਕਿਸੇ ਵਿਅਕਤੀ ਦੀ ਸ਼ਿਕਾਇਤ ਉੱਤੇ ਰੰਗੇ ਹੱਥੀਂ ਵੱਢੀ ਲੈਂਦਿਆਂ ਫੜੇ ਜਾਣ ਉੱਤੇਕਿਸੇ ਨੂੰ ਗ੍ਰਿਫਤਾਰ ਕਰ ਸਕਦਾ ਹੈ। ਵਰਨਣ ਯੋਗ ਹੈ ਕਿ ਮਾਲ ਅਫਸਰਾਂ ਦੀ ਜਥੇਬੰਦੀ, ਮਾਲ ਪਟਵਾਰੀ ਅਤੇ ਕਾਨੂੰਗੋ ਜਥੇਬੰਦੀਆਂ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੀਆਂ ਸਨ ਕਿ ਪੁਲਸ ਕੇਸਾਂ ਵਿੱਚ ਪਟਵਾਰੀਆਂ ਤੇ ਕਾਨੂੰਗੋਆਂ ਵਿਰੁੱਧ ਕੋਈ ਵੀ ਕਾਰਵਾਈ, ਵਿਭਾਗੀ ਪੜਤਾਲ ਤੋਂ ਬਗੈਰ ਨਾ ਕੀਤੀ ਜਾਵੇ।

## ਘਰ ਦੀ ਛੱਤ ਡਿੱਗਣ ਨਾਲ ਦਾਦੇ-ਪੋਤੇ ਦੀ ਮੌਤ

ਚੇਤਨਪੁਰਾ, 23 ਸਤੰਬਰ (ਪੋਸਟ ਬਿਊਰੋ)- ਬੀਤੀ ਰਾਤ ਤੋਂ ਇਲਾਕੇ ਵਿੱਚ ਪੈ ਰਹੇ ਮੀਂਹ ਕਾਰਨ ਥਾਣਾ ਝੰਡੇਰ ਦੇ ਪਿੰਡ ਮਾਛੀ ਨੰਗਲ ਨੇੜੇ ਗੁੱਜਰਾਂ ਦੇ ਇੱਕ ਡੇਰੇ ਉੱਤੇ ਇੱਕ ਕਮਰੇ ਦੀ ਛੱਤ ਡਿੱਗਣ ਨਾਲ ਦਾਦੇ-ਪੋਤੇ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ ਪਤਾ ਲੱਗਾ ਹੈ।

ਇਸ ਬਾਰੇ ਮੰਗਾ ਪੁੱਤਰ ਅਲੀ ਦੀਨ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਇਲਾਕੇ ਵਿੱਚ ਮੀਂਹ ਪੈ ਰਿਹਾ ਸੀ, ਜਿਸ ਕਾਰਨ ਉਨ੍ਹਾਂ ਦੀ ਬਹਿਕ ਉੱਤੇ ਬਣੇ ਘਰ ਵਿੱਚ ਕਾਫੀ ਤਰੇੜਾਂ ਆ ਗਈਆਂ ਤੇ ਕੱਲ੍ਹ ਸਵੇਰੇ ਉਹ ਆਪਣੇ ਪਸ਼ੂਆਂ ਨੂੰ ਲੈ ਕੇ ਚਾਰਨ ਲਈ ਬਾਹਰ ਗਏ ਤਾਂ ਪਿੱਛੋਂ ਉਨ੍ਹਾਂ ਦੇ ਪਿਤਾ ਅਲੀਦੀਨ (65) ਤੇ ਪੁੱਤਰ ਫਰਿਆਦ (2) ਦੀ ਛੱਤ ਡਿੱਗਣ ਕਾਰਨ ਮਲਬੇ ਥੱਲੇ ਆਉਣ ਮੌਕੇ ਮੌਤ ਹੋ ਗਈ ਅਤੇ ਉਨ੍ਹਾਂ ਦਾ ਭਰਾ ਛਿਪਾਈ ਅਲੀ (28) ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਛੱਤ ਡਿੱਗਣ ਨਾਲ ਉਨ੍ਹਾਂ ਦਾ ਅੰਦਰ ਪਿਆ ਜ਼ਰੂਰੀ ਸਾਮਾਨ ਵੀ ਟੁੱਟ ਭੱਜ ਗਿਆ ਹੈ।

# ਕਿੱਸਾ ਕੁਰਸੀ ਦਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਫ਼ੋਟੋ ਫਲੈਕਸ ਬੋਰਡਾਂ ਤੋਂ ਲੱਥਣੀ ਸ਼ੁਰੂ

ਜ਼ੀਰਕਪੁਰ, 23 ਸਤੰਬਰ (ਪੋਸਟ ਬਿਊਰੋ)- ਪੰਜਾਬੀ ਦੀ ਇਹ ਕਹਾਵਤ ਕਿ ਵਿੱਛੜਦੇ ਸੂਰਜ ਨੂੰ ਸਲਾਮਾਂ, ਡੁੱਬਦੇ ਨੂੰ ਕੌਣ ਪੁੱਛਦਾ' ਉਸ ਸਮੇਂ ਸੱਚ ਹੋ ਗਈ, ਜਦੋਂ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਵਿੱਚ ਲੱਗੇ ਫਲੈਕਸ ਬੋਰਡ ਰਾਤੋ ਰਾਤ ਗ਼ਾਇਬ ਹੋ ਗਏ ਅਤੇ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੋਸਟਰ-ਬੈਨਰ ਲੱਗਣ ਸ਼ੁਰੂ ਹੋ ਗਏ। ਸ਼ਹਿਰਾਂ ਦੇ ਨਾਲ ਸਰਕਾਰੀ ਦਫ਼ਤਰਾਂ ਤੋਂ ਵੀ ਕੈਪਟਨ ਦੀ ਫ਼ੋਟੋ ਗ਼ਾਇਬ ਹੋਣ ਲੱਗੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਪਿੱਛੋਂ ਜ਼ੀਰਕਪੁਰ ਵਿੱਚ ਰਾਤੋ ਰਾਤ ਉਨ੍ਹਾਂ ਦੇ ਬੈਨਰ, ਪੋਸਟਰ ਤੇ ਹੋਰਡਿੰਗਸ ਹਟਾਉਣ ਦਾ ਕੰਮ ਤੇਜ਼ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ



ਜਗ੍ਹਾ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੋਸਟਰ ਦਿਖਾਈ ਦੇਣ ਲੱਗ ਪਏ। ਏਥੇ ਕੈਪਟਨ ਅਮਰਿੰਦਰ ਸਿੰਘ ਦੇ ਸੌ ਤੋਂ ਵੱਧ ਬੋਰਡਾਂ ਨੂੰ ਉਤਾਰਿਆ ਗਿਆ ਹੈ। ਇਹ ਬੋਰਡ ਇਸ਼ਤਿਹਾਰ ਲਾਉਣ ਦਾ ਠੇਕਾ ਸਰਕਾਰ ਨੇ ਇੱਕ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਸੀ।

ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਪੈਸੇ ਜਾਰੀ ਕਰਕੇ ਹੋਰਡਿੰਗਜ਼ ਸਾਈਟ ਉੱਤੇ ਕਬਜ਼ਾ ਕਰ ਲਿਆ ਸੀ। ਇਹ ਹੋਰਡਿੰਗਜ਼ ਪਟਿਆਲਾ ਚੌਕ, ਸਿੰਘਪੁਰਾ ਚੌਕ, ਜ਼ੀਰਕਪੁਰ ਬੱਸ ਸਟੈਂਡ, ਮੈਕਡੀ ਚੌਕ ਤੋਂ ਇਲਾਵਾ ਬਲਟਾਣਾ ਅਤੇ ਸ਼ਹਿਰ ਦੇ ਢਕੌਲੀ ਰੋਡ ਉੱਤੇ ਲਾਏ ਗਏ ਸਨ ਪਰ ਕੱਲ੍ਹ ਇਨ੍ਹਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ।ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ, ਜ਼ੀਰਕਪੁਰ ਦੀਆਂ ਸੜਕਾਂ ਤੇ ਚੌਕਾਂ ਵਿੱਚੋਂ ਸਰਕਾਰ ਦੀ ਪ੍ਰਸ਼ੰਸਾ ਦੇ ਫਲੈਕਸ ਬੋਰਡ ਉਤਰ ਗਏ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਨਵੇਂ ਮੁੱਖ ਮੰਤਰੀ ਦੇ ਸਵਾਗਤ ਲਈ ਇੱਥੇ ਝੰਡੇ ਲਾਏ ਜਾਣਗੇ। ਇਹੀ ਨਹੀਂ, ਨਗਰ ਕੌਂਸਲ ਦੇ ਕਰਮਚਾਰੀਆਂ ਨੇ ਕੈਪਟਨ ਅਮਰਿੰਦਰ ਦੀਆਂ ਝੰਡੀਆਂ ਤੋਂ ਇਲਾਵਾ ਕੁਝ ਹੋਰ ਰਾਜਨੀਤਕ ਪਾਰਟੀਆਂ ਦੇ ਬੋਰਡ ਵੀ ਹਟਾ ਦਿੱਤੇ।

# ਚਾਰਟਰਡ ਪਲੇਨ ਕਾਰਨ ‘ਗਰੀਬਾਂ ਦੀ ਚੰਨੀ ਸਰਕਾਰ’ਪਹਿਲੇ ਦਿਨ ਹੀ ਵਿਵਾਦਾਂ ਵਿੱਚ ਘਿਰੀ

ਚੰਡੀਗੜ੍ਹ, 23 ਸਤੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਬਾਰੇ ਕਾਂਗਰਸ ਵਿਚਲੇ ਵਿਵਾਦ ਤੋਂ ਬਾਅਦ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਹਿਲੇ ਦਿਨ ਐਲਾਨ ਕੀਤਾ ਸੀ ਕਿ ਉਹ ਅਮੀਰਾਂ ਦੇ ਨਹੀਂ, ਗ਼ਰੀਬਾਂ ਦੇ ਪ੍ਰਤੀਨਿਧੀ ਵਜੋਂ ਸਰਕਾਰ ਚਲਾਉਣਗੇ, ਪਰ ਪਹਿਲੇ ਹੀ ਦਿਨ ਚੰਨੀ ਸਰਕਾਰ ਨੂੰ ਇੱਕ ਵਿਵਾਦ ਨੇ ਘੇਰ ਲਿਆ ਹੈ। ਵਿਵਾਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਦਿੱਲੀ ਯਾਤਰਾ ਬਾਰੇ ਹੈ, ਜਿਸ ਦੀ ਇੱਕ ਤਸਵੀਰ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸ਼ੇਅਰ ਕੀਤੀ ਸੀ ਅਤੇ ਰੌਲਾ ਪੈ ਗਿਆ ਹੈ।

ਇਹ ਤਸਵੀਰ ਏਅਰਪੋਰਟ ਦੀ ਹੈ ਅਤੇ ਪ੍ਰਾਈਵੇਟ ਚਾਰਟਰਡ ਪਲੇਨ ਦੇ ਬਾਹਰ ਖੜੋ ਕੇ ਲਈ ਗਈ ਹੈ। ਵਿਰੋਧੀ ਪਾਰਟੀਆਂ ਨੇ ਇਸ ਬਾਰੇ ਮੁੱਖ ਮੰਤਰੀ ਚੰਨੀ ਉੱਤੇ ਟਿੱਪਣੀਆਂ ਕੀਤੀਆਂ ਅਤੇ ਇੱਥੋਂ ਤਕ ਕਹਿ ਦਿੱਤਾ ਹੈ ਕਿ ਕਾਂਗਰਸ ਦਾ ਕੋਈ ਵੀ ਨੇਤਾ ਹੋਵੇ, ਆਪਣੀਆਂ ਸ਼ਾਹੀ ਆਦਤਾਂ ਨਹੀਂ ਛੱਡੇਗਾ। ਪ੍ਰਾਈਵੇਟ ਚਾਰਟਰਡ ਪਲੇਨ ਵਿੱਚ ਚੰਡੀਗੜ੍ਹ ਤੋਂ ਨਵੀਂ ਦਿੱਲੀ ਦਾ ਸਫਰ ਕਰਨ ਬਾਰੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ



ਕਿਹਾ ਕਿ ਕਹਿਣ ਨਾਲ ਕੋਈ ਆਮ ਆਦਮੀ ਨਹੀਂ ਬਣਦਾ, ਉਨ੍ਹਾਂ ਦੇ ਕਰਮ ਉਨ੍ਹਾਂ ਦੀ ਸ਼ਖ਼ਸੀਅਤ ਦੀ ਸੱਚਾਈ ਨੂੰ ਜ਼ਾਹਿਰ ਕਰਦੇ ਹਨ। ਚੀਮਾ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਖ਼ੁਦ ਨੂੰ ਗ਼ਰੀਬ ਆਮ ਆਦਮੀ ਦੱਸਣ ਵਾਲੇ ਚਰਨਜੀਤ ਸਿੰਘ ਚੰਨੀ ਦਾ ਅਸਲੀ ਚਿਹਰਾ ਸਾਹ-ਮਣੇ ਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਚੰਨੀ, ਸਿੱਧੂ ਅਤੇ ਰੰਧਾਵਾ ਸਪੱਸ਼ਟ ਕਰਨ ਕਿ ਕਾਂਗਰਸ ਦੀ ਹਾਈ ਕਮਾਨ ਨੂੰ ਮਿਲਣ ਲਈ ਚਾਰਟਰਡ ਜਹਾਜ਼ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿੱਚੋਂ ਕਿਰਾਏ ਉੱਤੇ ਲਿਆ ਜਾਂ ਪੰਜਾਬ ਕਾਂਗਰਸ ਦੇ ਖ਼ਜ਼ਾਨੇ ਵਿੱਚੋਂ ਜਾਂ ਕਿਸੇ ਕਾਰਪੋਰੇਟ ਜਾਂ ਮਾਫੀਆ ਨੇ ਭੇਜਿਆ ਹੈ। ਚੀਮਾ ਨੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਪੰਜਾਬ ਸਰਕਾਰ ਦੇ ਹੈਲੀਕਾਪਟਰ ਦੀਆਂ ਦਿੱਤੀਆਂ ਜਾਂਦੀਆਂ ਵਿਸ਼ੇਸ਼ ਸੇਵਾਵਾਂ ਨੂੰ ਸਰਕਾਰੀ ਖ਼ਜ਼ਾਨੇ ਦੀ ਲੁੱਟ ਅਤੇ ਨਿਯਮਾਂ ਦੀ ਉਲੰਘਣਾ ਕਰਾਰ ਦਿੱਤਾ ਅਤੇ ਨੁਕਤਾਚੀਨੀ ਕੀਤੀ ਹੈ।

ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਚਾਰਟਰਡ ਪਲੇਨ ਦੇ ਮਾਮਲੇ ਵਿੱਚ ਕਿਹਾ ਕਿ ਇੱਕ ਪਾਸੇ ਢੋਲ ਕੁੱਟਿਆ ਜਾ ਰਿਹਾ ਹੈ ਕਿ ਪੰਜਾਬ ਦਾ ਖ਼ਜ਼ਾਨਾ ਖਾਲੀ ਹੈ ਅਤੇ ਪੰਜਾਬ ਉੱਤੇ ਲੱਖਾਂ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਦੂਜੇ ਪਾਸੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓ ਪੀ ਸੋਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸੇ ਨੂੰ ਆਪਣੀਆਂ ਅਯਾਸ਼ੀਆਂ ਲਈ ਬਰਬਾਦ ਕਰ ਰਹੇ ਹਨ। ਸ਼ਰਮਾ ਨੇ ਕਿਹਾ ਕਿ ਪੰਜਾਬ ਕਾਂਗਰਸ ਇੱਕ ਪਾਸੇ ਸਰਕਾਰ ਅਤੇ ਮੰਤਰੀਆਂ ਦੇ ਖਰਚੇ ਘੱਟ ਕਰਨ ਦੀ ਗੱਲ ਕਹਿੰਦੀ ਹੈ ਤੇ ਦੂਜੇ ਪਾਸੇ ਨਵੇਂ ਮੁੱਖ ਮੰਤਰੀ ਚੰਨੀ ਅਤੇ ਉਨ੍ਹਾਂ ਦੇ ਸਿਪ੍ਹਾਸਲਾਰ ਪ੍ਰਾਈਵੇਟ ਜੈਟ ਵਿੱਚ ਯਾਤਰਾਵਾਂ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਕਲਚਰ ਹੈ ਦੇਸ਼ ਅਤੇ ਪ੍ਰਦੇਸ਼ ਨੂੰ ਬਰਬਾਦ ਕਰਨਾ ਪਰ ਭਾਜਪਾ ਅਜਿਹਾ ਨਹੀਂ ਹੋਣ ਦੇਵੇਗੀ।

ਅਕਾਲੀ ਦਲ ਨੇ ਵੀ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਟਵੀਟ ਨੂੰ ਸ਼ੇਅਰ ਕਰਦੇ ਹੋਏ ਟਿੱਪਣੀ ਕੀਤੀ ਅਤੇ ਕਿਹਾ ਹੈ ਕਿ ਪਹਿਲਾਂ ਖ਼ੁਦ ਨੂੰ ਆਮ ਆਦਮੀ ਦੇ ਨਾਲ ਖੜ੍ਹੇ ਹੋਣ ਦਾ ਢਿੰਡੋਰਾ ਪਿੱਟਣ ਵਾਲੇ ਕਾਂਗਰਸ ਲੀਡਰ ਸਿਰਫ਼ 250 ਕਿਲੋਮੀਟਰ ਲੰਬਾ ਸਫਰ ਕਰਨ ਲਈ ਨਿੱਜੀ ਜਹਾਜ਼ ਵਰਤ ਰਹੇ ਹਨ। ਅਕਾਲੀ ਦਲ ਨੇ ਕਿਹਾ ਕਿ ਕੀ ਚੰਡੀਗੜ੍ਹ ਤੋਂ ਦਿੱਲੀ ਲਈ ਕਾਰ ਦਾ ਸਫਰ ਠੀਕ ਨਹੀਂ ਅਤੇ ਜੇ ਜਲਦੀ ਜਾਣਾ ਸੀ ਤਾਂ ਕੀ ਆਮ ਲੋਕਾਂ ਲਈ ਚੱਲਣ ਵਾਲੀਆਂ ਫਲਾਈਟਾਂ ਨਹੀਂ ਸਨ? ਜਾਂ ਇਹ ਸਭ ਕੁਝ ਕਾਂਗਰਸ ਹਾਈ ਕਮਾਨ ਦੇ ਦਿੱਲੀ ਦਰਬਾਰ ਵਿੱਚ ਹਾਜ਼ਰੀ ਲਗਵਾਉਣ ਦਾ ਨਤੀਜਾ ਹੈ?

# ਪੈਸਿਆਂ ਦੇ ਲੈਣ-ਦੇਣ ਵਿੱਚ ਭਾਣਜੀ ਨੇ ਪਤੀ ਨਾਲ ਮਿਲਕੇ ਮਾਸੀ ਨੂੰ ਮਾਰ ਸੁੱਟਿਆ




ਫਾਜ਼ਿਲਕਾ, 23 ਸਤੰਬਰ (ਪੋਸਟ ਬਿਊਰੋ)- ਪਿੰਡ ਟਿਵਾਣਾ ਕਲਾਂ ਵਿੱਚ ਪੈਸਿਆਂ ਦੇ ਲੈਣ-ਦੇਣ ਕਾਰਨ ਭੈਣ ਦੀ ਬੇਟੀ ਤੇ ਜਵਾਈ ਨੇ ਕੁੱਟ-ਕੁੱਟ ਕੇ ਮਾਸੀ ਦਾ ਕਤਲ ਕਰ ਦਿੱਤਾ। ਥਾਣਾ ਸਿਟੀ ਪੁਲਸ ਨੇ ਇੱਕੋ ਘਰ ਦੇ ਤਿੰਨ ਮੈਂਬਰਾਂ ਉੱਤੇ ਹੱਤਿਆ ਦਾ ਕੇਸ ਦਰਜ ਕੀਤਾ ਅਤੇ ਇਸ ਤੋਂ ਬਾਅਦ ਜਾਂਚ ਕਰ ਰਹੀ ਹੈ।

ਜਾਂਚ ਅਧਿਕਾਰੀ ਵਜ਼ੀਰ ਚੰਦ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਨੂੰ ਸਿੰਘ ਵਾਸੀ ਟਿਵਾਣਾ ਕਲਾਂ ਨੇ ਬਿਆਨ ਦਿੱਤੇ ਸਨ ਕਿ ਉਸ ਦੀ ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਵਾਸੀ ਢੰਡੀ ਕਦੀਮ ਨੇ ਗੁਰਵਿੰਦਰ ਸਿੰਘ ਨੂੰ ਕਰੀਬ ਤਿੰਨ ਮਹੀਨੇ ਪਹਿਲਾਂ 12 ਹਜ਼ਾਰ ਰੁਪਏ ਉਧਾਰ ਦਿੱਤੇ ਸਨ। ਜਦ ਉਹ ਪੈਸੇ ਮੰਗਦੇ ਤਾਂ ਉਹ ਲਗਾਤਾਰ ਟਾਲਮਟੋਲ ਕਰਦੇ ਰਹੇ। ਬੀਤੀ 19 ਸਤੰਬਰ ਨੂੰ ਜਦ ਉਸ ਦੀ ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਵਾਸੀ ਢੰਡੀ ਕਦੀਮ ਗੁਰਵਿੰਦਰ ਸਿੰਘ,ਜੋ ਮਾਸੀ ਦਾ ਪੁੱਤ ਹੈ, ਤੋਂ ਪੈਸੇ ਲੈਣ ਗਏ ਤਾਂ ਉਨ੍ਹਾਂ ਨੇ ਗਾਲੀ ਗਲੋਚ ਤੇ ਮਾਰਕੁੱਟ ਕਰ ਕੇ ਭਜਾ ਦਿੱਤਾ। ਉਸ ਦੀ ਭੈਣ ਤੇ ਜੀਜੇ ਨੇ ਸਾਰੀ ਗੱਲ ਆ ਕੇ ਉਸ ਨੂੰ ਦੱਸੀ। ਸ਼ਾਮ ਚਾਰ ਵਜੇ ਜਦ ਸੋਨੂੰ ਸਿੰਘ ਫਿਰ ਆਪਣੀ ਮਾਂ ਰਾਜ ਕੌਰ, ਭੈਣ ਹਰਪ੍ਰੀਤ ਕੌਰ ਤੇ ਜੀਜਾ ਬੂਟਾ ਸਿੰਘ ਨੂੰ ਨਾਲ ਲੈ ਕੇ ਗੁਰਵਿੰਦਰ ਸਿੰਘ ਕੋਲ ਗਿਆ ਤਾਂ ਉਨ੍ਹਾਂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਸੋਨੂੰ ਨੇ ਵਿਰੋਧ ਕੀਤਾ ਤਾਂ ਗੁਰਵਿੰਦਰ ਸਿੰਘ, ਉਸ ਦੀ ਪਤਨੀ ਬਰਖਾ ਰਾਣੀ ਤੇ ਬੇਟੀ ਸਿਮਰਨ ਵਾਸੀ ਟਿਵਾਣਾ ਕਲਾ ਨੇ ਉਸ ਦੇ ਪਰਵਾਰ ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਜਦ ਉਸ ਦੀ ਮਾਂ ਰਾਜ ਕੌਰ ਬਚਾਅ ਲਈ ਅੱਗੇ ਆਈ ਤਾਂ ਦੋਸ਼ੀਆਂ ਨੇ ਉਸ ਦੀ ਡੰਡਿਆਂ ਨਾਲ ਕੁੱਟਮਾਰ ਕਰ ਦਿੱਤੀ।ਦੋਸ਼ੀ ਗੁਰਵਿੰਦਰ ਸਿੰਘ ਇੱਟਾਂ ਅਤੇ ਪੱਥਰ ਮਾਰਨ ਲੱਗਾ ਤਾਂ ਇੱਕ ਪੱਥਰ ਰਾਜ ਕੌਰ ਦੇ ਸਿਰ ਵਿੱਚ ਲੱਗਾ ਤੇ ਉਹ ਜ਼ਖਮੀ ਹੋ ਗਈ। ਉਸ ਨੂੰ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਤੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਨੇ ਗੁਰਵਿੰਦਰ ਸਿੰਘ ਉਰਫ ਗਿੰਦਰੀ, ਬਰਖਾ ਰਾਣੀ, ਸਿਮਰਨ ਵਾਸੀ ਟਿਵਾਣਾ ਕਲਾ ਉੱਤੇ ਮਾਮਲਾ ਦਰਜ ਕੀਤਾ ਹੈ।

# ਦੋਆਬੇ ਦੇ ਵੱਡੇ ਸਨਅਤਕਾਰਾਂ ਦੇ ਤਾਰ ‘ਆਪ’ ਨਾਲ ਜੁੜਨ ਲੱਗੇ

ਹੁਸ਼ਿਆਰਪੁਰ, 23 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਮਿਸ਼ਨ-2022 ਵਾਸਤੇ ਮਜ਼ਬੂਤ ਪਕੜ ਬਣਾਉਣ ਲਈ ਅੰਦਰਖਾਤੇ ਵੱਡੇ ਬਿਜਨਸਮੈਨਾਂਅਤੇ ਦੂਸਰੀਆਂ ਪਾਰਟੀਆਂ ਦੇ ਸਿਰਕੱਢ ਆਗੂਆਂ ਨਾਲ ਸੰਪਰਕਕੀਤਾ ਜਾ ਰਿਹਾ ਹੈ। ਜਾਣਕਾਰ ਸੂਤਰਾਂਅਨੁਸਾਰ ਦੋਆਬੇ ਦੇ ਇੱਕ ਵੱਡੇ ਉਦਯੋਗਪਤੀ ਦੇ ਤਾਰ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਜੁੜ ਰਹੇ ਹਨ ਅਤੇ ਪਾਰਟੀ ਦੀ ਮਦਦ ਕਰਨ ਦੇ ਬਦਲੇ ਉਸ ਨੂੰ ਰਾਜ ਸਭਾ ਮੈਂਬਰੀ ਦੀ ਆਫਰ ਦਿੱਤੀ ਜਾ ਰਹੀ ਹੈ। ਜੇ ਸਚਮੁੱਚ ਏਦਾਂ ਹੁੰਦਾ ਹੈ ਤਾਂ ਇਸ ਨਾਲ ਪੰਜਾਬ ਦੇ ਸਿਆਸੀ ਸਮੀਕਰਨ ਤੇਜ਼ੀ ਨਾਲ ਬਦਲ ਸਕਦੇ ਹਨ ਤੇ ਆਮ ਆਦਮੀ ਪਾਰਟੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਨੂੰ ਝੱਟਕਾ ਦੇ ਸਕਦੀ ਹੈ। ਅਕਾਲੀ ਦਲ ਨੇ ਬਸਪਾ ਨਾਲ ਸਮਝੌਤਾ ਕਰਕੇ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਦਾ ਯਤਨ ਕੀਤਾ ਹੈ, ਉਥੇ ਕਾਂਗਰਸ ਨੇ ਅਕਾਲੀ ਦਲ ਨੂੰ ਝੱਟਕਾ ਦੇਣ ਲਈ ਇੱਕ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਪੱਤਾ ਖੇਡਿਆ ਹੈ। ਇਹ ਵੀ ਕਾਂਗਰਸ ਨੇ ਮਿਸ਼ਨ-2022 ਨੂੰ ਸਾਹਮਣੇ ਰੱਖ ਕੇ ਕੀਤਾ ਹੈ।

ਪੰਜਾਬ ਦੀਆਂ ਇਨ੍ਹਾਂ ਦੋਵਾਂ ਪ੍ਰਮੁੱਖ ਰਾਜਸੀ ਪਾਰਟੀਆਂ ਵਿੱਚੋਂ ਅਕਾਲੀ ਦਲ ਦੀ ਪਿਛਲੇ 10 ਸਾਲ ਦੀ ਕਾਰਗੁਜ਼ਾਰੀ ਅਤੇ ਕਾਂਗਰਸ ਦੇ ਸਾਢੇ ਚਾਰ ਸਾਲਾ ਰਾਜ ਵਿੱਚ ਗਰੀਬ ਤੇ ਆਮ ਲੋਕਾਂ ਦਾ ਜੋ ਹਸ਼ਰ ਹੋਇਆ, ਉਹ ਪੰਜਾਬੀਆਂ ਨੂੰ ਰੜਕ




ਰਿਹਾ ਹੈ। ਰੇਤਾ ਖੰਡ ਦੇ ਭਾਅ ਮਿਲਦੀ ਰਹੀ ਅਤੇ ਬਿਜਲੀ ਦੇ ਰੇਟ ਅਸਮਾਨ ਨੂੰ ਛੂੰਹਦੇ ਰਹੇ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਚਿਹਰੇ ਬਾਰੇ ਅਜੇ ਆਪਣੇ ਪੱਤੇ ਨਹੀਂ ਖੋਲ੍ਹੇ, ਪਰ ਅੰਦਰਖਾਤੇ ਰਾਜਨੀਤਕ ਹਲਚਲ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਆਪਣੀਆਂ ਗੋਟੀਆਂ ਫਿੱਟ ਕਰਨ ਦਾ ਯਤਨ ਹੋ ਰਿਹਾ ਹੈ। ਪੰਜਾਬ ਦੇ ਰੋਜ਼ ਬਦਲ ਰਹੇ ਸਿਆਸੀ ਹਾਲਾਤ ਉੱਤੇ ਆਮ ਆਦਮੀ ਪਾਰਟੀਨਿਗ੍ਹਾ ਰੱਖ ਰਹੀ ਹੈ, ਲੋਕਾਂ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਤੇ ਹਰ ਕਦਮ ਫੂਕ-ਫੂਕ ਕੇ ਰੱਖਿਆ ਜਾ ਰਿਹਾ ਹੈ। ਲੋਕਾਂ ਜਿਸ ਤਰ੍ਹਾਂ ਅਕਾਲੀ ਦਲ ਤੇ ਕਾਂਗਰਸ ਨੂੰ ਕੋਸ ਰਹੇ ਹਨ, ਇਹ ਰੁਝਾਨ ਅਕਾਲੀ ਦਲ ਤੋਂ ਬਾਅਦ ਕਾਂਗਰਸ ਪ੍ਰਤੀ ਲੋਕਾਂ ਦਾ ਘਟ ਰਿਹਾ ਝੁਕਾਅ ਆਮ ਆਦਮੀ ਪਾਰਟੀ ਨੂੰ ਫਾਇਦਾ ਦੇ ਸਕਦਾ ਹੈ। ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਾ ਚਿਹਰਾ ਦੇਣ ਤੋਂ ਪਹਿਲਾਂ ਹੀ ਰਵਾਇਤੀ ਪਾਰਟੀਆਂ ਨੂੰ ਧੋਬੀ ਪਟਕਾ ਮਾਰ ਸਕਦੇ ਹਨ, ਜਿਸ ਤਰ੍ਹਾਂ ਦਿੱਲੀ ਵਿੱਚ ਤਾਕਤਵਰ ਪਾਰਟੀਆਂ ਨਾਲ ਕੀਤਾ ਗਿਆ।

## ਸਿੰਗਲ ਪੇਰੈਂਟਸ ਲਈ ਚੰਗੀ ਖਬਰ :

# ਬੱਚਿਆਂ ਦੇ ਦਾਖਲੇ ਵਿੱਚ ਦੋਵਾਂ ਜੀਆਂ ਦੇ ਨਾਂਅ ਲਿਖਣ ਦੀ ਸ਼ਰਤ ਹਟੀ

ਲੁਧਿਆਣਾ, 23 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਸਕੂਲਾਂ ਵਿੱਚ ਸਿੰਗਲ ਪੇਰੈਂਟਸ ਨੂੰ ਬੱਚਿਆਂ ਦੇ ਦਾਖਲੇ ਵਿੱਚ ਔਖ ਨਹੀਂ ਆਏਗੀ। ਅੱਗੇ ਤੋਂ ਦਾਖਲਾ ਫਾਰਮ ਵਿੱਚ ਦੋਵਾਂ (ਮਾਤਾ-ਪਿਤਾ) ਦੇ ਨਾਂਅ ਲਿਖਣ ਦੀ ਮੰਗ ਸਕੂਲ ਨਹੀਂ ਕਰਨਗੇ। ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਨੇ ਇਸ ਸਬੰਧ ਵਿੱਚ ਸਾਰੇ ਸਕੂਲਾਂ ਨੂੰ ਹੁਕਮ ਜਾਰੀ ਕੀਤੇ ਹਨ।

ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਅਜਿਹੇ ਬੱਚਿਆਂ ਨੂੰ ਕਿਸੇ ਵੀ



ਕੀਮਤ ਉੱਤੇ ਦਾਖਲਾ ਦੇਣ ਤੋਂ ਮਨ੍ਹਾ ਨਾ ਕੀਤਾ ਜਾਏ ਤੇ ਇਨ੍ਹਾਂ ਹੁਕਮਾਂ ਨੂੰ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਏਗਾ। ਨਾਲ ਸਾਫ ਕੀਤਾ ਗਿਆ ਹੈ ਕਿ ਨਿਯਮ ਤੋੜਨ ਵਾਲੇ ਸਕੂਲਾਂ ਉੱਤੇ ਕਾਰਵਾਈ ਹੋਵੇਗੀ। ਅਨੁਸਾਰ ਕੁਝ ਸਮਾਂ ਪਹਿਲਾਂ ਤੋਂ ਇਹ ਕੇਸ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਦੇ ਇਛੁੱਕ ਹਨ। ਜਦ ਬੱਚਿਆਂ ਦੇ ਦਾਖਲੇ ਲਈ ਸਕੂਲ ਜਾਂਦੇ ਹਨ ਤਾਂ ਦਾਖਲਾ ਫਾਰਮ ਵਿੱਚ ਮਾਤਾ-ਪਿਤਾ ਦਾ ਨਾਂਅ ਭਰਨਾ ਜ਼ਰੂਰੀ ਹੋਣ ਕਾਰਨ ਦਿੱਕਤ ਆਉਂਦੀ ਹੈ, ਜਿਸ ਦੇ ਬਾਅਦ ਇਸ ਮਾਮਲੇ ਉੱਤੇ ਅਧਿਕਾਰੀਆਂ ਨੇ ਵਿਚਾਰ ਕੀਤਾ ਅਤੇ ਸਿੱਖਿਆ ਵਿਭਾਗ ਨੇ ਪੰਜਾਬ ਦੇ ਸਾਰੇ ਸਕੂਲਾਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਕਿਸੇ ਵੀ ਕਾਰਨ ਤੋਂ ਜੇ ਇੱਕ ਨਾਂਅ ਦਾਖਲਾ ਫਾਰਮ ਵਿੱਚ ਦਰਜ ਕੀਤਾ ਜਾਂਦਾ ਹੈ ਤਾਂ ਅਜਿਹੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਤੋਂ ਮਨ੍ਹਾ ਨਾ ਕਰਨ।



## ਫੌਜੀ ਅਫਸਰ ਬਣਨ ਲਈ ਔਰਤਾਂ ਨਵੰਬਰ ਵਿੱਚ ਐਨ ਡੀ ਏ ਟੈੱਸਟ ਦੇ ਸਕਣਗੀਆਂ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਮਹਿਲਾ ਉਮੀਦਵਾਰਾਂ ਨੂੰ ਐਨ ਡੀ ਏ ਦਾਖਲਾ ਟੈਸਟ ਦੇਣ ਦੀ ਇਜਾਜ਼ਤ ਅਗਲੇ ਵਰ੍ਹੇ ਤੋਂ ਦੇਣ ਬਾਰੇ ਕੇਂਦਰ ਸਰਕਾਰ ਦੀ ਅਪੀਲ ਨੂੰ ਸੁਪਰੀਮ ਕੋਰਟ ਨੇ ਮੰਨਣ ਤੋਂ ਨਾਂਹ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਕੋਰਟ ਨਹੀਂ ਚਾਹੁੰਦੀ ਕਿ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਰੱਖਿਆ ਜਾਵੇ।

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਸਾਲ ਭਰ ਲਈ ਨਹੀਂ ਟਾਲਿਆ ਜਾ ਸਕਦਾ। ਇਸ ਦੇ ਨਾਲ ਹੀ ਨਵੰਬਰ ਵਿੱਚ ਔਰਤਾਂ ਦੇ ਐਨ ਡੀ ਏ ਇਮਤਿਹਾਨਦਾ ਰਾਹ ਪੱਧਰਾ ਹੋ ਗਿਆ ਹੈ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਸ ਬਾਰੇ ਨੋਟੀਫਕੇਸ਼ਨ ਅਗਲੇ ਸਾਲ ਮਈ ਤਕ ਜਾਰੀ ਕਰ ਦਿੱਤਾ ਜਾਵੇਗਾ। ਜਸਟਿਸ ਐਸ ਕੇ ਕੌਲ ਦੇ ਬੈਂਚ ਨੇ ਕਿਹਾ ਕਿ ਐਮਰਜੈਂਸੀ ਹਾਲਤਾਂ ਨਾਲ ਹਥਿਆਰਬੰਦ ਫੌਜਾਂਤੋਂ ਵਧੀਆ ਕਦੇ ਕੋਈ ਨਹੀਂ ਨਜਿੱਠ ਸਕਦਾ ਤੇ ਸੁਪਰੀਮ ਕੋਰਟ ਆਸ ਕਰਦੀ ਹੈ ਕਿ ਔਰਤਾਂ ਦਾ ਬਿਨਾਂ ਦੇਰੀ ਦਾਖਲਾ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਦੇ ਹਨ। ਅਦਾਲਤ ਨੇ ਕਿਹਾ ਕਿ ਬਣਦੀ ਕਾਰਵਾਈ ਰੱਖਿਆ ਵਿਭਾਗ ਯੂ ਪੀ ਐਸ ਸੀ ਨਾਲ ਮਿਲ ਕੇ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਅਦਾਲਤ ਨੂੰ ਕਿਹਾ ਸੀ ਕਿ ਔਰਤਾਂ ਦਾ ਐਨ ਡੀ ਏ ਵਿੱਚ ਦਾਖਲਾ ਯਕੀਨੀ ਬਣਾਉਣ ਲਈ ਇੱਕ ਅਧਿਅਨ ਗਰੁੱਪ ਬਣਾਇਆ ਗਿਆ ਹੈ। ਸਰਕਾਰ ਨੇ ਕਿਹਾ ਸੀ ਕਿ ਰੱਖਿਆ ਸੇਵਾਵਾਂ ਵੱਲੋਂ ਬਣਾਈ ਮਾਹਰਾਂ ਦੀ ਕਮੇਟੀ ਵਿਆਪਕ ਅਧਿਐਨ ਕਰ ਕੇ ਐਨ ਡੀ ਏ ਦੀਆਂ ਮਹਿਲਾ ਕੈਡੇਟਾਂ ਦਾ ਸਿਲੇਬਸ ਤਿਆਰ ਕਰੇਗੀ। ਕੇਸ ਦੀ ਸੁਣਵਾਈ ਦੌਰਾਨ ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਐਨ ਡੀ ਏ ਦੇ ਸਾਲ ਵਿੱਚ ਦੋ ਪੇਪਰ ਹੁੰਦੇ ਹਨ। ਇੱਕ ਲਈ ਨੋਟੀਫਕੇਸ਼ਨ ਜਨਵਰੀ ਵਿੱਚ ਨਿਕਲਦਾ ਹੈ ਤੇ ਪੇਪਰ ਅਪ੍ਰੈਲ ਵਿੱਚ ਹੁੰਦਾ ਹੈ। ਦੂਜੇ ਲਈ ਨੋਟੀਫਕੇਸ਼ਨ ਮਈ-ਜੂਨ ਵਿੱਚ ਨਿਕਲਦਾ ਹੈ ਅਤੇ ਪੇਪਰ ਸਤੰਬਰ ਵਿੱਚ ਹੁੰਦਾ ਹੈ। ਮੁਕੰਮਲ ਪ੍ਰਕਿਰਿਆ ਪੂਰਾ ਸਾਲ ਲੈਂਦੀ ਹੈ। ਸਰਕਾਰ ਮਈ 2022 ਵਿੱਚ ਨੋਟੀਫਕੇਸ਼ਨ ਜਾਰੀ ਕਰਨ ਬਾਰੇ ਕਹਿੰਦੀ ਹੈ ਤਾਂ ਦਾਖਲਾ 2023 ਵਿੱਚ ਹੋਵੇਗਾ। ਬੈਂਚ ਨੇ ਕਿਹਾ ਕਿ ਢਾਂਚਾ ਕਾਇਮ ਕਰਨ ਨੂੰ ਸਰਕਾਰ ਨੂੰ ਕੁਝ ਸਮਾਂ ਲੱਗੇਗਾ, ਪਰ ਔਰਤਾਂ ਲਈ ਪ੍ਰੀਖਿਆ ਟਾਲੀ ਨਹੀਂ ਜਾ ਸਕਦੀ। ਐਡੀਸ਼ਨਲ ਸਾਲਿਸਟਰ ਜਨਰਲ ਨੇ ਮੰਗ ਕੀਤੀ ਸੀ ਕਿ 14 ਨਵੰਬਰ ਨੂੰ ਹੋਣ ਵਾਲੇ ਐਨ ਡੀ ਏ ਦੇ ਇਮਤਿਹਾਨਬਾਰੇ ਫਿਲਹਾਲ ਕੋਈ ਹੁਕਮ ਨਾ ਦਿੱਤਾ ਜਾਵੇ। ਅਦਾਲਤ ਦੇ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਤਰਕ ਨੂੰ ਸਵੀਕਾਰ ਕਰਨਾ ਔਖਾ ਹੈ ਕਿਉਂਕਿ ਉਮੀਦਵਾਰ ਵੱਡੀ ਗਿਣਤੀ ਵਿੱਚ ਇਹ ਇਮਤਿਹਾਨ ਦੇਣਾ ਚਾਹੁੰਦੇ ਹਨ।

## ਡੀ ਆਈ ਸੀ ਜੀ ਸੀ ਨੇ ਤਣਾਅ ਵਾਲੇ 21 ਕੋਆਪਰੇਟਿਵ ਬੈਂਕਾਂ ਨੂੰ ਖਾਤਾਧਾਰਕਾਂ ਦੀ ਸੂਚੀ ਬਣਾਉਣ ਨੂੰ ਕਿਹਾ



ਮੁੰਬਈ, 23 ਸਤੰਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਦੀ ਸਹਾਇਕ ਇਕਾਈ ਡੀ ਆਈ ਸੀ ਜੀ ਸੀ ਨੇ ਇੱਕ ਨਵੇਂ ਕਾਨੂੰਨ ਹੇਠ ਪੀ ਐਮ ਸੀ ਬੈਂਕ ਸਮੇਤ ਲੱਗਭਗ ਦੋ ਦਰਜਨ ਤਣਾਅਪੂਰਨ ਕੋਆਪਰੇਟਿਵ ਬੈਂਕਾਂ ਨੂੰ ਉਨ੍ਹਾਂ ਖਾਤਾਧਾਰਕਾਂ ਦੀ ਸੂਚੀ ਬਣਾਉਣ ਨੂੰ ਕਿਹਾ ਹੈ ਜੋ 90 ਦਿਨਾਂ ਦੇ ਅੰਦਰ ਪੰਜ ਲੱਖ ਰੁਪਏ ਲੈਣ ਦੇ ਯੋਗ ਹਨ।

ਸੰਸਦ ਨੇ ਪਿਛਲੇ ਮਹੀਨੇ ਜਮ੍ਹਾ ਬੀਮਾ ਅਤੇ ਕ੍ਰੈਡਿਟ ਗਾਰੰਟੀ ਨਿਗਮ (ਸੋਧ) ਬਿੱਲ 2021 ਪਾਸ ਕੀਤਾ ਸੀ, ਜਿਸ ਦਾ ਮਕਸਦ ਇਹ ਯਕੀਨੀ ਕਰਨਾ ਹੈ ਕਿ ਆਰ ਬੀ ਆਈ ਵੱਲੋਂ ਬੈਂਕ ਉੱਤੇ ਰੋਕ ਲਾਗੂ ਕਰਨ ਤੋਂ 90 ਦਿਨਾਂ ਦੇ ਅੰਦਰ ਖਾਤਾ ਧਾਰਕਾਂ ਨੂੰ ਪੰਜ ਲੱਖ ਰੁਪਏ ਮਿਲਣ। ਇਹ ਕਾਨੂੰਨ ਇੱਕ ਸਤੰਬਰ 2021 ਤੋਂ ਲਾਗੂ ਹੋਇਆ ਹੈ ਤੇ ਇਸ ਨਾਲ 90 ਦਿਨਾਂ ਦੀ ਸਮਾਂ ਹੱਦ 30 ਨਵੰਬਰ 2021 ਨੂੰ ਪੂਰੀ ਹੋਵੇਗੀ। ਇਸ ਸਮੇਂ 21 ਕੋਆਪਰੇਟਿਵ ਬੈਂਕ ਆਰ ਬੀ ਆਈ ਦੀ ਰੋਕ ਹੇਠ ਹਨ। ਇਸ ਲਈ ਇਨ੍ਹਾਂ ਬੈਂਕਾਂ ਦੇ ਖਾਤਾਧਾਰਕ ਪਿਛਲੇ ਮਹੀਨੇ ਪਾਸ ਕਾਨੂੰਨ ਹੇਠ ਆਉਂਦੇ ਹਨ। ਜਮ੍ਹਾ ਬੀਮਾ ਤੇ ਕ੍ਰੈਡਿਟ ਗਾਰੰਟੀ ਨਿਗਮ (ਡੀ ਆਈ ਸੀ ਜੀ ਸੀ) ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ (21) ਬੈਂਕ 15 ਅਕਤੂਬਰ ਤਕ ਦਾਅਵਾ ਸੂਚੀ ਪੇਸ਼ ਕਰਨਗੇ ਅਤੇ 29 ਨਵੰਬਰ ਤਕ ਆਖਰੀ ਅਪਡੇਟ (ਦੂਜੀ) ਸੂਚੀ (ਮੂਲਧਨ ਅਤੇ ਵਿਆਜ ਨਾਲ) ਵਿੱਚ ਅਪਡੇਟ ਕਰਨਗੇ ਤਾਂ ਕਿ ਡੀ ਆਈ ਸੀ ਜੀ ਸੀ ਦਾਅਵੇ ਦਾ ਨਿਪਟਾਰਾ ਕਰ ਸਕਣ।ਇਸ ਕਦਮ ਨਾਲ ਪੀ ਐਮ ਸੀ ਬੈਂਕ ਤੋਂ ਇਲਾਵਾ ਸ਼੍ਰੀ ਗੁਰੂ ਰਾਘਵੇਂਦਰ ਕੋਆਪਰੇਟਿਵ ਬੈਂਕ, ਰੁਪਇਆ ਕੋਆਪਰੇਟਿਵ ਬੈਂਕ, ਸੁਤੰਤਰਤਾ ਕੋਆਪਰੇਟਿਵ ਬੈਂਕ, ਅਦੂਰ ਕੋਆਪਰੇਟਿਵ ਸ਼ਹਿਰੀ ਬੈਂਕ, ਬੀਦਰ ਮਹਿਲਾ ਸ਼ਹਿਰੀ ਕੋਆਪਰੇ-ਟਿਵ ਬੈਂਕ ਅਤੇ ਪੀਪੁਲਸ ਕੋਆਪ੍ਰੇਟਿਵ ਬੈਂਕ ਦੇ ਖਾਤਾਧਾਰਕਾਂ ਨੂੰ ਵੀ ਫਾਇਦਾ ਹੋਵੇਗਾ। ਇਨ੍ਹਾਂ 21 ਬੈਂਕਾਂ ਵਿੱਚ 11 ਮਹਾਰਾਸ਼ਟਰ ਦੇ ਹਨ, ਪੰਜ ਕਰਨਾਟਕ ਦੇ ਹਨ, ਜਦੋਂ ਕਿ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੰਜਾਬ, ਕੇਰਲ ਅਤੇ ਰਾਜਸਥਾਨ ਦਾ ਇੱਕ-ਇੱਕ ਬੈਂਕ ਹੈ।

# ਹਰਿਆਣਾ ਗੁਰਦੁਆਰਾ ਕਮੇਟੀ ਦੀ ਕਾਰਜਕਾਰਨੀ ਉਤੇ ਹਾਈ ਕੋਰਟ ਨੇ ਜਵਾਬ ਮੰਗਿਆ

ਚੰਡੀਗੜ੍ਹ, 23 ਸਤੰਬਰ (ਪੋਸਟ ਬਿਊਰੋ)- ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਹਾਈ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਖ ਰੱਖਣ ਦਾ ਹੁਕਮ ਦਿੱਤਾ ਹੈ। ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਤੇ ਹੋਰਾਂ ਨੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਕਾਰਜਕਾਰੀ ਕਮੇਟੀ ਦੇ ਗਠਨ ਨੂੰ ਚੁਣੌਤੀ ਦਿੱਤੀ ਹੈ।

ਕੁਰੂਕਸ਼ੇਤਰ ਦੇ ਦੀਦਾਰ ਸਿੰਘ ਨਲਵੀ ਹਰਿਆਣਾ ਸਿੱਖ ਗੁਰਦੁ-ਆਰਾ ਐਕਟ 2014 ਹੇਠ ਬਣੀ ਕੁੱਲ 41 ਮੈਂਬਰਾਂ ਵਾਲੀ ਐਡਹਾਕ ਕਮੇਟੀ ਦੇ ਮੈਂਬਰਸਨ। ਪਟੀਸ਼ਨ ਮੁਤਾਬਕ ਉਨ੍ਹਾਂ ਨੂੰ ਸਰਕਾਰ ਨੇ 2014 ਵਿੱਚ ਨਾਮਜ਼ਦ ਕੀਤਾ ਸੀ ਤੇ ਉਨ੍ਹਾਂ ਨੂੰ ਐਕਟ ਦੀਆਂ ਮੱਦਾਂ ਮੁਤਾਬਕ ਅਹੁਦੇ ਉੱਤੇ ਬਣੇ ਰਹਿਣ ਦਾ ਪੂਰਾ ਅਧਿਕਾਰ ਹੈ, ਪਰ ਸਰਕਾਰ ਨੇ 20 ਮਈ ਦੇ ਹੁਕਮ ਤਹਿਤ ਐਡਹਾਕ ਕਮੇਟੀ ਦੇ ਕੁਝ ਮੈਂਬਰਾਂ ਨੂੰ ਹਟਾ ਦਿੱਤਾ, ਜਿਹੜਾ





ਪੂਰੀ ਤਰ੍ਹਾਂ ਗਲਤ ਹੈ ਅਤੇ ਐਚ ਐਸ ਜੀ ਐਮ ਸੀ ਐਕਟ ਦੀ ਉਲੰਘਣਾ ਹੈ। ਇਸ ਮੁਤਾਬਕ 41 ਮੈਂਬਰੀ ਐਡਹਾਕ ਕਮੇਟੀ ਐਚ ਐਸ ਜੀ ਐਮ ਸੀ ਮੁਤਾਬਕ ਹੋਣ ਤਕ ਸੂਬੇ ਦੇ ਸਾਰੇ ਗੁਰਦੁਆਰਿਆਂ ਦੀਆਂ ਸਾਰੀਆਂ ਜਾਇਦਾਦਾਂ ਦਾ ਪ੍ਰਬੰਧ ਕਰੇਗੀ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 2015 ਨੂੰ ਨਾ ਮਨਜ਼ੂਰ ਕਰਨ ਦੀ ਮੰਗ ਕਰਦੇ ਹੋਏ ਕੁਰੂਕਸ਼ੇਤਰ ਤੋਂ ਐਸ ਜੀ ਪੀ ਸੀ ਦੇ ਮੈਂਬਰਾਂ ਵਿੱਚੋਂ ਇੱਕ ਵੱਲੋਂ ਦਾਖਲ ਪਟੀਸ਼ਨ ਦੇ ਮੱਦੇਨਜ਼ਰ ਮਾਮਲਾ ਸੁਪਰੀਮ ਕੋਰਟ ਦੇ ਸਾਹਮਣੇ ਪਹੁੰਚਿਆ ਸੀ, ਇਸ ਉੱਤੇ ਸਿਖਰਲੀ ਅਦਾਲਤ ਨੇ ਮਾਮਲੇ ਉੱਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦਾ ਹੁਕਮ ਦਿੱਤਾ। ਉਦੋਂ ਤੋਂ ਇਹ ਮਾਮਲਾ ਸੁਪਰੀਮ ਕੋਰਟ ਦੇ ਸਾਹਮਣੇ ਪੈਂਡਿੰਗ ਹੈ।

## 12ਵੀਂ ਦੀ ਵਿਦਿਆਰਥਣ ਦੀਆਂ ਅੱਖਾਂ ਵਿੱਚ ਤੇਜ਼ਾਬ ਪਾਇਆ

ਪੰਨਾ, 23 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਵਿੱਚ ਬੇਹੱਦ ਘਿਨੌਣਾ ਮਾਮਲਾ ਸਾਹਮਣੇ ਆਇਆਹੈ। ਇੱਕ ਪਿੰਡ ਵਿੱਚ ਕੁਝ ਬਦਮਾਸ਼ਾਂ ਨੇ ਇੱਕ ਲੜਕੀ ਦੀਆਂ ਅੱਖਾਂ ਵਿੱਚ ਤੇਜ਼ਾਬ ਪਾ ਦਿੱਤਾ। ਇਸ ਪਿੱਛੋਂ ਉਸ ਦੀਆਂ ਅੱਖਾਂ ਨੂੰ ਹੱਥਾਂ ਨਾਲ ਮਸਲ ਦਿੱਤਾ। ਲੜਕੀ ਨੂੰ ਦਿਖਾਈ ਵੀ ਨਹੀਂ ਦੇ ਰਿਹਾ। ਉਸ ਨੂੰ ਗੰਭੀਰ ਹਾਲਤ ਵਿੱਚ ਚਿਤਰਕੂਟ ਰੈਫਰ ਕੀਤਾ ਗਿਆ ਹੈ। ਦੋਸ਼ੀਆਂ ਨੂੰ ਸ਼ੱਕ ਸੀ ਕਿ ਉਨ੍ਹਾਂ ਦੇ ਪਰਵਾਰ ਦੀ ਇੱਕ ਔਰਤ ਨੂੰ ਭਜਾਉਣ ਵਿੱਚ ਇਸ ਲੜਕੀ ਨੇ ਮਦਦ ਕੀਤੀ ਹੈ। ਲੜਕੀ 12ਵੀਂ ਦੀ ਵਿਦਿਆਰਥਣ ਹੈ। ਪੁਲਸ ਨੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

20 ਸਾਲ ਦੀ ਪੀੜਤਾ ਨੇ ਦੱਸਿਆ ਕਿ ਉਹ ਆਪਣੇ ਭਰਾ ਨਾਲ ਮੰਗਲਵਾਰ ਸਵੇਰੇ ਘਰ ਵਿੱਚ ਸੀ। ਇਸੇ ਦੌਰਾਨ ਦੋਸ਼ੀਆਂ ਸੁੰਮੀ ਰਾਜਾ ਅਤੇ ਗੋਲਡੀ ਰਾਜਾ ਗੱਲਬਾਤ ਦੇ ਬਹਾਨੇ ਉਸ ਨੂੰ ਆਪਣੇ ਖੇਤ ਉੱਤੇ ਲੈ ਗਏ। ਉਥੇ ਦੋਵੇਂ ਬਦਸਲੂਕੀ ਕਰਨ ਲੱਗੇ। ਵਿਰੋਧ ਕਰਨ ਉੱਤੇ ਮਰਾਕੁੱਟ ਕਰਦੇ ਹੋਏ ਅੱਖਾਂ ਵਿੱਚ ਤੇਜ਼ਾਬ ਪਾ ਦਿੱਤਾ। ਗੋਲਡੀ ਨੇ ਉਸ ਦੀਆਂ ਅੱਖਾਂ ਨੂੰ ਮਸਲ ਦਿੱਤਾ। ਰੌਲਾ ਸੁਣ ਕੇ ਪਿੰਡ ਦੇ ਕੁਝ ਲੋਕ ਆਏ ਤੇ ਉਸ ਨੂੰ ਹਸਪਤਾਲ ਪਹੁੰਚਾਉਣ ਦੇ ਨਾਲ ਹੀ ਪੁਲਸ ਨੂੰ ਦੱਸਿਆ।ਪੀੜਤਾ ਦੇ ਮਾਤਾ-ਪਿਤਾ ਦੀ ਬਚਪਨ ਵਿੱਚ ਹੀ ਮੌਤ ਹੋ ਚੁੱਕੀ ਹੈ।

# ਔਰਤ ਦੇ ਸਾੜ੍ਹੀ ਪਹਿਨਣ ਕਾਰਨ ਰੈਸਟੋਰੈਂਟ ਵਿੱਚ ਵੜਨ ਤੋਂ ਰੋਕਿਆ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਇੱਕ ਰੈਸਟੋਰੈਂਟ ਨੇ ਔਰਤ ਨੂੰ ਇਸ ਲਈ ਦਾਖ਼ਲ ਨਹੀਂ ਹੋਣ ਦਿੱਤਾ ਕਿ ਉਸ ਨੇ ਸਾੜ੍ਹੀ ਪਹਿਨੀ ਹੋਈ ਸੀ ਅਤੇ ਰੈਸਟੋਰੈਂਟ ਅਨੁਸਾਰ ਉਹ 'ਸਮਾਰਟ ਗੈਰ-ਰਸਮੀ' ਕੱਪੜਿਆਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੀ।

ਦੂਜੇ ਪਾਸੇ ਰੈਸਟੋਰੈਂਟ ਨੇ ਸਫਾਈ ਦਿੰਦਿਆਂ ਦਾਅਵਾ ਕੀਤਾ ਹੈ



ਕਿ ਘਟਨਾ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਰੈਸਟੋਰੈਂਟ ਦੀ ਮੈਨੇਜਮੈਂਟ ਨੇ ਕਿਹਾ,"ਅਸੀਂ ਭਾਰਤੀ ਭਾਈਚਾਰਿਆਂ ਦਾ ਸਨਮਾਨ ਕਰਨ ਵਿੱਚ ਭਰੋਸਾ ਕਰਦੇ ਹਾਂ ਅਤੇ ਹਰ ਤਰ੍ਹਾਂ ਦੇ ਆਧੁਨਿਕ ਤੇ ਰਵਾਇਤੀ ਪਹਿਰਾਵਿਆਂ ਵਿੱਚ ਆਉਣ ਵਾਲੇ ਮਹਿਮਾਨਾਂ ਦਾ ਸਵਾਗਤ ਕਰਦੇ ਹਾਂ।"ਫੇਸਬੁੱਕ ਪੋਸਟ ਵਿੱਚ ਅਨੀਤਾ ਚੌਧਰੀ ਨਾਂ ਦੀ ਔਰਤ ਨੇ ਦੋਸ਼ ਲਾਇਆ ਹੈ ਕਿ ਕੱਲ੍ਹ ਅੰਸਲ ਪਲਾਜ਼ਾ ਦੇ ਅਕਵਿਲਾ ਰੈਸਟੋਰੈਂਟ ਵਿੱਚ ਉਸ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ, ਕਿਉਂਕਿ ਉਸ ਨੇ ਸਾੜ੍ਹੀ ਪਹਿਨੀ ਹੋਈ ਸੀ। ਚੌਧਰੀ ਦੀ ਫੇਸਬੁੱਕ ਪ੍ਰੋਫਾਈਲ ਅਨੁਸਾਰ ਉਹ ਦੂਰਦਰਸ਼ਨ ਨੈਸ਼ਨਲ ਚੈਨਲ 'ਚ ਕ੍ਰਿਏਟਿਵ ਡਾਇਰੈਕਟਰ ਹੈ।

# ਮਮਤਾ ਦੇ ਭਤੀਜੇ ਅਭਿਸ਼ੇਕ ਬੈਨਰਜੀ ਨੂੰ ਰਾਹਤ ਦੇਣ ਤੋਂ ਹਾਈ ਕੋਰਟ ਦੀ ਨਾਂਹ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇਭਤੀਜੇ ਅਭਿਸ਼ੇਕ ਬੈਨਰਜੀ ਅਤੇ ਉਨ੍ਹਾਂ ਦੀ ਪਤਨੀ ਨੂੰ ਅੰਤ੍ਰਿਮ ਰਾਹਤ ਦੇਣ ਤੋਂ ਦਿੱਲੀ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ ਹੈ। ਦੋਵਾਂ ਨੇ ਅਦਾਲਤ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਰੀ ਸੰਮਨ ਰੱਦ ਕਰਨ ਦੀ ਮੰਗ ਕੀਤੀ ਸੀ। ਵਰਨਣ ਯੋਗ ਹੈ ਕਿ ਕੇਂਦਰੀ ਏਜੰਸੀ ਈ ਡੀ ਨੇ ਪੱਛਮੀ ਬੰਗਾਲ ਦੇ ਕੋਲਾ ਘੋਟਾਲਾ ਕੇਸ ਵਿੱਚ ਇਨ੍ਹਾਂ ਦੋਵਾਂ ਨੂੰ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਜਾਂਚ ਲਈ ਤਲਬ ਕੀਤਾ ਸੀ।

ਅਭਿਸ਼ੇਕ ਬੈਨਰਜੀ ਦੀ ਅਰਜ਼ੀ ਉੱਤੇ ਜਸਟਿਸ ਯੋਗੇਸ਼ ਖੰਨਾ ਨੇ ਈ ਡੀ ਨੂੰ ਨੋਟਿਸ ਜਾਰੀ ਕਰ ਕੇ ਜਾਂਚ ਏਜੰਸੀ ਨੂੰ ਤਿੰਨ ਦਿਨਾਂ ਵਿੱਚ ਜਵਾਬ



ਦਾਇਰ ਕਰਨ ਲਈ ਕਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ 27 ਨੂੰ ਹੋਵੇਗੀ। ਅਭਿਸ਼ੇਕ ਤੇ ਉਸ ਦੀ ਪਤਨੀ ਰੁਜਿਰਾ ਬੈਨਰਜੀ ਨੂੰ ਕੱਲ੍ਹ ਈ ਡੀ ਨੇ ਦਿੱਲੀ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਣ ਨੂੰ ਕਿਹਾ ਸੀ। ਉਨ੍ਹਾਂ ਕੋਲੋਂ ਵੱਡੀ ਗਿਣਤੀ ਵਿੱਚ ਦਸਤਾਵੇਜ਼ ਵੀ ਮੰਗੇ ਗਏ ਸਨ। ਅਭਿਸ਼ੇਕ ਤੇ ਰੁਜਿਰਾ ਨੇ ਕਿਹਾ ਕਿ ਉਹ ਕੋਲਕਾਤਾ ਦੇ ਵਾਸੀ ਹਨ ਤੇ ਉਨ੍ਹਾਂ ਨੂੰ ਦਿੱਲੀ ਵਿੱਚ ਜਾਂਚ ਵਿੱਚ ਸ਼ਾਮਲ ਹੋਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਅਭਿਸ਼ੇਕ ਬੈਨਰਜੀ (33) ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਭਤੀਜਾ ਹੈ ਅਤੇ ਉਹ ਡਾਇਮੰਡ ਹਾਰਬਰ ਸੀਟ ਤੋਂ ਲੋਕ ਸਭਾ ਮੈਂਬਰ ਹੋਣ ਦੇ ਇਲਾਵਾ ਤ੍ਰਿਣਮੂਲ ਕਾਂਗਰਸ(ਟੀ ਐਮ ਸੀ) ਦਾ ਕੌਮੀ ਜਨਰਲ ਸੈਕਟਰੀ ਹੈ। ਅਦਾਲਤ ਵੱਲੋਂ ਕੋਈ ਰਾਹਤ ਦੇਣ ਤੋਂ ਇਨਕਾਰ ਉੱਤੇ ਬੈਨਰਜੀ ਜੋੜੇ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਕਾਰਵਾਈ ਲਈ ਅੱਗੇ ਨਹੀਂ ਵਧਣਾ ਚਾਹੀਦਾ, ਕਿਉਂਕਿ ਕੇਸ ਹਾਈ ਕੋਰਟ ਵਿੱਚ ਹੈ।ਸਿੱਬਲ ਨੇ ਕਿਹਾ ਕਿ ਉਹ ਕਿਸੇ ਚੀਜ਼ ਉਤੇ ਰੋਕ ਨਹੀਂ ਮੰਗਦੇ, ਪਰ ਪੁੱਛਗਿੱਛ ਬੰਗਾਲ ਵਿੱਚ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਦਿੱਲੀ ਨਹੀਂ ਸੱਦਿਆ ਜਾ ਸਕਦਾ, ਬੈਨਰਜੀ ਜੋੜੇ ਤੋਂ ਪੁੱਛਗਿੱਛ ਉਸ ਥਾਣੇ ਦੇ ਦਾਇਰੇ ਵਿੱਚ ਹੋਣੀ ਚਾਹੀਦੀ ਹੈ, ਜਿੱਥੇ ਅਪਰਾਧ ਹੋਇਆ ਹੈ ਅਤੇ ਮਹਿਲਾ ਤੋਂ ਪੁੱਛਗਿੱਛ ਘਰ ਵਿੱਚ ਹੋਣੀ ਚਾਹੀਦੀ ਹੈ।ਈ ਡੀ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਮਨੀ ਲਾਂਡਰਿੰਗ ਐਕਟ ਹੇਠ ਜਾਂਚ ਲਈ ਅਧਿਕਾਰ ਖੇਤਰ ਤੈਅ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਅਪਰਾਧਾਂ ਬਾਰੇ ਕਾਨੂੰਨ ਵਿੱਚ ਵੀ ਇਸੇ ਤਰ੍ਹਾਂ ਹੈ। ਮਨੀ ਲਾਂਡਰਿੰਗ ਬਾਰੇ ਕਾਨੂੰਨ (ਪੀ ਐਮ ਐਲ ਏ) ਲਈ ਸਾਰਾ ਭਾਰਤਥਾਣਾ ਹੈ।

## ਕਾਬੁਲ ਉਤੇ ਕਬਜ਼ੇ ਦੇ ਬਾਅਦ ਭਾਰਤ ਭੇਜੀ 21 ਹਜ਼ਾਰ ਕਰੋੜ ਰੁਪਏ ਦੀ ਹੈਰੋਇਨ ਫੜੀ ਗਈ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਲਗਭਗ 21 ਹਜ਼ਾਰ ਕਰੋੜ ਰੁਪਏ ਦੀ ਰਿਕਾਰਡ ਡਰੱਗਸ ਤਸਕਰੀ ਦੇ ਰੈਕੇਟ ਦੇ ਪਰਦਾ ਫਾਸ਼ ਹੋਣ ਪਿੱਛੋਂ ਭਾਰਤ ਦੀਆਂਸਭ ਏਜੰਸੀਆਂ ਇਸ ਦੀ ਤਹਿ ਤਕ ਪਹੁੰਚਣ ਦੇ ਕੰਮ ਲੱਗ ਗਈਆਂ ਹਨ। ਰੈਵੇਨਿਊ ਖੁਫੀਆ ਡਾਇਰੈਕੋਟਰੇਟ (ਡੀ ਆਰ ਆਈ) ਦੇ ਬਾਅਦ ਈ ਡੀ(ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਵੀ ਮਨੀ ਲਾਂਡਰਿੰਗ ਦੇ ਤਹਿਤ ਜਾਂਚ ਸ਼ੁਰੂ ਕਰ ਦਿੱਤੀ ਅਤੇ ਡੀ ਆਰ ਆਈ ਤੋਂ ਕੇਸਦੀ ਮੁਕੰਮਲ ਜਾਣਕਾਰੀ ਮੰਗੀ ਹੈ। ਡੀ ਆਰ ਆਈ ਦੇ ਅਨੁਸਾਰ 3000 ਕਿਲੋਗਰਾਮ ਹੈਰੋਇਨ ਦੀ ਇਹ ਖੇਪ 15 ਅਗਸਤ ਨੂੰ ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਦੇ ਬਾਅਦ ਅਫਗਾਨਿਸਤਾਨ ਤੋਂ ਈਰਾਨ ਭੇਜੀ ਗਈ ਸੀ।



ਮਿਲੀ ਜਾਣਕਾਰੀ ਅਨੁਸਾਰਡੀ ਆਰ ਆਈ ਅਧਿਕਾਰੀਡਰੱਗਸ ਤਸਕਰੀ ਵਿੱਚ ਤਾਲਿਬਾਨ ਦੀ ਸ਼ਮੂਲੀਅਤ ਦੀ ਜਾਂਚ ਦੇ ਲਈ ਗ੍ਰੇਟਰ ਨੋਇਡਾ ਤੋਂ ਫੜੇ ਦੋ ਅਫਗਾਨੀਆਂ ਤੋਂ ਪੁੱਛਗਿੱਛ ਕਰ ਰਹੇ ਹਨ।ਡੀ ਆਰ ਆਈ ਦੇ ਉਚ ਪੱਧਰੀ ਸੂਤਰਾਂ ਅਨੁਸਾਰ ਗੁਜਰਾਤ ਦੇ ਮੁੰ-ਦਰਾ ਪੋਰਟ ਤੋਂ 3000 ਕਿਲੋਗਰਾਮ ਹੈਰੋਇਨ ਦੀ ਜ਼ਬਤੀ ਤੋਂ ਪਹਿਲਾਂ ਵੀ ਭਾਰੀ ਮਾਤਰਾ ਵਿੱਚ ਇਸ ਨਸ਼ੀਲੇ ਪਦਾਰਥ ਦੀ ਤਸਕਰੀ ਦੇ ਸੰਕੇਤ ਮਿਲਦੇ ਰਹੇ ਹਨ। ਆਂਧਰਾ ਪ੍ਰਦੇਸ਼ ਦੇ ਵਿਜੈਵਾੜਾ ਸ਼ਹਿਰ ਦੇ ਪਤੇ ਉੱਤੇ ਰਜਿਸਟਰਡ ਜਿਸ ਆਸ਼ੀ ਟ੍ਰੇਡਿੰਗ ਕੰਪਨੀ ਦੇ ਨਾਂਅ ਇਹ ਵੱਡੀ ਖੇਪ ਭੇਜੀ ਗਈ ਸੀ, ਉਸ ਦੇ ਨਾਂਅ ਉੱਤੇ ਜੂਨ ਵਿੱਚ ਵੀ 25 ਹਜ਼ਾਰ ਕਿਲੋਗਰਾਮ ਟੈਲਕਮ ਪਾਊਡਰ ਭਾਰਤ ਆਇਆ ਸੀ। ਸਮਝਿਆ ਜਾ ਰਿਹਾ ਹੈ ਕਿ ਜੂਨ ਵਿੱਚ ਆਇਆ ਟੈਲਕਮ ਪੌਡਰ ਵੀ ਹੈਰੋਇਨ ਸੀ, ਜਿਸ ਦੀ ਕੀਮਤ ਸੱਤਰ ਹਜ਼ਾਰ ਕਰੋੜ ਰੁਪਏ ਤੋਂ ਵੱਧ ਸੀ। ਡੀ ਆਰ ਆਈ ਨੇ ਕੰਪਨੀ ਦੇ ਸੰਚਾਲਕ ਐਮ ਸੁਧਾਕਰ ਅਤੇ ਉਸ ਦੀ ਪਤਨੀ ਜੀ ਡੀ ਪੀ ਵੈਸ਼ਾਲੀ ਨੂੰ ਚੇਨਈ ਤੋਂ ਗ੍ਰਿਫਤਾਰ ਕਰ ਕੇ ਭੁਜ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਅਤੇ ਕੋਰਟ ਨੇ ਦੋਵਾਂ ਨੂੰ 10 ਦਿਨਾਂ ਦੀ ਡੀ ਆਰ ਆਈ ਹਿਰਾਸਤ ਵਿੱਚ ਭੇਜ ਦਿੱਤਾ ਹੈ।

### ਰੱਖਿਆ ਮੰਤਰਾਲਾ ਨੇ ਸੁਪਰੀਮ ਕੋਰਟ ਨੂੰ ਦੱਸਿਆ:

## ਐਨ ਡੀ ਏ ਵਿੱਚ ਔਰਤਾਂ ਦਾ ਦਾਖਲਾ ਅਗਲੇ ਮਈ ਤੋਂ ਸ਼ੁਰੂ ਹੋ ਜਾਵੇਗਾ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰਾਲੇ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮਹਿਲਾ ਉਮੀਦਵਾਰਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਵਿੱਚ ਦਾਖਲਾ ਟੈਸਟ ਵਿੱਚ ਬੈਠਣ ਦੇਣ ਵਾਲਾ ਨੋਟੀਫਿਕੇਸ਼ਨ ਅਗਲੇ ਸਾਲ ਮਈ ਤਕ ਜਾਰੀ ਕਰ ਦਿੱਤਾ ਜਾਵੇਗਾ।

ਇਸ ਬਾਰੇ ਮੰਤਰਾਲੇ ਨੇ ਕਿਹਾ ਕਿ ਸਮਾਂ ਹੱਦ ਨੂੰ ਧਿਆਨ ਵਿੱਚ ਰੱਖਦਿਆਂ ਮਹਿਲਾ ਉਮੀਦਵਾਰਾਂ ਦੀ ਬਿਨਾਂ ਕਿਸੇ ਰੁਕਾਵਟ ਤੋਂ ਦਾਖਲਾ ਅਤੇ ਸਿਖਲਾਈ ਯਕੀਨੀ ਕਰਨ ਲਈ ਯੋਜਨਾ ਤਿਆਰ ਕਰਨ ਦੀ ਲੋੜ ਹੈ।ਅਦਾਲਤ ਵਿੱਚ ਦਾਇਰ ਕੀਤੇ ਐਫੀਡੇਵਿਟ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਸਰਕਾਰ ਆਪਣੀ ਵਚਨਬੱਧਤਾ ਮੁਤਾਬਕ ਸਪੱਸ਼ਟ ਕਰਦੀ ਹੈ ਕਿ ਨੈਸ਼ਨਲ ਡਿਫੈਂਸ ਅਕੈਡਮੀ ਰਾਹੀਂਮਹਿਲਾ ਉਮੀਦਵਾਰਾਂ ਨੂੰ ਤਿੰਨਾਂ ਫੌਜੀ ਸੇਵਾਵਾਂ ਵਿੱਚ ਲਿਆ ਜਾਵੇਗਾ। ਐਨ ਡੀ ਏ ਦਾਖ਼ਲਾ ਟੈਸਟ ਸਾਲ ਵਿੱਚ ਦੋ ਵਾਰ ਲਿਆ ਜਾਂਦਾ ਹੈ। ਸਰਕਾਰ ਦੀ ਰਾਏ ਹੈ ਕਿ ਮਈ 2022 ਤਕ ਲੋੜੀਂਦਾ ਸਿਸਟਮ ਤਿਆਰ ਹੋ ਜਾਵੇ, ਉਸ ਸਮੇਂ ਤਕ ਯੂ ਪੀ ਐਸ ਸੀ ਨੂੰ ਟੈਸਟ ਲਈ ਅਗਲੇ ਸਾਲ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰਨਾ ਪਵੇਗਾ। ਰੱਖਿਆ ਸੇਵਾਵਾਂ ਵੱਲੋਂ ਇੱਕ ਅਧਿਅਨ ਗਰੁੱਪ ਕਾਇਮ ਕੀਤਾ ਗਿਆ ਹੈ। ਇਸ ਵਿੱਚ ਐਨ ਡੀ ਏ ਵਿੱਚ ਮਹਿਲਾ ਕੈਡਿਟਾਂ ਲਈ ਵਿਆ-ਪਕ ਸਿਲੇਬਸ ਨੂੰ ਤੇਜ਼ੀ ਨਾਲ ਤਿਆਰ ਕਰਨ ਲਈ ਮਾਹਿਰ ਸ਼ਾਮਲ ਹਨ।

## ਕੇਂਦਰੀ ਮੰਤਰੀ ਗਡਕਰੀ ਨੇ ਟਰੱਕ ਚਾਲਕਾਂ ਦੇ ਡਰਾਈਵਿੰਗ ਘੰਟੇ ਤੈਅ ਕਰਨ ਲਈ ਕਿਹਾ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਸੜਕਾਂ, ਟ੍ਰਾਂਸਪੋਰਟ ਅਤੇ ਹਾਈਵੇਜ਼ ਬਾਰੇ ਬਾਰੇਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਲਈਟਰੱਕ ਚਾਲਕਾਂ ਵੱਲੋਂ ਗੱਡੀ ਚਲਾਉਣ ਦਾ ਸਮਾਂ ਤੈਅ ਕੀਤੇ ਜਾਣ ਦੀ ਵਕਾਲਤ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਮਰਸ਼ੀਅਲ ਵਾਹਨਾਂ ਵਿੱਚ ਚਾਲਕ ਨੂੰ ਨੀਂਦ ਆਉਣ ਦਾ ਪਤਾ ਲਾਉਣ ਵਾਲੇ ਸੈਂਸਰ ਲਗਾਉਣ ਉੱਤੇ ਵੀ ਜ਼ੋਰ ਦਿੱਤਾ ਹੈ।

ਨਿਤਿਨ ਗਡਕਰੀ ਨੇ ਕਈ ਟਵੀਟ ਕਰ ਕੇ ਕਿਹਾ ਕਿ ਪਾਇਲਟਾਂ ਵਾਂਗ ਟਰੱਕ ਚਾਲਕਾਂ ਲਈ ਡਰਾਈਵਿੰਗ ਦੇ ਘੰਟੇ ਤੈਅ ਹੋਣੇ ਚਾਹੀਦੇ ਹਨ। ਇਸ ਨਾਲ ਥਕਾਵਟ



ਕਾਰਨ ਹੁੰਦੇ ਹਾਦਸੇ ਘਟਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਅਧਿਕਾਰੀਆਂ ਨੂੰ ਯੂਰਪੀ ਸਟੈਂਡਰਡਜ਼ ਦੇ ਮੁਤਾਬਕ ਕਮਰਸ਼ੀਅਲ ਵਾਹਨਾਂ ਵਿੱਚ ਡਰਾਈਵਿੰਗ ਸਮੇਂ ਨੀਂਦ ਆਉਣ ਦਾ ਪਤਾ ਲਗਾਉਣ ਵਾਲੇ ਸੈਂਸਰਾਂਬਾਰੇ ਨੀਤੀ ਉੱਤੇ ਕੰਮ ਕਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਸੜਕ ਕਮੇਟੀਆਂ ਦੀ ਨਿਯਮਿਤ ਬੈਠਕ ਸੱਦਣ ਲਈ ਮੁੱਖ ਮੰਤਰੀਆਂ ਅਤੇ ਜ਼ਿਲ੍ਹਾ ਕਲੈਕਟਰਾਂ ਨੂੰ ਚਿੱਠੀ ਲਿਖਣਗੇ।

# ਜੱਜ ਨੇ ਅਨੋਖੀ ਸ਼ਰਤ ਦੇ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਜ਼ਮਾਨਤ ਦਿੱਤੀ

ਝੰਝਾਰਪੁਰ, 23 ਸਤੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਭਾਗਲਪੁਰ ਦੇ ਝੰਝਾਰਪੁਰ ਕੋਰਟ ਦੇ ਐਡੀਸ਼ਨਲ ਜ਼ਿਲਾ ਜੱਜ ਅਵਿਨਾਸ਼ ਕੁਮਾਰ ਅਵਲ ਨੇ ਬੇਲ ਪਟੀਸ਼ਨ 'ਤੇ ਸੁਣਵਾਈ ਦੌਰਾਨ ਔਰਤਾਂ ਦੇ ਸਨਮਾਨ ਦੀ ਸਿਖਿਆ ਦੇਣ ਦੀ ਸ਼ਰਤ ਉੱਤੇ ਇੱਕ ਨੌਜਵਾਨ ਨੂੰ ਜ਼ਮਾਨਤ ਦਿੱਤੀ ਹੈ। ਜ਼ਮਾਨਤ ਉੱਤੇ ਰਿਹਾਅ ਹੋਇਆ ਨੌਜਵਾਨ ਆਪਣੇ ਪਿੰਡ ਦੀਆਂ ਸਾਰੀਆਂ ਔਰਤਾਂ ਦੇ ਕੱਪੜੇ ਧੋ ਕੇ ਅਤੇ ਪ੍ਰੈਸ ਕਰ ਕੇ ਉਨ੍ਹਾਂ ਨੂੰ ਵਾਪਸ ਦੇਵੇਗਾ। ਇਹ ਕੰਮ ਲਗਾਤਾਰ ਛੇ ਮਹੀਨੇ ਮੁਫਤ ਕਰਨਾ ਹੈ। ਹਿਰਾਸਤ ਵਿੱਚ 19 ਅਪ੍ਰੈਲ 2021 ਤੋਂ ਬੰਦ ਰਹਿਣ ਵਾਲੇ 20 ਸਾਲਾ ਨੌਜਵਾਨ ਲਲਨ ਕੁਮਾਰ ਸਾਫੀ ਜੋ ਪੇਸ਼ੇ ਤੋਂ ਧੋਬੀ ਹੈ, ਨੂੰ ਉਸ ਦੇ ਪੇਸ਼ੇ ਨਾਲ ਜੁੜੇ ਕੰਮ ਨੂੰ ਮੁਫਤ ਵਿੱਚ ਕਰਨ ਦੀ ਸ਼ਰਤ



ਲਗਾਈ ਗਈ ਹੈ।

ਉਕਤ ਨੌਜਵਾਨ ਲੌਕਹਾ ਥਾਣਾ ਵਿੱਚ 19 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਘਟਨਾ 17 ਅਪ੍ਰੈਲ ਦੀ ਰਾਤ ਦੀ ਹੈ। ਉਸ ਉੱਤੇ ਦੋਸ਼ ਸੀ ਕਿ ਉਸ ਨੇ ਪਿੰਡ ਦੀ ਇੱਕ ਔਰਤ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ ਸੀ। ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦੱਸਿਆ ਕਿ ਉਨ੍ਹਾਂ ਦਾ ਕਲਾਈਂਟ ਸਿਰਫ 20 ਸਾਲ ਦਾ ਹੈ। ਪੁਲਸ ਦੀ ਜਾਂਚ ਪੂਰੀ ਹੋ ਚੁੱਕੀ ਹੈ। ਚਾਰਜਸ਼ੀਟ ਜਮ੍ਹਾ ਕੀਤੀ ਜਾ ਚੁੱਕੀ ਹੈ ਅਤੇ ਦੋਵਾਂ ਧਿਰਾਂ ਅਤੇ ਕੋਰਟ ਵਿੱਚ ਸਮਝੌਤਾ ਪਟੀਸ਼ਨ ਦਿੱਤੀ ਗਈ ਹੈ, ਜਿਸ ਅਨੁਸਾਰ ਉਕਤ ਔਰਤ ਇਸ ਕੇਸ ਨੂੰ ਅੱਗੇ ਨਹੀਂ ਵਧਾਉਣਾ ਚਾਹੁੰਦੀ। ਵਕੀਲ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਕਲਾਈਂਟ ਧੋਬੀ ਹੈ ਅਤੇ ਆਪਣੇ ਪੇਸ਼ੇ ਨਾਲ ਸਮਾਜ ਸੇਵਾ ਕਰਨੀ ਚਾਹੁੰਦਾ ਹੈ। ਸੁਣਵਾਈ ਕਰਦੇ ਜੱਜ ਨੇ ਔਰਤਾਂ ਦੇ ਸਨਮਾਨ ਨਾਲ ਜੁੜੇ ਮਾਮਲੇ ਨੂੰ ਦੇਖਦੇ ਹੋਏ ਪਿੰਡ ਦੀਆਂ ਸਾਰੀਆਂ ਔਰਤਾਂ ਦੇ ਕੱਪੜੇ ਧੋ ਕੇ ਪ੍ਰੈਸ ਕਰਨ ਦੀ ਸ਼ਰਤ ਉੱਤੇ ਰੈਗੂਲਰ ਬੇਲ ਦਿੱਤੀ ਹੈ। ਜ਼ਮਾਨਤ ਦੀ ਕਾਪੀ ਪਿੰਡ ਦੇ ਸਰਪੰਚ ਅਤੇ ਮੁਖੀ ਨੂੰ ਭੇਜੇ ਜਾਣ ਦੀ ਗੱਲ ਕਹੀ ਹੈ, ਤਾਂ ਕਿ ਉਹ ਜ਼ਮਾਨਤ ਉੱਤੇ ਰਿਹਾਅ ਹੋਣ ਵਾਲੇ ਨੌਜਵਾਨ 'ਤੇ ਪਿੰਡ ਵਿੱਚ ਫ੍ਰੀ ਸੇਵਾ ਦੇ ਰਹੇ ਹਨ ਜਾਂ ਨਹੀਂ ਇਸ ਉੱਤੇ ਨਜ਼ਰ ਰੱਖਣਗੇ।

## ਨੌਜਵਾਨ ਨੂੰ ਬੰਨ੍ਹ ਕੇ ਕੁੱਟਿਆ ਤੇ ਪੇਸ਼ਾਬ ਪੀਣ ਲਈ ਮਜ਼ਬੂਰ ਕੀਤਾ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਕੋਟਾ ਵਿਚ ਬਲਾਤਕਾਰ ਦੇ ਦੋਸ਼ੀ ਨੌਜਵਾਨ ਨੂੰ ਰੱਸੀ ਨਾਲ ਬੰਨ੍ਹ ਕੇ ਕੁੱਟਿਆ ਗਿਆ ਤੇ ਫਿਰ ਉਸ ਨੂੰ ਜਬਰੀ ਪੇਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ। ਪੁਲਸ ਨੇ ਇਸ ਬਾਰੇ ਕੇਸ ਦਰਜ ਕੀਤਾ ਹੈ। ਘਟਨਾ ਬੀਤੀ 14 ਸਤੰਬਰ ਦੀ ਹੈ। ਪੁਲਸ ਨੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਨੌਜਵਾਨ ਦੇ ਵੱਡੇ ਭਰਾ ਦਾ ਕਹਿਣਾ ਹੈ ਕਿ ਕੋਟਾ ਜ਼ਿਲ੍ਹੇ ਦੇ ਜਗਪੁਰਾ ਪਿੰਡ ਵਿੱਚ ਰਹਿੰਦੇ ਉਸ ਦੇ ਰਿਸ਼ਤੇਦਾਰਾਂ ਨੇ ਉਸ ਦੇ ਭਰਾ ਨੂੰ ਘਰ ਸੱਦਿਆ ਸੀ। ਦੋਸ਼ ਹੈ ਕਿ ਰਿਸ਼ਤੇਦਾਰਾਂ ਨੇ ਨੌਜਵਾਨ ਦੇ ਹੱਥ-ਪੈਰ ਬੰਨ੍ਹੇ ਅਤੇ ਫਿਰ ਪੂਰੀ ਰਾਤ ਬੰਨ੍ਹੀ ਰੱਖਿਆ। ਇਨ੍ਹਾਂ ਲੋਕਾਂ ਨੇ ਨੌਜਵਾਨ ਤੋਂ ਉਸ ਦਾ ਮੋਬਾਈਲ ਫ਼ੋਨ, ਪਛਾਣ-ਪੱਤਰ ਅਤੇ ਲੱਗਭਗ 22000 ਰੁਪਏ ਨਗਦ ਖੋਹ ਲਏ। ਦੋਸ਼ ਇਹ ਵੀ ਹੈ ਕਿ ਇਨ੍ਹਾਂ ਲੋਕਾਂ ਨੇ ਉਸ ਨੂੰ ਕੁੱਟਿਆ ਤੇ ਪੇਸ਼ਾਬ ਪੀਣ ਲਈ ਮਜਬੂਰ ਕੀਤਾ।

# ਬ੍ਰਿਟੇਨ ਨੇ ਭਾਰਤ ਦੀ ਕੋਵਿਸ਼ੀਲਡ ਵੈਕਸੀਨ ਨੂੰ ਮਨਜ਼ੂਰੀ ਦਿੱਤੀ



ਲੰਡਨ, 23 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਭਾਰਤ ਵਿੱਚ ਬਣੇ ਆਕਸਫ਼ੋਰਡ, ਐਸਟ੍ਰਾਜੇਨੇਕਾ ਦੇ ਐਂਟੀ ਕੋਵਿਡ-19 ਟੀਕੇ ਕੋਵਿਸ਼ੀਲਡ ਨੂੰ ਕੱਲ੍ਹ ਆਪਣੀ ਅਪਡੇਟ ਕੀਤੀ ਅੰਤਰਰਾਸ਼ਟਰੀ ਯਾਤਰਾ ਸਲਾਹ ਵਿੱਚ ਸ਼ਾਮਲ ਕਰ ਲਿਆ ਹੈ। ਇਸਦੇ ਨਾਲ ਨਵੇਂ ਯਾਤਰਾ ਨਿਯਮ ਜਾਰੀ ਕੀਤੇ ਗਏ ਹਨ।

ਇਸ ਤੋਂ ਪਹਿਲਾਂ ਬ੍ਰਿਟੇਨ ਦੇ ਨਵੇਂ ਯਾਤਰਾ ਨਿਯਮ ਮੁਤਾਬਕ ਸੀਰਮ ਇੰਸਟੀਚਿਊਟ ਆਫ਼ ਇੰਡੀਆ ਵੱਲੋਂ ਬਣਾਏ ਗਏ ਕੋਵਿਸ਼ੀਲਡ ਟੀਕੇ ਦੀਆਂ ਦੋਹਾਂ ਖ਼ੁਰਾਕਾਂ ਲੈਣ ਵਾਲੇ ਲੋਕਾਂ ਦੇ ਟੀਕਾਕਰਨ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ ਅਤੇ ਬ੍ਰਿਟੇਨ ਪਹੁੰਚਣ ਉਤੇ ਉਨ੍ਹਾਂ ਨੂੰ 10 ਦਿਨਾਂ ਲਈ ਇਕਾਂਤਵਾਸ ਵਿੱਚ ਰਹਿਣ ਦੀ ਲੋੜ ਦੱਸੀ ਗਈ ਸੀ। ਬ੍ਰਿਟੇਨ ਦੇ ਇਸ ਫ਼ੈਸਲੇ ਦੀ ਵਿਆਪਕ ਨਿੰਦਾ ਹੋਈ ਸੀ। ਬ੍ਰਿਟਿਸ਼ ਸਰਕਾਰ ਦੇ ਨਵੇਂ ਫ਼ੈਸਲੇ ਦਾ ਭਾਵ ਹੈ ਕਿ ਕੋਵਿਸ਼ੀਲਡ ਟੀਕੇ ਦੀਆਂ ਦੋਵੇਂ ਖ਼ੁਰਾਕਾਂ ਲੈ ਚੁੱਕੇ ਲੋਕਾਂ ਨੂੰ 10 ਦਿਨਾਂ ਦਾ ਇਕਾਂਤਵਾਸ ਕੱਟਣ ਦੀ ਲੋੜ ਨਹੀਂ। ਉਨ੍ਹਾਂ ਨੂੰ ਇਹ ਵੀ ਨਹੀਂ ਦੱਸਣਾ ਹੋਵੇਗਾ ਕਿ ਉਹ ਬ੍ਰਿਟੇਨ ਵਿੱਚ ਕਿੱਥੇ ਰਹਿਣਗੇ। ਬ੍ਰਿਟੇਨ ਦੇ ਆਵਾਜਾਈ ਵਿਭਾਗ ਦੀ ਸਲਾਹ ਵਿੱਚ ਕਿਹਾ ਗਿਆ ਹੈ,''ਐਸਟ੍ਰਾਜੇਨੇਕਾ ਕੋਵਿਸ਼ੀਲਡ, ਐਸਟ੍ਰਾਜੇਨੇਕਾ ਵੈਕਜ਼ਵਰਿਆ ਅਤੇ ਮਾਡਰਨਾ ਟਾਕੇਡਾ ਵਰਗੇ ਚਾਰ ਟੀਕਿਆਂ ਨੂੰ ਪ੍ਰਵਾਨਤ ਟੀਕਿਆਂ ਦੇ ਰੂਪ ਵਿੱਚ ਸੂਚੀਬੱਧ ਕੀਤਾ ਗਿਆ ਹੈ।'' ਇਸ ਵਿੱਚ ਕਿਹਾ ਗਿਆ ਹੈ,''ਤੁਹਾਡੇ ਲਈ ਬ੍ਰਿਟੇਨ ਆਉਣ ਤੋਂ 14 ਦਿਨ ਪਹਿਲਾਂ ਟੀਕੇ ਦੀਆਂ ਦੋਵੇਂ ਖ਼ੁਰਾਕਾਂ ਲੈਣਾ ਲਾਜ਼ਮੀ ਹੈ।''

# ਤੁਰਕੀ ਨੇ ਕਸ਼ਮੀਰ ਦਾ ਮੁੱਦਾ ਯੂ ਐੱਨ ਓ ਵਿੱਚ ਮੁੜ ਕੇ ਉਠਾਇਆ

ਯੂ ਐੱਨ ਓ, 23 ਸਤੰਬਰ (ਪੋਸਟ ਬਿਊਰੋ)- ਤੁਰਕੀ ਦੇ ਰਾਸ਼ਟਰਪਤੀ ਰਿਸਿਪ ਤਈਅਪ ਅਰਦੋਗਾਂ ਨੇ ਯੂ ਐੱਨ ਓਦੇ ਆਮ ਇਜਲਾਸ ਦੇ ਇੱਕ ਉਚ ਪੱਧਰੀ ਸੈਸ਼ਨ ਵਿੱਚ ਦੁਨੀਆ ਭਰ ਦੇ ਆਗੂਆਂ ਸਾਹਮਣੇ ਆਪਣੇ ਸੰਬੋਧਨ ਵਿੱਚ ਇੱਕ ਵਾਰ ਫਿਰ ਕਸ਼ਮੀਰ ਦਾ ਮੁੱਦਾ ਉਠਾਇਆ ਹੈ। ਪਿਛਲੇ ਸਾਲ ਵੀ ਉਨ੍ਹਾਂ ਆਮ ਚਰਚਾ ਲਈ ਆਪਣੇ ਪਹਿਲਾਂ ਤੋਂ ਰਿਕਾਰਡ ਕੀਤੇ ਗਏ ਵੀਡੀਓ ਬਿਆਨ ਵਿੱਚ ਜੰਮੂ ਕਸ਼ਮੀਰ ਦਾ ਜ਼ਿਕਰ ਕੀਤਾ ਸੀ। ਭਾਰਤ ਨੇ ਉਸ ਵੇਲੇ ਇਸ ਨੂੰ 'ਪੂਰੀ ਤਰ੍ਹਾਂ ਨਕਾਰ' ਦਿੱਤਾ ਅਤੇ ਕਿਹਾ ਸੀ ਕਿ ਤੁਰਕੀ ਦੀ ਟਿੱਪਣੀ ਸਵੀਕਾਰਨ ਯੋਗ ਨਹੀਂ।

ਉਸ ਵਕਤ ਭਾਰਤ ਨੇ ਕਿਹਾ ਸੀ ਕਿ ਤੁਰਕੀ ਨੂੰ ਦੂਜੇ ਦੇਸ਼ਾਂ ਦੀ ਖ਼ੁਦਮੁਖਤਿਆਰੀ ਦਾ ਸਨਮਾਨ ਕਰਨਾ ਚਾਹੀਦਾ ਤੇ ਆਪਣੀਆਂ ਨੀਤੀਆਂ ਉਤੇ ਗਹਿਰਾਈ ਨਾਲ ਵਿਚਾਰ ਕਰਨਾ ਚਾਹੀਦਾ ਹੈ। ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ, '74 ਸਾਲਾਂ ਤੋਂ ਉਨ੍ਹਾਂ ਦਾ ਕਸ਼ਮੀਰ ਬਾਰੇ ਰੁਖ ਉਹੀ ਹੈ, ਉਹ ਮੁੱਦੇ ਦਾ ਹੱਲ ਚਾਹੁੰਦੇ ਹਨ। ਇਹ ਧਿਰਾਂ ਵਿਚਾਲੇ ਗੱਲਬਾਤ ਰਾਹੀਂ ਅਤੇ ਯੂ ਐੱਨ ਓ ਮਤਿਆਂ ਦੇ ਘੇਰੇ ਵਿੱਚ ਹੱਲ ਹੋ ਸਕਦਾ ਹੈ।' ਪਾਕਿਸਤਾਨ ਦੇ ਨੇੜਲੇ ਸਹਿਯੋਗੀ ਤੁਰਕੀ ਦੇ ਰਾਸ਼ਟਰਪਤੀ ਉਚ ਪੱਧਰੀ ਆਮ ਚਰਚਾ ਵਿੱਚ ਆਪਣੇ ਸੰਬੋਧਨ ਵਿੱਚ ਵਾਰ-ਵਾਰ ਕਸ਼ਮੀਰ ਦਾ ਮੁੱਦਾ ਉਠਾਉਂਦੇ ਰਹਿੰਦੇ ਹਨ। ਉਨ੍ਹਾਂ ਪਿਛਲੇ ਸਾਲ ਪਾਕਿਸਤਾਨ ਦੀ ਆਪਣੀ ਯਾਤਰਾ ਦੌਰਾਨ ਵੀ ਕਸ਼ਮੀਰ ਦਾ ਮੁੱਦਾ ਚੁੱਕਿਆ ਸੀ। ਓਦੋਂ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਅਰਦੋਗਾਂ ਦੀ ਟਿੱਪਣੀ ਨਾ ਇਤਿਹਾਸ ਦੀ ਸਮਝ ਤੇ ਨਾ ਕੂਟਨੀਤੀ ਦੇ ਸੰਚਾਲਨ ਨੂੰ ਦਰਸਾਉਂਦੀ ਹੈ। ਇਸ ਦਾ ਤੁਰਕੀ ਦੇ ਭਾਰਤ ਨਾਲ ਸੰਬੰਧਾਂ ਉਤੇ ਡੂੰਘਾ ਅਸਰ ਪਏਗਾ।

ਤੁਰਕੀ ਦੇ ਰਾਸ਼ਟਰਪਤੀ ਰਿਸਿਪ ਤਈਅਪ ਅਰਦੋਗਾਂ ਨੇ ਆਪਣੇ ਸੰਬੋਧਨ ਦੌਰਾਨ ਸ਼ਿਨਜਿਆਂਗ ਵਿੱਚ ਚੀਨ ਦੇ ਘੱਟ-ਗਿਣਤੀ ਮੁਸਲਿਮ ਉਈਗਰਾਂ ਅਤੇ ਮਿਆਂਮਾਰ ਦੇ ਰੋਹਿੰ-ਗਿਆ ਘੱਟਗਿਣਤੀਆਂ ਦਾ ਵੀ ਜ਼ਿਕਰ ਕੀਤਾ। ਅਰਦੋਗਾਂ ਨੇ ਕਿਹਾ ਕਿ 'ਚੀਨ ਦੀ ਖੇਤਰੀ ਅਖੰਡਤਾ ਦੇ ਸੰਦਰਭ ਵਿੱਚ ਅਸੀਂ ਮੰਨਦੇ ਹਾਂ ਕਿ ਮੁਸਲਿਮ ਉਈਗਰ ਤੁਰਕਾਂ ਦੇ ਮੂਲ ਹੱਕਾਂ ਦੀ ਰਾਖੀ ਬਾਰੇ ਹੋਰ ਯਤਨਾਂ ਦੀ ਲੋੜ ਹੈ।' ਉਨ੍ਹਾਂ ਕਿਹਾ ਕਿ 'ਅਸੀਂ ਰੋਹਿੰਗਿਆ ਮੁਸਲਮਾਨਾਂ ਦੀ ਉਨ੍ਹਾਂ ਦੀ ਜਨਮ ਭੂਮੀ ਵਿੱਚ ਸੁਰੱਖਿਅਤ, ਸਨਮਾਨਜਨਕ ਤੇ ਉਨ੍ਹਾਂ ਦੀ ਇੱਛਾ ਮੁਤਾਬਕ ਵਾਪਸੀ ਯਕੀਨੀ ਬਣਾਉਣ ਦਾ ਸਮਰਥਨ ਕਰਦੇ ਹਾਂ, ਜੋ ਕਿ ਬੰਗਲਾ ਦੇਸ਼ ਤੇ ਮਿਆਂਮਾਰ ਦੇ ਕੈਂਪਾਂ ਵਿੱਚ ਬੇਹੱਦ ਮਾੜੀਆਂ ਸਥਿਤੀਆਂ ਵਿੱਚ ਜਿਊ ਰਹੇ ਹਨ।'



ਪਾਕਿਸਤਾਨ ਦਾ ਦਾਅਵਾ ਹੈ ਕਿ ਨਿਊ ਯਾਰਕ ਵਿੱਚ ਯੂ ਐਨ ਆਮ ਸਭਾ ਤੋਂ ਇੱਕ ਪਾਸੇ ਸਾਰਕ ਮੈਂਬਰ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਰੱਦ ਹੋਣ ਪਿੱਛੇ ਉਸ ਦਾ ਹੱਥ ਨਹੀਂ ਹੈ। ਸਾਰਕ ਦੇ ਚੇਅਰਮੈਨ ਵਜੋਂ ਨੇਪਾਲ ਨੇ ਅਧਿਕਾਰਤ ਬਿਆਨ ਵਿੱਚ ਕਿਹਾ ਹੈ ਕਿ ਸਾਰਕ ਵਾਰਤਾ 'ਮੈਂਬਰ ਮੁਲਕਾਂ ਵਿੱਚ ਸਹਿਮਤੀ ਦੀ ਘਾਟ' ਕਰ ਕੇ ਰੱਦ ਕੀਤੀ ਹੈ। ਵਰਨਣ ਯੋਗ ਹੈ ਕਿ ਮੀਡੀਆ ਨੇ ਸੂਤਰਾਂ ਦੀ ਪਛਾਣ ਨਾ ਦੱਸਣ ਦੇ ਹਵਾਲੇ ਨਾਲ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਵੱਲੋਂ ਸਾਰਕ ਵਾਰਤਾ ਵਿੱਚ ਤਾਲਿਬਾਨ ਨੂੰ ਅਫਗਾਨਿਸਤਾਨ ਦੀ ਨੁਮਾਇੰਦਗੀ ਲਈ ਹਰੀ ਝੰਡੀ ਦਿੱਤੇ ਜਾਣ ਲਈ ਦਬਾਅ ਪਾਇਆ ਜਾ ਰਿਹਾ ਸੀ, ਜੋ ਬਹੁਤੇ ਮੈਂਬਰ ਮੁਲਕਾਂ ਨੂੰ ਸਵੀਕਾਰ ਨਹੀਂ ਸੀ। ਤਾਲਿਬਾਨ ਨੇ ਪਿੱਛੇ ਜਿਹੇ ਸੁਹੇਲ ਸ਼ਾਹੀਨ ਨੂੰ ਯੂ ਐਨ ਵਿੱਚ ਆਪਣਾ ਸਥਾਈ ਨੁਮਾਇੰਦਾ ਐਲਾਨਿਆ ਸੀ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਆਸਿਮ ਇਫਤਿਖਾਰ ਅਹਿਮਦ ਨੇ ਕਿਹਾ ਕਿ ਕੁਝ ਭਾਰਤੀ ਪੱਤਰਕਾਰਾਂ ਵੱਲੋਂ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਕੀਤਾ ਇਹ ਦਾਅਵਾ ਕਿ ਵਿਦੇਸ਼ ਮੰਤਰੀਆਂ ਦੀ ਤਜਵੀਜ਼ਤ ਗੈਰ ਰਸਮੀ ਸਾਰਕ ਵਾਰਤਾ ਪਾਕਿਸਤਾਨ ਕਰ ਕੇ ਰੱਦ ਹੋਈ ਹੈ, 'ਬੇਬੁਨਿਆਦ ਤੇ ਭੁਲੇਖਾਪਾਊ' ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਯੂ ਐਨ ਵਿੱਚ ਅਫਗਾਨਿਸਤਾਨ ਦੀ ਨੁਮਾਇੰਦਗੀ ਲਈ ਅਰਜ਼ੀ ਦਾਖਲ ਕੀਤੀ ਹੈ, ਪਰ ਇਸ ਅਮਲ ਦੇ ਪੂਰਾ ਹੋਣ ਨੂੰ ਸਮਾਂ ਲੱਗੇਗਾ ਅਤੇ ਇਸ ਦੇ 'ਇਸ ਹਫਤੇ' ਤਕ ਪੂਰਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਚੇਤੇ ਰਹੇ ਕਿ ਭਾਰਤ ਨੇ ਨਾਲ 2016 ਵਿੱਚ ਇਸਲਾਮਾਬਾਦ ਵਿੱਚ ਹੋਣ ਵਾਲੀ ਸਾਰਕ ਵਾਰਤਾ ਦਾ ਬਾਈਕਾਟ ਕੀਤਾ ਸੀ। ਭਾਰਤ ਦੇ ਇਸ ਐਲਾਨ ਮਗਰੋਂ ਬੰਗਲਾ ਦੇਸ਼, ਅਫਗਾਨਿਸਤਾਨ ਤੇ ਭੂਟਾਨ ਨੇ ਵੀ ਖੁਦ ਨੂੰ ਵਾਰਤਾ ਤੋਂ ਲਾਂਭੇ ਕਰ ਲਿਆ ਸੀ। ਉਸ ਮੌਕੇ ਸਾਰਕ ਦੀ ਚੇਅਰਮੈਨੀ ਨੇਪਾਲ ਕੋਲ ਸੀ ਅਤੇ ਵਾਰਤਾ ਨਾ ਹੋਣ ਕਰ ਕੇ ਇਸਲਾਮਾਬਾਦ ਦਾ ਚੇਅਰਮੈਨੀ ਹਾਸਲ ਕਰਨ ਦਾ ਮੌਕਾ ਖੁੰਝ ਗਿਆ ਸੀ।

# ਸਨਾ ਰਾਮਚੰਦ ਗੁਲਵਾਨੀ ਪਾਕਿ ਵਿੱਚ ਪਹਿਲੀ ਹਿੰਦੂ ਕੇਂਦਰੀ ਅਫਸਰ ਬਣੀ

ਇਸਲਾਮਾਬਾਦ, 23 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਹਿੰਦੂ ਲੜਕੀ ਦੇਸ਼ ਦੀ ਸਭ ਤੋਂ ਔਖੇਇਮਤਿਹਾਨਨੂੰ ਪਾਸ ਕਰਨ ਵਿੱਚ ਕਾਮਯਾਬ ਹੋਈ ਹੈ। ਅਜੇ 27 ਸਾਲ ਦੀ ਡਾਕਟਰ ਸਨਾ ਰਾਮਚੰਦ ਗੁਲਵਾਨੀ ਨੇ ਸੈਂਟਰ ਸੁਪੀਰੀਅਰ ਸਰਵਿਸਿਜ਼ (ਸੀ ਐਸ ਐਸ) ਦਾਇਮਤਿਹਾਨਮਈ ਵਿੱਚ ਪਾਸ ਕਰ ਲਿਆ ਸੀ ਤੇ ਬੀਤੇ ਦਿਨੀਂ ਉਨ੍ਹਾਂ ਦੀ ਨਿਯੁਕਤੀ ਉਤੇ ਵੀ ਮੋਹਰ ਲੱਗ ਗਈ ਹੈ। ਸਨਾ ਮੂਲ ਰੂਪ ਵਿੱਚ ਸਿੰਧ ਸੂਬੇ ਦੇ ਸ਼ਿਕਾਰਪੁਰ ਦੀ ਰਹਿਣ ਵਾਲੀ ਹੈ। ਇਸ ਪ੍ਰਾਪਤੀ ਉੱਤੇ ਸਨਾ ਨੇ ਕਿਹਾ, ''ਮੈਂ ਬਹੁਤ ਖੁਸ਼ ਹਾਂ। ਜੋ ਮੈਂ ਚਾਹੁੰਦੀ ਸੀ, ਉਹ ਮੈਂ ਹਾਸਲ ਕਰ ਲਿਆ। ਮੈਂ ਇਸ ਇਮਤਿਹਾਨਨੂੰ ਪਾਸ ਕਰਨ ਦੀ ਠਾਣ ਲਈ ਸੀ।'' ਸਨਾ ਦੱਸਦੀ ਹੈ, 'ਮਾਂ-ਬਾਪ ਨਹੀਂ ਚਾਹੁੰਦੇ ਸਨ ਕਿ ਮੈਂ ਐਡਮਨਿਸਟ੍ਰੇਸ਼ਨ ਖੇਤਰ ਵਿੱਚ ਜਾਵਾਂ। ਉਨ੍ਹਾਂ ਦਾ ਸੁਫਨਾ ਮੈਨੂੰ ਮੈਡੀਕਲ ਪ੍ਰੋਫੈਸ਼ਨ ਵਿੱਚ ਹੀ ਦੇਖਣ ਦਾ ਸੀ, ਪਰ ਮੈਂ ਇਹ ਦੋਵੇਂ ਟਾਰਗੈਟ ਇੱਕੋ ਵਾਰ ਵਿੱਚ ਹੀ ਪੂਰੇ ਕੀਤੇ।'' ਸਨਾ ਸ਼ਿਕਾਰਪੁਰ ਦੇ ਸਰਕਾਰੀ ਸਕੂਲ ਵਿੱਚ ਪੜ੍ਹੀ ਹੈ। ਉਸ ਨੇ ਪੰਜ ਸਾਲ ਪਹਿਲਾਂ ਸ਼ਹੀਦ ਮੋਹਤਰਮਾ ਬੇਨਜ਼ੀਰ ਭੁੱਟੋ ਮੈਡੀਕਲ ਯੂਨੀਵਰਸਿਟੀ ਤੋਂ ਬੈਚੁਲਰ ਆਫ ਮੈਡੀਸਨ ਦੀ ਡਿਗਰੀ ਲਈ ਸੀ। ਯੂਰੋਲਾਜੀ ਵਿੱਚ ਉਸ ਦੇ ਕੋਲ ਮਾਸਟਰ ਡਿਗਰੀ ਹੈ। ਇਸ ਦੇ ਬਾਅਦ ਉਹ ਫੈਡਰਲ ਪਬਲਿਕ ਸਰਵਿਸ ਕਮਿਸ਼ਨ ਦੀ ਤਿਆਰੀ ਵਿੱਚ ਲੱਗ ਗਈ। ਪੜ੍ਹਾਈ ਬਾਰੇ ਸਨਾ ਕਹਿੰਦੀ ਹੈ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕਮਜ਼ੋਰ ਨਾ ਸਮਝੋ। ਇਹ ਵਿਦਿਆਰਥੀ ਵੀ ਹਰ ਕਾਮਯਾਬੀ ਹਾਸਲ ਕਰ ਸਕਦੇ ਹਨ, ਜੋ ਏਲੀਟ ਸਕੂਲਾਂ ਦੇ ਵਿਦਿਆਰਥੀ ਹਾਸਲ ਕਰ ਸਕਦੇ ਹਨ। ਸਨਾ ਫਿਲਹਾਲ ਕਰਾਚੀ ਵਿੱਚ ਰਹਿੰਦੀ ਹੈ।

ਪਾਕਿਸਤਾਨ ਵਿੱਚ ਸੀ ਐਸ ਐਸ ਦਾ ਇਮਤਿਹਾਨ ਸਭ ਤੋਂ ਔਖਾਹੁੰਦਾ ਹੈ, ਜਿਸ ਵਿੱਚੋਂਐਡਮਨਿਸਟ੍ਰੇਸ਼ਨ ਸੇਵਾਵਾਂ ਵਿੱਚ ਨਿਯੁਕਤੀਆਂ ਹੁੰਦੀਆਂ ਹਨ। ਇਸ ਵਿੱਚ ਇਸ ਸਾਲ ਕੁੱਲ 2 ਫੀਸਦੀ ਪ੍ਰੀਖਿਆਰਥੀ ਕਾਮਯਾਬੀ ਹਾਸਲ ਕਰ ਸਕੇ। ਕਠਿਨ ਪ੍ਰੀਖਿਆ ਬਾਰੇ ਸਨਾ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ, ''ਉਹ ਖੁਦ ਉਤੇ ਭਰੋਸਾ ਰੱਖਣ ਅਤੇ ਇਹ ਸੋਚਣ ਕਿ ਉਹ ਕੋਈ ਵੀ ਇਮਤਿਹਾਨਪਾਸ ਕਰ ਸਕਦੇ ਹਨ।''


# ਕ੍ਰਿਕਟ ਖੇਡ ਦੇ ਨਿਯਮਾਂ ਵਿੱਚ ਬਦਲਾਅ, 'ਬੈਟਸਮੈਨ' ਦੀ ਬਜਾਏ 'ਬੈਟਰ' ਸ਼ਬਦ ਵਰਤਿਆ ਜਾਵੇਗਾ

ਲੰਡਨ, 23 ਸਤੰਬਰ (ਪੋਸਟ ਬਿਊਰੋ)- ਮੈਰੀਲਬੋਨ ਕ੍ਰਿਕਟ ਕਲੱਬ (ਐਮ ਸੀ ਸੀ) ਨੇ ਐਲਾਨ ਕੀਤਾ ਕਿ ਪੁਰਸ਼ ਅਤੇ ਮਹਿਲਾ ਦੋਵਾਂ ਲਈ ਅੱਗੇ ਤੋਂ 'ਬੈਟਸਮੈਨ' ਦੀ ਬਜਾਏ 'ਜ਼ੈਂਡਰ ਨਿਊਟਲ' 'ਬੈਟਰ' ਸ਼ਬਦ ਵਰਤਿਆ ਜਾਵੇਗਾ।



ਐਮ ਸੀ ਸੀ ਕਮੇਟੀ ਵੱਲੋਂ ਇਨ੍ਹਾਂ ਨਿਯਮਾਂ ਵਿੱਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ। ਇਸ ਤੋਂ ਪਹਿਲਾਂ ਕਲੱਬ ਦੀ ਵਿਸ਼ੇਸ਼ ਨਿਯਮਾਂ ਦੀ ਉਪ ਕਮੇਟੀ ਨੇ ਇਸ ਸਬੰਧੀ ਚਰਚਾ ਕੀਤੀ ਸੀ। ਖੇਡ ਦੇ ਨਿਯਮਾਂ ਦੀ ਸਰਪ੍ਰਸਤ ਐਮ ਸੀ ਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ 'ਐਮ ਸੀ ਸੀ' ਦਾ ਮੰਨਣਾ ਹੈ ਕਿ 'ਜ਼ੈਂਡਰ ਨਿਊਟਲ' (ਜਿਸ 'ਚ ਕਿਸੇ ਪੁਰਸ਼ ਜਾਂ ਮਹਿਲਾ ਨੂੰ ਤਵੱਜੋ ਨਹੀਂ ਦਿੱਤੀ ਗਈ ਹੋਵੇ) ਸ਼ਬਦਾਵਲੀ ਦਾ ਇਸਤੇਮਾਲ ਸਾਰਿਆਂ ਲਈ ਇੱਕੋ ਜਿਹਾ ਹੋਣ ਉਤੇ ਕ੍ਰਿਕਟ ਦੇ ਦਰਜੇ ਨੂੰ ਬੇਹਤਰ ਕਰਨ ਵਿੱਚ ਮਦਦ ਕਰੇਗਾ। ਬਿਆਨ ਅਨੁਸਾਰ ਇਹ ਸੋਧ ਇਸ ਖੇਡ ਵਿੱਚ ਪਹਿਲਾਂ ਤੋਂ ਕੀਤੇ ਗਏ ਕੰਮਾਂ ਦਾ ਸੁਭਾਵਕ ਵਿਕਾਸ ਅਤੇ ਐਮ ਸੀ ਸੀ ਦੀ ਸੰਸਾਰਕ ਜ਼ਿੰਮੇਵਾਰੀ ਦਾ ਜ਼ਰੂਰੀ ਹਿੱਸਾ ਹੈ।

ਮਹਿਲਾ ਕ੍ਰਿਕਟ ਨੇ ਦੁਨੀਆ ਭਰ ਵਿੱਚ ਸਾਰੇ ਪੱਧਰ ਉਤੇ ਸ਼ਾਨਦਾਰ ਵਿਕਾਸ ਕੀਤਾ ਹੈ। ਇਸ ਲਈ ਮਹਿਲਾਵਾਂ ਅਤੇ ਲੜਕੀਆਂ ਨੂੰ ਕ੍ਰਿਕਟ ਖੇਡਣ ਲਈ ਉਤਸ਼ਾਹਤ ਕਰਨ ਵਾਸਤੇ ਜ਼ਿਆਦਾ ਤੋਂ ਜ਼ਿਆਦਾ 'ਜ਼ੈਂਡਰ ਨਿਊਟਲ' ਸ਼ਬਦਾਂ ਨੂੰ ਅਪਣਾਉਣ ਦੀ ਗੱਲ ਕੀਤੀ ਜਾ ਰਹੀ ਸੀ। ਕਈ ਸੰਚਾਲਨ ਸੰਸਥਾਵਾਂ ਅਤੇ ਮੀਡੀਆ ਸੰਸਥਾਵਾਂ ਪਹਿਲਾਂ ਹੀ 'ਬੈਟਰ' ਸ਼ਬਦ ਦਾ ਵਰਤਦੀਆਂ ਹਨ। ਹਿੰਦੀ ਵਿੱਚ ਪਹਿਲਾਂ ਹੀ ਮਹਿਲਾ ਅਤੇ ਪੁਰਸ਼ਾਂ ਲਈ 'ਬੱਲੇਬਾਜ਼' ਸ਼ਬਦ ਲਿਖਿਆ ਜਾਂਦਾ ਹੈ।




# ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰਨ ਉੱਤੇ ਪਾਕਿ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ

ਲਾਹੌਰ, 23 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਪੱਧਰ ਉੱਤੇ ਅਣਗੌਲਿਆਂ ਕੀਤੇ ਜਾਣ ਦੇ ਕੇਸ ਦੀ ਸੁਣਵਾਈ ਦੌਰਾਨ ਉਸ ਪੰਜਾਬ ਦੀ ਸਰਕਾਰ ਨੂੰ ਸੂਬੇ ਵਿੱਚ ਪੰਜਾਬੀ ਦੀ ਸ਼ੁਰੂਆਤ ਨਾ ਕਰਨ ਬਾਰੇ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ।



ਜਸਟਿਸ ਉਮਰ ਅਤਾ ਬੰਡਿਆਲ ਨੇ ਸੁਣਵਾਈ ਦੌਰਾਨ ਕਿਹਾ ਕਿ ਭਾਵੇਂ ਸੂਬਾ ਸਰਕਾਰ ਪੰਜਾਬੀ ਭਾਸ਼ਾ ਨੂੰ ਸਕੂਲੀ ਸਿਲੇਬਸ ਵਿੱਚ ਸ਼ਾਮਲ ਕਰਨ ਦਾ ਦਾਅਵਾ ਕਰਦੀ ਹੈ, ਪਰ ਹਕੀਕਤ ਇਹ ਹੈ ਕਿ ਇੱਕ ਖ਼ਾਸ ਅਤੇ ਸ਼ਕਤੀਸ਼ਾਲੀ ਵਰਗ ਅਜਿਹਾ ਨਹੀਂ ਹੋਣ ਦੇ ਰਿਹਾ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 251 ਵਿੱਚਕੌਮੀ ਭਾਸ਼ਾਵਾਂ ਨਾਲ ਖੇਤਰੀ ਭਾਸ਼ਾਵਾਂ ਦਾ ਜ਼ਿਕਰ ਹੈ ਤੇ ਇਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਪੰਜਾਬੀ ਲਾਗੂ ਨਾ ਕਰਨ ਲਈ ਨੋਟਿਸ ਭੇਜਿਆ ਜਾਂਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜੇ ਜਲਦੀ ਪੰਜਾਬੀ ਲਾਗੂ ਨਾ ਕੀਤੀ ਗਈ ਤਾਂ ਸਾਡੇ ਬੱਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਪੰਜਾਬ ਦੀ ਪੰਜ ਦਰਿਆਵਾਂ ਦੀ ਧਰਤੀ ਨਾਲ ਜੁੜੀਆਂ ਨਹੀਂ ਰਹਿ ਸਕਣਗੀਆਂ ਅਤੇ ਬੇਗਾਨੀਆਂ ਹੋ ਜਾਣਗੀਆਂ।

ਇਸ ਬਾਰੇ ਲਾਹੌਰ ਤੋਂ ਬਾਬਰ ਜਲੰਧਰੀ ਨੇ ਦੱਸਿਆ ਕਿ ਨਾਮਵਰ ਕਵੀ ਅਤੇ ਸਮਾਜਿਕ ਕਾਰਕੁੰਨ ਬਾਬ ਨਜ਼ਮੀ ਨੇ ਅਦਾਲਤ ਦੀ ਕਾਰਵਾਈ ਤੋਂ ਉਮੀਦ ਪ੍ਰਗਟਾਈ ਹੈ ਕਿ ਅਗਲੇ ਦਿਨਾਂ ਵਿੱਚ ਸਿੰਧੀ ਤੇ ਪਸ਼ਤੋ ਸਮੇਤ ਹੋਰ ਖੇਤਰੀ ਭਾਸ਼ਾਵਾਂ ਦੀ ਤਰ੍ਹਾਂ ਪੰਜਾਬੀ ਦਾ ਵੀ ਵਿਕਾਸ ਹੋਵੇਗਾ। ਪੰਜਾਬੀ ਮੀਡੀਆ ਗਰੁੱਪ ਦੇ ਨਦੀਮ ਰਜ਼ਾ ਨੇ ਕਿਹਾ ਕਿ ਪਾਕਿ ਦੇ ਹੋਰ ਸੂਬਿਆਂ ਵਾਂਗ ਸੂਬਾ ਪੰਜਾਬ ਵਿੱਚ ਮਾਂ-ਬੋਲੀ ਨੂੰ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਪੰਜਾਬੀ ਪ੍ਰਚਾਰ ਦੇ ਸਦਰ ਅਹਿਮਦ ਰਜ਼ਾ ਵੱਟੂ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਕਾਰਵਾਈ ਨੇ ਸਮੂਹ ਪੰਜਾਬੀਆਂ ਨੂੰ ਵੱਡਾ ਸਕੂਨ ਦਿੱਤਾ ਹੈ।

# ਜਿਰਗਾ ਮੀਟਿੰਗ ਦੌਰਾਨ ਝੜਪ ਵਿੱਚ 9 ਜਣੇ ਹਲਾਕ, ਛੇ ਜ਼ਖਮੀ




ਪਿਸ਼ਾਵਰ, 23 ਸਤੰਬਰ (ਪੋਸਟ ਬਿਊਰੋ)- ਉਤਰ ਪੱਛਮੀ ਪਾਕਿ-ਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਜਿਰਗਾ ਦੀ ਮੀਟਿੰਗ ਵਿੱਚ ਦੋ ਧਿਰਾਂ ਵਿੱਚ ਝੜਪ ਦੌਰਾਨ ਚੱਲੀ ਗੋਲੀ ਵਿੱਚ ਦੋ ਸਥਾਨਕ ਕੌਂਸਲਰਾਂ ਸਮੇਤ ਘੱਟੋ-ਘੱਟ ਨੌਂ ਜਣਿਆਂ ਦੀ ਮੌਤ ਹੋ ਗਈ ਤੇ ਛੇ ਹੋਰ ਜ਼ਖਮੀ ਹੋ ਗਏ ਦੱਸੇ ਜਾ ਰਹੇ ਹਨ।

ਜਿਰਗਾ ਮੀਟਿੰਗ ਅਸਲ ਵਿੱਚ ਪਿੰਡ ਦੇ ਵੱਡ-ਵਡੇਰਿਆਂ ਦਾ ਰਵਾਇਤੀ ਇਕੱਠ ਹੁੰਦਾ ਹੈ, ਜਿਸ ਵਿੱਚ ਆਮ ਕਰ ਕੇ ਪਸ਼ਤੂਨਵਲੀ ਦੀਆਂ ਸਿੱਖਿਆਵਾਂ ਦੇ ਆਧਾਰ ਉਤੇ ਕਿਸੇ ਵੀ ਵਿਵਾਦ ਦਾ ਹੱਲ ਕੱਢਿਆ ਜਾਂਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਉਪਰੋਕਤ ਜਿਰਗਾ ਮੀਟਿੰਗ ਸੋਮਵਾਰ ਸ਼ਾਮ ਅੱਪਰ ਦੀਰ ਜ਼ਿਲ੍ਹੇ ਦੇ ਵੀਰਾਵਲ ਬੰਦਾਗਈ ਪਿੰਡ ਵਿੱਚ ਸੱਦੀ ਗਈ ਸੀ। ਦੋਵਾਂ ਧਿਰਾਂ ਵਿੱਚ ਜ਼ਮੀਨ ਤੇ ਫੀਡਰ ਰੋਡ ਦੀ ਉਸਾਰੀ ਬਾਰੇ ਵਿਵਾਦ ਸੀ ਤੇ ਦੋਵਾਂ ਧਿਰਾਂ ਦੀ ਅਗਵਾਈ ਅਮੀਰ ਬਾਚਾ ਤੇ ਬਖਤ ਆਲਮ ਦੇ ਪਰਵਾਰਕ ਜੀਅ ਕਰ ਰਹੇ ਸਨ। ਇਸ ਦੌਰਾਨ ਦੋਵਾਂ ਧਿਰਾਂ ਵਿੱਚ ਚੱਲ ਰਹੀ ਗੱਲਬਾਤ ਤਲਖੀ ਵਿੱਚ ਬਦਲ ਗਈ। ਦੋਵਾਂ ਧਿਰਾਂ ਨੇ ਇੱਕ ਦੂਜੇ ਉਤੇ ਗੋਲੀਆਂ ਵੀ ਚਲਾਈਆਂ। ਅਧਿਕਾਰੀਆਂ ਮੁਤਾਬਕ ਗੋਲੀਬਾਰੀ ਵਿੱਚ ਇੱਕ ਧਿਰ ਦੇ ਸੱਤ ਵਿਅਕਤੀ ਅਤੇ ਦੋ ਜਿਰਗਾ ਮੈਂਬਰ ਮਾਰੇ ਗਏ। ਛੇ ਜ਼ਖਮੀਆਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇਸ ਘਟਨਾ ਮਗਰੋਂ ਮੁਲਜ਼ਮ ਫਰਾਰ ਹੋ ਗਏ।

# ਕਤਰ ਵੱਲੋਂ ਸੰਸਾਰ ਆਗੂਆਂ ਨੂੰ ਤਾਲਿਬਾਨ ਦਾ ਬਾਈਕਾਟ ਨਾ ਕਰਨ ਦੀ ਅਪੀਲ

ਯੂ ਐੱਨ ਓ, 23 ਸਤੰਬਰ (ਪੋਸਟ ਬਿਊਰੋ)- ਅਮਰੀਕੀ ਫ਼ੌਜ ਦੀ ਵਾਪਸੀ ਦੌਰਾਨ ਅਫ਼ਗਾਨਿਸਤਾਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਕਤਰ ਦੇ ਸ਼ਾਹ ਨੇ ਯੂ ਐੱਨ ਓ ਵਿੱਚ ਇਕੱਠੇ ਹੋਏ ਸੰਸਾਰ ਆਗੂਆਂ ਨੂੰ ਤਾਲਿਬਾਨ ਸ਼ਾਸਕਾਂ ਤੋਂ ਮੂੰਹ ਨਾ ਮੋੜਨ ਦੀ ਅਪੀਲ ਕੀਤੀ ਹੈ। ਇਸ ਬਾਰੇਯੂ ਐੱਨ ਜਨਰਲ ਅਸੈਂਬਲੀ ਵਿੱਚ ਬੋਲਦਿਆਂ ਸ਼ੇਖ ਤਮੀਮ ਬਿਨ ਹਮਾਦ ਅਲ ਥਾਨੀ ਨੇ 'ਤਾਲਿਬਾਨ ਨਾਲ ਗੱਲਬਾਤ ਜਾਰੀ' ਰੱਖਣ ਦੀ ਲੋੜ ਉਤੇ ਜ਼ੋਰ ਦਿੱਤਾ, ਕਿਉਂਕਿ ਬਾਈਕਾਟ ਨਾਲ ਸਿਰਫ ਧਰੁਵੀਕਰਨ ਹੋਵੇਗਾ, ਜਦਕਿ ਗੱਲਬਾਤ ਨਾਲ ਸਕਰਾਤਮਕ ਨਤੀਜੇ ਆ ਸਕਦੇ ਹਨ।

ਸ਼ੇਖ ਤਮੀਮ ਬਿਨ ਹਮਾਦ ਅਲ ਥਾਨੀਦੀ ਇਹ ਚਿਤਾਵਨੀ ਉਨ੍ਹਾਂ ਦੇਸ਼ਾਂ ਦੇ ਮੁਖੀਓਂ ਲਈ ਸੀ ਜੋ ਤਾਲਿਬਾਨ ਨਾਲ ਗੱਲਬਾਤ ਕਰਨ ਅਤੇ ਅਫ਼ਗਾਨਿਸਤਾਨ ਵਿੱਚ ਸੱਤਾ ਉਤੇ ਉਨ੍ਹਾਂ ਦੇ ਕਬਜ਼ੇ ਨੂੰ ਪਛਾਣ ਦੇਣ ਬਾਰੇ ਚਿੰਤਤ ਹਨ। ਤਾਲਿਬਾਨ ਦਾ ਕਹਿਣਾ ਹੈ ਕਿ ਉਹ ਅੰਤਰਰਾਸ਼ਟਰੀ ਭਾਈਚਾਰੇ ਤੋਂ ਮਾਨਤਾ ਚਾਹੁੰਦੇ ਹਨ। ਉਸ ਨੇ ਯੂ ਐੱਨ ਓ ਵਿੱਚ ਅਫ਼ਗਾਨਿਸਤਾਨ ਦੇ ਸਾਬਕਾ ਰਾਜਦੂਤ ਦੇ ਪਛਾਣ ਪੱਤਰ ਨੂੰ ਚੁਣੌਤੀ ਦਿੱਤੀ ਹੈ ਅਤੇ ਉਹ ਯੂ ਐੱਨ ਜਨਰਲ ਅਸੈਂਬਲੀ ਦੀ ਵਿਸ਼ਵ ਨੇਤਾਵਾਂ ਦੀ ਉਚ ਪੱਧਰੀ ਬੈਠਕ ਵਿੱਚ ਬੋਲਣ ਲਈ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਮਾਨਤਾ ਦੇਣਾ ਯੂ ਐੱਨ ਓ ਦੀ ਜ਼ਿੰਮੇਵਾਰੀ ਹੈ। ਸ਼ੇਖ ਤਮੀਮ ਨੇ ਕਿਹਾ,''ਕਤਰ ਕਈ ਸਾਲ ਪਹਿਲਾਂ ਜਲਾਵਤਨੀ ਕੱਟ ਰਹੇ ਤਾਲਿਬਾਨ ਦੀ ਰਾਜਨੀਤਕ ਲੀਡਰਸ਼ਿਪ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੋ ਗਿਆ ਸੀ ਕਿਉਂਕਿ ਉਸ ਨੂੰ ਵਿਸ਼ਵਾਸ ਸੀ ਕਿ ਯੁੱਧ ਨਾਲ ਕੋਈ ਹੱਲ ਨਹੀਂ ਨਿਕਲਦਾ ਅਤੇ ਅਖੀਰ ਗੱਲਬਾਤ ਹੀ ਹੋਵੇਗੀ।''



ਵਰਨਣ ਯੋਗ ਹੈ ਕਿ ਕਤਰ, ਅਮਰੀਕਾ ਦਾ ਕਰੀਬੀ ਸਹਿਯੋਗੀ ਹੈ ਅਤੇ ਪੱਛਮੀ ਏਸ਼ੀਆ ਵਿੱਚ ਅਮਰੀਕਾ ਦਾ ਸਭ ਤੋਂ ਵੱਡਾ ਮਿਲਟਰੀ ਅੱਡਾ ਕਤਰ ਵਿੱਚ ਹੀ ਹੈ, ਪਰ ਇਸ ਛੋਟੇ ਜਿਹੇ ਖਾੜੀ ਅਰਬ ਦੇਸ਼ ਦੇ ਤਾਲਿਬਾਨ ਨਾਲ ਵੀ ਸੰਬੰਧ ਹਨ। ਆਪਣੀ ਵਿਸ਼ੇਸ਼ ਭੂਮਿਕਾ ਕਾਰਨ ਕਤਰ ਨੇ ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜ ਦੀ ਵਾਪਸੀ ਦੇ ਨੇੜੇ ਅਮਰੀਕਾ-ਤਾਲਿਬਾਨ ਵਾਰਤਾ ਦੀ ਮੇਜ਼ਬਾਨੀ ਕੀਤੀ ਅਤੇ ਕਾਬੁਲ ਵਿੱਚੋਂ ਲੋਕਾਂ ਨੂੰ ਕੱਢਣ ਵਿੱਚ ਮਦਦ ਕੀਤੀ। ਸ਼ੇਖ ਤਮੀਮ (41) ਨੇ ਕੱਲ੍ਹ ਅਫ਼ਗਾਨਿਸਤਾਨ ਦੇ ਬਾਹਰ ਰਾਜਨੀਤਕ ਵਿਵਸਥਾ ਲਾਗੂ ਕਰਨ ਲਈ ਉਸ ਦੇਸ਼ ਵਿੱਚ ਪਿੱਛਲੀਆਂ ਗਲਤੀਆਂ ਨੂੰ ਦੁਹਰਾਉਣ ਵਿਰੁੱਧ ਚਿਤਾਵਨੀ ਦਿੱਤੀ।

# ਪਿਛਲੇ ਸਾਲ ਦੀ ਚੌਲਾਂ ਦੀ ਜਾਅਲੀ ਖਰੀਦ ਦੇ ਕਾਰਨ ਪੰਜਾਬ ਵਿੱਚ ਚੌਲ ਮਿੱਲਾਂ ਦੀ ਤਲਾਸ਼ੀ ਹੋਵੇਗੀ

ਅਚੰਡੀਗੜ੍ਹ, 23 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਝੋਨੇ ਦੀ ਫਰਜ਼ੀ ਖਰੀਦ ਰੋਕਣ ਲਈ ਤਲਾਸ਼ੀ ਮੁਹਿੰਮ ਵਿੱਢ ਦਿੱਤੀ ਗਈ ਹੈ। ਪਹਿਲੀ ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋਣੀ ਹੈ ਤੇ ਉਸ ਤੋਂ ਪਹਿਲਾਂ ਪੰਜਾਬ ਵਿੱਚ ਚੌਲ ਮਿੱਲਾਂ ਦੀ ਚੈਕਿੰਗ ਹੋਵੇਗੀ। ਕੇਂਦਰ ਸਰਕਾਰ ਐਤਕੀਂ ਸ਼ਿਕੰਜਾ ਕੱਸ ਰਹੀ ਹੈ ਤਾਂ ਜੋ ਝੋਨੇ ਦੀ ਫਰਜ਼ੀ ਖਰੀਦ ਨੂੰ ਨੱਥ ਪਾਈ ਜਾ ਸਕੇ। ਸਰਕਾਰ ਨੇ ਇਸ ਦਫਾ 190 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕਰਨ ਦਾ ਟੀਚਾ ਤੈਅ ਕੀਤਾ ਹੈ, ਪਰ ਕੇਂਦਰ ਸਰਕਾਰ ਨੇ ਪੰਜਾਬ ਵਿੱਚੋਂ 170 ਲੱਖ ਮੀਟ੍ਰਿਕ ਟਨ ਜੀਰੀ ਖਰੀਦਣ ਦੀ ਗੱਲ ਆਖ ਦਿੱਤੀ ਹੈ।



ਵਰਨਣ ਯੋਗ ਹੈ ਕਿ ਇਸ ਵਾਰ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪੰਜਾਬ ਵਿੱਚ ਸਾਲ 2018-19 ਅਤੇ 2019-20 ਵਿੱਚ ਵਿਕੇ ਝੋਨੇ ਦੇ ਆਧਾਰ ਉੱਤੇ ਝੋਨੇ ਦੀ ਖਰੀਦ ਕੀਤੀ ਜਾਵੇਗੀ। ਪਿਛਲੇ ਸਾਲ ਦੂਸਰੇ ਰਾਜਾਂ ਵਿੱਚੋਂ ਪੰਜਾਬ ਦੀਆਂ ਮੰਡੀਆਂ ਵਿੱਚ ਝੋਨਾ ਆ ਗਿਆ ਅਤੇ ਵੱਡੀ ਗਿਣਤੀ ਵਿੱਚ ਟਰਾਲੇ ਫੜੇ ਗਏ ਸਨ। ਕੇਂਦਰ ਸਰਕਾਰ ਨੇ ਇਸ ਦਾ ਨੋਟਿਸ ਵੀ ਲਿਆ ਸੀ, ਜਿਸ ਕਰ ਕੇ ਐਤਕੀਂ ਪੰਜਾਬ ਵਿੱਚੋਂ ਕੇਵਲ ਪੰਜਾਬ ਦੇ ਕਿਸਾਨਾਂ ਦੀ ਜਿਣਸ ਖਰੀਦੀ ਜਾਵੇਗੀ।ਖੁਰਾਕ ਤੇ ਸਪਲਾਈ ਵਿਭਾਗ ਦੇ ਸੈਕਟਰੀ ਨੇ ਕੱਲ੍ਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਵਰਚੁਅਲ ਮੀਟਿੰਗ ਵਿੱਚ ਫੌਰੀ ਤੌਰ ਉੱਤੇ ਪੰਜਾਬ ਦੀਆਂ ਚੌਲ ਮਿੱਲਾਂ ਦੀ ਦੋ ਦਿਨਾਂ ਵਿੱਚ ਫਿਜ਼ੀਕਲ ਚੈਕਿੰਗ ਕਰਨ ਦੀ ਹਦਾਇਤ ਕੀਤੀ ਹੈ। ਖਰੀਦ ਏਜੰਸੀਆਂ ਨੇ ਜ਼ਿਲ੍ਹਿਆਂ ਵਿੱਚ ਟੀਮਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਆਉਂਦੇ ਦਿਨਾਂ ਵਿੱਚ ਪੰਜਾਬ ਭਰ ਵਿੱਚ ਚੌਲ ਮਿੱਲਾਂ ਦੀ ਤਲਾਸ਼ੀ ਮੁਹਿੰਮ ਚੱਲੇਗੀ। ਪੰਜਾਬ ਸਰਕਾਰ ਦਾ ਇੱਕੋ ਮਕਸਦ ਇਹੋ ਦੇਖਣਾ ਹੈ ਕਿ ਚੌਲ ਮਿੱਲ ਮਾਲਕਾਂ ਨੇ ਕਿਤੇ ਅਗਾਊਂ ਚੌਲਾਂ ਦਾ ਸਟਾਕ ਤਾਂ ਨਹੀਂ ਕਰ ਲਿਆ, ਜੋ ਸੀਜ਼ਨ ਦੌਰਾਨ ਝੋਨੇ ਦੀ ਫਰਜ਼ੀ ਖਰੀਦ ਦਿਖਾਈ ਜਾ ਸਕੇ।

ਇਸੇ ਦੌਰਾਨ ਪੰਜਾਬ ਸਰਕਾਰ ਨੂੰ ਇਹ ਰਾਹਤ ਮਿਲ ਗਈ ਹੈ ਕਿ ਕੇਂਦਰ ਸਰਕਾਰ ਨੇ ਝੋਨੇ ਦੀ ਖਰੀਦ ਕਰਨ ਦੇ ਸਟੈਂਡਰਡ ਪਿਛਲੇ ਸਾਲਾਂ ਵਾਲੇ ਹੀ ਤੈਅ ਕਰ ਦਿੱਤੇ ਹਨ। ਪਹਿਲਾਂ ਗੱਲ ਚੱਲ ਰਹੀ ਸੀ ਕਿ ਝੋਨੇ ਦੀ ਖਰੀਦ ਲਈ ਮਾਪਦੰਡ ਸਖਤ ਕੀਤੇ ਜਾ ਰਹੇ ਹਨ। ਮਾਰਕਫੈਡ ਬਠਿੰਡਾ ਦੇ ਜ਼ਿਲ੍ਹਾ ਮੈਨੇਜਰ ਐਚ ਐਸ ਧਾਲੀਵਾਲ ਨੇ ਦੱਸਿਆ ਕਿ ਐਤਕੀਂ ਝੋਨੇ ਦੇ ਮਾਪਦੰਡ ਕੇਂਦਰ ਸਰਕਾਰ ਵੱਲੋਂ ਪੁਰਾਣੇ ਹੀ ਰਹਿਣਗੇ। ਇਹ ਮਾਪਦੰਡ ਸਖਤ ਤੈਅ ਹੋ ਜਾਂਦੇ ਤਾਂ ਪੰਜਾਬ ਵਿੱਚ ਮੁਸ਼ਕਲ ਆ ਸਕਦੀ ਸੀ।ਪੰਜਾਬ ਰਾਈਸ ਸ਼ੈਲਰ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਦਾ ਕਹਿਣਾ ਸੀ ਕਿ ਚੌਲ ਮਿੱਲ ਮਾਲਕਾਂ ਨੂੰ ਪੰਜਾਬ ਸਰਕਾਰ ਦੀ ਇਸ ਚੈਕਿੰਗ ਉੱਤੇ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਬਾਹਰੋਂ ਝੋਨਾ ਆਉਣ ਤੋਂ ਰੋਕਣ ਲਈ ਅੰਤਰਰਾਜੀ ਸਰਹੱਦਾਂ ਨੂੰ ਸੀਲ ਕਰ ਦੇਵੇ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਨੇ 21 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ ਕਿ ਜੇ ਕੋਈ ਬਾਹਰੋਂ ਆ ਰਹੇ ਝੋਨੇ ਦੀ ਸੂਚਨਾ ਦੇਵੇਗਾ।

# ਕਰੋੜਾਂ ਰੁਪਏ ਸਮੇਟਣ ਪਿੱਛੋਂ ਜੀ ਬੀ ਪੀ ਗਰੁੱਪ ਦੇ ਬਿਲਡਰ ਫਰਾਰ

ਜ਼ੀਰਕਪੁਰ, 23 ਸਤੰਬਰ (ਪੋਸਟ ਬਿਊਰੋ)- ਗੁਪਤਾ ਬਿਲਡਰ ਐਂਡ ਪ੍ਰਮੋਟਰਸ (ਜੀ ਬੀ ਪੀ) ਗਰੁੱਪ ਦੇ ਡਾਇਰੈਕਟਰ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਦੇ ਕਰੋੜਾਂ ਰੁਪਏ ਲੈ ਕੇ ਰਾਤੋਂ-ਰਾਤ ਫਰਾਰ ਹੋ ਗਏ ਹਨ।

ਪਤਾ ਲੱਗਾ ਹੈ ਕਿ ਇਨ੍ਹਾਂ ਬਿਲਡਰਾਂ ਨੇ ਜਿਸ ਪ੍ਰੋਜੈਕਟ ਦੇ ਨਾਂਅ ਉੱਤੇ ਲੋਕਾਂ ਨੂੰ ਘਰ ਦਾ ਸੁਫਨਾ ਦਿਖਾਇਆ, ਉਸ ਉੱਤੇ ਤਾਲੇ ਲੱਗ ਗਏ ਹਨ। ਹਜ਼ਾਰਾਂ ਇਨਵੈਸਟਰ ਅਤੇ ਲੋਕ ਗਰੁੱਪ ਦੇ ਬਿਲਡਰਾਂ ਨੂੰ ਲੱਭ ਰਹੇ ਹਨ, ਜੋ ਉਨ੍ਹਾਂ ਨੂੰ ਘਰ ਦਾ ਸੁਫਨਾ ਦਿਖਾ ਕੇ ਧੋਖਾਧੜੀ ਕਰ ਕੇ ਗਾਇਬ ਹੋ ਗਏ ਹਨ। ਇਸ ਦੀ ਸੂਚਨਾ ਮਿਲਦੇ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇਸ ਗਰੁੱਪ ਦੇ ਚੰਡੀਗੜ੍ਹ ਸੈਕਟਰ 34 ਵਾਲੇ ਹੈਡ ਆਫਿਸ, ਖਰੜ ਅਤੇ ਡੇਰਾਬੱਸੀ ਵਾਲੇ ਦਫਤਰ ਨੂੰ ਸੀਲ ਕਰ ਦਿੱਤਾ ਅਤੇ ਸਾਰੇ ਜਗ੍ਹਾ ਤੋਂ ਕੰਪਿਊਟਰ ਅਤੇ ਹੋਰ ਦਸਤਾਵੇਜ਼ ਜ਼ਬਤ ਕਰ ਲਏ ਹਨ। ਈ ਡੀ ਨੇ ਕੰਪਨੀ ਦੇ ਸਾਰੇ ਬੈਂਕ ਖਾਤਿਆਂ ਨੂੰ ਵੀ ਖੜੇ ਪੈਰ ਸੀਲ ਕਰ ਦਿੱਤਾ ਹੈ। ਇਸ ਕੰਪਨੀ ਨੇ ਹਿਮਾਚਲ ਪ੍ਰਦੇਸ਼, ਖਰੜ, ਡੇਰਾਬੱਸੀ ਅਤੇ ਟ੍ਰਾਈਸਿਟੀ ਵਿੱਚ ਕਰੀਬ 15 ਪ੍ਰੋਜੈਕਟ ਚੱਲ ਰਹੇ ਸਨ ਅਤੇ ਪੈਸਾ ਲੋਕਾਂ ਦਾ ਲੱਗਾ ਸੀ।



ਜ਼ੀਰਕਪੁਰ ਪੰਜਾਬ ਦਾ ਉਭਰਦਾ ਹੋਇਆ ਪ੍ਰਾਪਰਟੀ ਹਬ ਹੋਣ ਕਾਰਨ ਇੱਥੇ ਚੱਲਦੇ ਪ੍ਰੋਜੈਕਟਾਂ ਉੱਤੇ ਸੈਲੀਬ੍ਰਿਟੀ ਤੇ ਸਿਆਸਤਦਾਨਾਂ ਤੇ ਆਮ ਜਨਤਾ ਨੇ ਪੈਸਾ ਲਾਇਆ ਹੋਇਆ ਹੈ। ਡੇਰਾਬੱਸੀ ਬੇਸ ਗੁਪਤਾ ਬਿਲਡਰ ਐਂਡ ਪ੍ਰਮੋਟਰਸ (ਜੀ ਬੀ ਪੀ) ਜ਼ੀਰਕਪੁਰ ਦੇ ਨਾਮੀ ਬਿਲਡਰਾਂ ਵਿੱਚੋਂ ਇੱਕ ਸੀ। ਉਨ੍ਹਾਂ ਦਾ ਟਾਪ-10 ਸ਼੍ਰੇਣੀ ਵਿੱਚ ਦੂਸਰਾ ਸਥਾਨ ਸੀ। ਜੀ ਬੀ ਗਰੁੱਪ ਦੇ ਮਾਲਕ ਤਿੰਨੇ ਭਰਾ ਪੈਸਾ ਇਕੱਠਾ ਕਰ ਕੇ ਵਿਦੇਸ਼ ਦੌੜ ਗਏ ਹਨ। ਇਹ ਗੱਲ ਮਾਰਕੀਟ ਵਿੱਚ ਫੈਲਦੇ ਹੀ ਉਨ੍ਹਾਂ ਦੇ ਪ੍ਰੋਜੈਕਟਾਂ ਉੱਤੇ ਪੈਸਾ ਲਾਉਣ ਵਾਲਿਆਂ ਦਾ ਤਾਂਤਾ ਲੱਗ ਗਿਆ। ਕੱਲ੍ਹ ਜ਼ੀਰਕਪੁਰ ਵਿੱਚ ਏਥੇਂਸ ਨਾਂਅ ਦੇ ਪ੍ਰੋਜੈਕਟ ਉੱਤੇ ਤਾਲੇ ਲੱਗ ਗਏ। ਉਥੋਂ ਦਾ ਸਾਰਾ ਸਟਾਫ ਵੀ ਫਰਾਰ ਹੋ ਚੁੱਕਾ ਹੈ। ਕੁਝ ਬਿਲਡਰਾਂ ਨੇ ਬੈਂਕ ਤੋਂ ਕਰਜ਼ਾ ਲੈ ਕੇ ਪ੍ਰੋਜੈਕਟ ਉੱਤੇ ਪੈਸਾ ਲਗਾਇਆ ਹੋਇਆ ਸੀ। ਚਰਚਾ ਹੈ ਕਿ ਗੁਪਤਾ ਬਿਲਡਰਸ ਪੈਸਾ ਲੈ ਕੇ ਕੈਨੇਡਾ ਸੈਟਲ ਹੋ ਗਏ ਹਨ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁਫਤ ਸਲਾਹ • ਫੀਸ ਸੈਟਲਮੈਂਟ ਹੋਣ ਤੋਂ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca


# ਸਾਬਕਾ ਮੁੱਖ ਮੰਤਰੀ ਦੇ ਓ ਐਸ ਡੀ ਨੇ 'ਕੈਪਟਨ 2022' ਦਾ ਪੋਸਟਰ ਸ਼ੇਅਰ ਕਰ ਕੇ ਵਿਵਾਦ ਛੇੜਿਆ

ਜਲੰਧਰ, 23 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਓ ਐਸ ਡੀ ਨਰਿੰਦਰ ਭਾਂਬਰੀ ਨੇ 'ਕੈਪਟਨ 2022' ਦਾ ਪੋਸਟਰ ਆਪਣੇ ਸੋਸ਼ਲ ਮੀਡੀਆ ਉੱਤੇ ਸ਼ੇਅਰ ਕਰਕੇ ਸਿਆਸੀ ਚਰਚਿਆਂ ਨੂੰ ਇੱਕ ਵਾਰ ਫਿਰ ਵਧਾ ਦਿੱਤਾ ਹੈ। ਭਾਂਬਰੀ ਨੇ ਪੋਸਟਰ ਸ਼ੇਅਰ ਕਰਦੇ ਹੋਏ ਲਿਖਿਆ ਹੈ ਕਿ ਉਹ ਬਹੁਤ ਛੇਤੀ ਤੇਜ਼ੀ ਨਾਲ ਵਾਪਸੀ ਕਰਨਗੇ। ਉਂਜ ਕੈਪਟਨ ਨੇ ਅਜੇ ਤਕ ਆਪਣੇ ਸਿਆਸੀ ਭਵਿੱਖ ਬਾਰੇ ਖੁੱਲ੍ਹ ਕੇ ਕੁਝ ਨਹੀਂ ਕਿਹਾ, ਪਰ ਪੋਸਟਰ ਨੇ ਨਵੀਂਆਂ ਚਰਚਾਵਾਂ ਨੂੰ ਫਿਰ ਤੋਂ ਜਨਮ ਦੇ ਦਿੱਤਾ ਹੈ। ਕੈਪਟਨ ਨੇ ਅਜੇ ਤਕ ਇਹ ਵੀ ਨਹੀਂ ਦੱਸਿਆ ਕਿ ਉਹ ਕਾਂਗਰਸ ਵਿੱਚ ਰਹਿਣਗੇ ਜਾਂ ਫਿਰ ਕਿਸੇ ਹੋਰ ਸਿਆਸੀ ਪਾਰਟੀ ਵਿੱਚ ਜਾਣਗੇ।




ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਅਜੇ ਉਹ ਸਿਆਸਤ ਤੋਂ ਸੰਨਿਆਸ ਨਹੀਂ ਲੈ ਰਹੇ। ਉਸ ਤੋਂ ਬਾਅਦ ਭਾਜਪਾ ਨੇਤਾਵਾਂ ਨੇ ਕੈਪਟਨ ਨੂੰ ਭਾਜਪਾ ਵਿੱਚਆਉਣ ਦੀ ਆਫਰ ਦਿੱਤੀ ਸੀ, ਪਰ ਇਸ ਦਾ ਜਵਾਬ ਵੀ ਕੈਪਟਨ ਨੇ ਨਹੀਂ ਦਿੱਤਾ ਸੀ। ਉਨ੍ਹਾਂ ਦੀ ਭਵਿੱਖ ਦੀ ਸਿਆਸਤ ਕੀ ਹੋਵੇਗੀ, ਇਹ ਤਾਂ ਉਹੀ ਜਾਂਣਦੇ ਹਨ, ਪਰ ਨਵਵੇਂ ਚਰਚਿਆਂ ਨੂੰ ਸਮੇਂ-ਸਮੇਂ ਜ਼ਰੂਰ ਛੇੜਿਆ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਨਵਜੋਤ ਸਿੱਧੂ ਨਾਲ ਟਕਰਾਅ ਅਜੇ ਵੀ ਜਾਰੀ ਹੈ, ਪਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪ੍ਰਤੀ ਕੈਪਟਨ ਅਮਰਿੰਦਰ ਸਿੰਘ ਨੇ ਹਾਂ-ਪੱਖੀ ਰੁਖ ਆਪਣਾਇਆ ਹੋਇਆ ਹੈ, ਜੋ ਭਵਿੱਖ ਦੀ ਸਿਆਸਤ ਬਾਰੇ ਚਰਚਾਵਾਂ ਨੂੰ ਜ਼ਰੂਰ ਜਨਮ ਦੇ ਰਿਹਾ ਹੈ।

## ਸੜਕ ਪਾਰ ਕਰਦੇ ਵਿਅਕਤੀ ਦੀ ਹਾਦਸੇ ਦੌਰਾਨ ਮੌਤ

ਜਲੰਧਰ, 23 ਸਤੰਬਰ (ਪੋਸਟ ਬਿਊਰੋ)- ਨਕੋਦਰ ਰੋਡ ਦੇ ਟਾਵਰ ਇਨਕਲੇਵ ਦੇ ਨੇੜੇ ਸਮਰੱਥਾ ਤੋਂ ਵੱਧ ਇੱਟਾਂ ਦੇ ਨਾਲ ਭਰੀ ਟਰਾਲੀ ਨੇ ਇੱਕ ਵਿਅਕਤੀ ਲਪੇਟ ਵਿੱਚ ਲੈ ਲਿਆ। ਇਸ ਹਾਦਸੇ ਦੌਰਾਨ ਵਿਅਕਤੀ ਦੀ ਮੌਕੇ ਉੱਤੇ ਮੌਤ ਹੋ ਗਈ ਹੈ। ਮ੍ਰਿਤਕ ਦੀ ਪਹਿਚਾਣ ਬਲਜਿੰਦਰ ਕੁਮਾਰ (35) ਵਜੋਂ ਦੱਸੀ ਗਈ ਹੈ। ਜਾਣਕਾਰੀ ਮੁਤਾਬਿਕ ਬਲਜਿੰਦਰ ਕੁਮਾਰ ਆਪਣੇ ਕਿਸੇ ਕੰਮ ਲਈ ਪੈਦਲ ਜਾ ਰਿਹਾ ਸੀ। ਜਦੋਂ ਉਹ ਸੜਕ ਪਾਰ ਕਰਨ ਲੱਗਾ ਤਾਂ ਨਕੋਦਰ ਵਾਲੇ ਪਾਸੇ ਤੋਂ ਆਏ ਤੇਜ਼ ਰਫ਼ਤਾਰ ਟ੍ਰੈਕਟਰ-ਟਰਾਲੀ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ। ਉਨ੍ਹਾਂ ਦੱਸਿਆ ਕਿ ਮੌਕੇ ਤੋਂ ਟ੍ਰੈਕਟਰ ਅਤੇ ਇੱਟਾਂ ਦੀ ਭਰੀ ਟਰਾਲੀ ਕਬਜ਼ੇ ਵਿੱਚ ਲੈ ਲਈ ਗਈ ਹੈ ਅਤੇ ਮ੍ਰਿਤਕ ਦੇ ਭਰਾ ਪੁਸ਼ਪਿੰਦਰ ਕੁਮਾਰ ਦੇ ਬਿਆਨਾਂ 'ਤੇ ਟ੍ਰੈਕਟਰ ਚਾਲਕ ਜਗਦੀਸ਼ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਜਲਾਲਾਬਾਦ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਆਮ ਆਦਮੀ ਪਾਰਟੀ ਦਾ ਵਿਧਾਇਕ ਰਾਘਵ ਚੱਢਾ ਈ ਡੀ ਅੱਗੇ ਪੇਸ਼

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਨੈਸ਼ਨਲਸੈਕਟਰੀ ਪੰਕਜ ਗੁਪਤਾ ਨੂੰ ਭੇਜੇ ਗਏ ਨੋਟਿਸ ਮਗਰੋਂ ਕੱਲ੍ਹ ਇਸ ਪਾਰਟੀ ਦਾ ਵਿਧਾਇਕ ਰਾਘਵ ਚੱਢਾ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਸਾਹਮਣੇ ਪੇਸ਼ ਹੋਇਆ। ਈ ਡੀ ਦਫਤਰ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਚੱਢਾ ਨੇ ਕਿਹਾ, "ਇਨ੍ਹਾਂ ਨੋਟਿਸਾਂ ਦੇ ਸਮੇਂ ਉੱਤੇ ਨਜ਼ਰ ਮਾਰੋ। ਇਹ ਉਸ ਸਮੇਂ ਆਏ ਹਨ, ਜਦੋਂ ਆਮ ਆਦਮੀ ਪਾਰਟੀ ਉਤਰਾਖੰਡ, ਪੰਜਾਬ, ਗੁਜਰਾਤ ਅਤੇ ਗੋਆ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੀ ਹੈ। ਨੋਟਿਸ ਨੂੰ 'ਪ੍ਰੇਮ ਪੱਤਰ' ਕਰਾਰ ਦਿੰਦਿਆਂ ਵਿਧਾਇਕ ਨੇ ਅੱਗੇ ਕਿਹਾ ਕਿ "ਇਹ ਸਿਰਫ ਸਾਡੀ ਸੁਹਿਰਦ ਰਾਜਨੀਤੀ ਕਾਰਨ ਹੈ, ਜਿਸ ਤੋਂ ਭਾਜਪਾ ਡਰਦੀ ਹੈ।"



ਚੱਢਾ ਨੇ ਕਿਹਾ ਕਿ ਜਦੋਂ ਆਮ ਆਦਮੀ ਪਾਰਟੀ ਨੇ ਗੁਜਰਾਤ ਦੇ ਸੂਰਤ ਵਿੱਚ ਭਾਜਪਾ ਨੂੰ ਚੁਣੌਤੀ ਦਿੱਤੀ ਤਾਂ ਇਸ ਨੂੰ ਆਪਣਾ ਮੁੱਖ ਮੰਤਰੀ ਬਦਲਣਾ ਪਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਉਤਰਾਖੰਡ ਵਿੱਚ ਦੋ ਵਾਰ ਮੁੱਖ ਮੰਤਰੀ ਬਦਲਣੇ ਪਏ ਸਨ। ਉਨ੍ਹਾ ਕਿਹਾ ਕਿ ਸਾਨੂੰ ਪੰਜਾਬ ਵਿੱਚ ਆਪ ਦੇ ਸੱਤਾ ਵਿੱਚ ਆਉਣ ਦਾ ਭਰੋਸਾ ਹੈ। ਉਨ੍ਹਾਂ ਕਿਹਾ ਕਿ ਜਦੋਂ ਦਿੱਲੀ ਵਿੱਚ ਸਾਡੀ ਸਰਕਾਰ ਬਣੀ ਹੈ, ਹਰ ਸਾਲ ਸਾਨੂੰ ਇੱਕ ਸੰਮਨ ਜਾਂ ਨੋਟਿਸ ਪ੍ਰਾਪਤ ਹੋਇਆ ਹੈ। ਵਰਨਣ ਯੋਗ ਹੈ ਕਿ 13 ਸਤੰਬਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲਸੈਕਟਰੀ ਪੰਕਜ ਗੁਪਤਾ ਨੂੰ ਪੰਜਾਬ ਦੇ ਸਾਬਕਾ ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਦੇ ਸੰਮਨ ਜਾਰੀ ਕੀਤੇ ਸਨ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਗੁਪਤਾ ਨੂੰ ਅਗਲੇ ਹਫਤੇ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਨੂੰ ਮਨੀ ਲਾਂਡਰਿੰਗ ਕੇਸ ਵਿੱਚ ਸੱਦਿਆ ਗਿਆ ਹੈ, ਜਿਸ ਵਿੱਚ ਸੁਖਪਾਲ ਸਿੰਘ ਖਹਿਰਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਈ ਡੀ ਨੇ ਖਹਿਰਾ ਵਿਰੁੱਧ ਦਰਜ ਹੋਏ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਜਾਅਲੀ ਪਾਸਪੋਰਟ ਸਬੰਧੀ ਦੋ ਵੱਖ-ਵੱਖ ਮਾਮਲਿਆਂ ਦਾ ਵੀ ਨੋਟਿਸ ਲਿਆ।

# ਫੂਲਕਾ ਵੱਲੋਂ ਜਥੇਦਾਰ ਦੇ ਵਿਵਾਦਤ ਬਿਆਨ ਬਾਰੇ ਚਿੱਠੀ

ਨਵੀਂ ਦਿੱਲੀ, 23 ਸਤੰਬਰ (ਪੋਸਟ ਬਿਊਰੋ)- ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਸ੍ਰੀ ਅਕਾਲ ਤਖਤਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਉਨ੍ਹਾਂ ਦੇ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਬਾਰੇ ਦਿੱਤੇ ਗਏ ਬਿਆਨ ਉੱਤੇ ਹੈਰਾਨੀ ਪ੍ਰਗਟਾਈ ਹੈ। ਫੂਲਕਾ ਨੇ ਲਿਖਿਆ, "ਤੁਹਾਡਾ ਅਖਬਾਰਾਂ ਵਿੱਚ ਬਿਆਨ ਪੜ੍ਹਿਆ, ਜਿਸ ਵਿੱਚ ਤੁਸੀਂ ਕਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਹਿੰਦੂ ਹੋਵੇ ਜਾਂ ਸਿੱਖ ਫਰਕ ਨਹੀਂ ਪੈਂਦਾ। ਇਹ ਪੜ੍ਹ ਕੇ ਬੜੀ ਹੈਰਾਨੀ ਹੋਈ ਹੈ।"

ਫੂਲਕਾ ਨੇ ਲਿਖਿਆ, "ਜੇ ਸਿੱਖਾਂ ਨੇ ਇਸ ਸਿਧਾਂਤ ਉੱਤੇ ਪਹਿਰਾ ਦੇਣਾ ਸੀ ਤਾਂ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛੋ ਕਿ ਹਜ਼ਾਰਾਂ ਸਿੱਖਾਂ ਨੂੰ ਜੇਲ੍ਹ ਭਿਜਵਾ ਕੇ ਪੰਜਾਬੀ ਸੂਬਾ ਬਣਵਾਉਣ ਦੀ ਕੀ ਲੋੜ ਸੀ।" ਉਨ੍ਹਾਂ ਸਵਾਲ ਕੀਤਾ ਕਿ ਪਹਿਲਾਂ ਪੁਰਾਣੇ ਪੰਜਾਬ ਵਿੱਚ ਕਦੇ ਹਿੰਦੂ ਸਿੱਖ ਮੰਤਰੀ ਅਤੇ ਕਦੇ ਸਿੱਖ ਮੁੱਖ ਮੰਤਰੀ ਬਣਦੇ ਸਨ।ਇਸ ਦੇ ਬਾਵਜੂਦ ਅਕਾਲੀ ਦਲ ਨੇ 1966 ਵਿੱਚ ਵੱਖਰੇ ਸੂਬੇ ਦੀ ਮੰਗ ਕਰ ਕੇ ਇਹ ਪੰਜਾਬੀ ਸੂਬਾ ਬਣਵਾਇਆ। ਅੱਜ ਅਕਾਲੀ ਦਲ ਆਪਣੇ ਜਥੇਦਾਰ ਦੇ ਇਸ ਬਿਆਨ ਦਾ ਸਮਰਥਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਹੀ ਇਹ ਮੰਗ ਕੀਤੀ ਸੀ ਕਿ ਦੁਨੀਆ ਵਿੱਚ ਇਹ ਸਿੱਖਾਂ ਦਾ ਇੱਕੋ-ਇੱਕ ਪੰਜਾਬੀ ਸੂਬਾ ਹੋਵੇਗਾ, ਜਿਸ ਵਿੱਚ ਸਿੱਖ ਚਿਹਰਾ ਮੁੱਖ ਮੰਤਰੀ ਬਣੇਗਾ। 1966 ਤੋਂ ਬਾਅਦ ਕੋਈ ਵੀ ਪਾਰਟੀ ਪੰਜਾਬ ਦੀ ਸੱਤਾ ਵਿੱਚ ਆਈ, ਮੁੱਖ ਮੰਤਰੀ ਦਾ ਚਿਹਰਾ ਸਿੱਖ ਹੀ ਰਿਹਾ। ਉਨ੍ਹਾਂ ਕਿਹਾ ਕਿ ਜਦੋਂ ਪਹਿਲਾਂ ਪੁਰਾਣੇ ਪੰਜਾਬ ਵਿੱਚ ਹਿੰਦੂ ਮੁੱਖ ਮੰਤਰੀ ਸੀ ਤਾਂ ਅਕਾਲੀ ਦਲ ਨੇ ਪੰਥ ਖਤਰੇ ਦਾ ਨਾਅਰਾ ਲਾ ਕੇ ਸਿੱਖਾਂ ਨੂੰ ਜੇਲ੍ਹਾਂ ਵਿੱਚ ਭਿਜਵਾਇਆ। ਉਨ੍ਹਾਂ ਸ਼ੱਕਪ੍ਰਗਟਾਇਆ ਕਿ ਅੱਜ ਵੀ ਅਕਾਲੀ ਦਲ ਗੈਰ ਸਿੱਖ ਚਿਹਰੇ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਕੇ ਮੁੜ ਪੰਥ ਨੂੰ ਖਤਰੇ ਦੇ ਨਾਅਰਾ ਦੇ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦਿਖਾਉਣਾ ਚਾਹੁੰਦਾ ਹੈ ਕਿ ਸਿੱਖਾਂ ਦੇ ਹੱਕਾਂ ਲਈ ਸਿਰਫ ਅਕਾਲੀ ਦਲ ਲੜ ਸਕਦਾ ਹੈ ਤੇ ਦੂਜੀ ਕਿਸੇ ਪਾਰਟੀ ਦੇ ਰਾਜ ਵਿੱਚ ਸਿੱਖ ਸੁਰੱਖਿਅਤ ਨਹੀਂ। ਫੂਲਕਾ ਨੇ ਜਥੇਦਾਰ ਨੂੰ ਲਿਖਿਆ ਕਿ ਬਤੌਰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਸਿਆਸੀ ਮੁੱਦੇ ਉੱਤੇ ਬਿਆਨ ਦੇਣ ਦਾ ਮਤਲਬ ਹੀ ਨਹੀਂ ਸੀ। ਜਥੇਦਾਰ ਦੇ ਬਿਆਨ ਦਾ ਇਹ ਮਤਲਬ ਕੱਢਿਆ ਗਿਆ ਹੈ ਕਿ ਸਿੱਖਾਂ ਨੇ ਪੰਜਾਬ ਲਈ ਸਿੱਖ ਮੁੱਖ ਮੰਤਰੀ ਦਾ ਹੱਕ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਬਿਆਨ ਨੂੰ ਮੁੜ ਵਿਚਾਰਨ ਦੀ ਲੋੜ ਹੈ। ਫੂਲਕਾ ਨੇ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਹੋਣ ਦੇ ਨਾਤੇ ਜਥੇਦਾਰ ਦਾ ਇਹ ਫਰਜ਼ ਬਣਦਾ ਹੈ ਕਿ ਸਾਰੇ ਸਿੱਖਾਂ ਦੇ ਵਿਚਾਰ ਲੈ ਕੇ ਫੈਸਲਾ ਕੀਤਾ ਜਾਵੇ ਕਿ ਸਿੱਖ ਕੀ ਚਾਹੁੰਦੇ ਹਨ।


ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ



Visions of Punjab



Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976



jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

# ਐਸ ਐਨ ਸੀ ਲਾਵਾਲਿਨ ਦੇ ਦੋ ਸਾਬਕਾ ਐਗਜ਼ੈਕਟਿਵ ਰਿਸ਼ਵਤ ਦੇਣ ਦੇ ਦੋਸ਼ ਵਿਚ ਚਾਰਜ

ਮਾਂਟਰੀਅਲ, 23 ਸਤੰਬਰ (ਪੋਸਟ ਬਿਊਰੋ) : ਆਰਸੀਐਮਪੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਐਸਐਨਸੀ-ਲਾਵਾਲਿਨ ਦੇ ਦੋ ਸਾਬਕਾ ਐਗਜ਼ੈਕਟਿਵਜ਼ ਨੂੰ ਕਾਂਟਰੈਕਟ ਹਾਸਲ ਕਰਨ ਬਦਲੇ ਕਥਿਤ ਤੌਰ ਉੱਤੇ ਰਿਸ਼ਵਤ ਦੇਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਿਊਬਿਕ ਦੀ ਇੰਜੀਨੀਅਰਿੰਗ ਕੰਪਨੀ ਦੇ ਨਾਲ ਨਾਲ ਇਸ ਦੀ ਕੌਮਾਂਤਰੀ ਬ੍ਰਾਂਚ ਖਿਲਾਫ ਵੀ ਚਾਰਜਿਜ਼ ਲਾਏ ਗਏ ਹਨ।

ਮਾਊਂਟੀਜ਼ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਕਾਂਟਰੈਕਟ ਕਿਸ ਤਰ੍ਹਾਂ ਦਾ ਸੀ। ਪਰ ਪੁਲਿਸ ਨੇ ਇਸ ਮਾਮਲੇ ਵਿੱਚ ਚਾਰਜ ਕੀਤੇ ਗਏ ਵਿਅਕਤੀਆਂ ਦੇ ਨਾਂ ਐਸਐਨਸੀ-ਲਾਵਾਲਿਨ ਦੇ ਦੋ ਸਾਬਕਾ ਐਗਜ਼ੈਕਟਿਵਜ਼ ਵਾਈਸ ਪ੍ਰੈਜ਼ੀਡੈਂਟ ਨੌਰਮੈਂਡ ਮੌਰਿਨ ਤੇ ਐਸਐਨਸੀ ਲਾਵਾਲਿਨ ਇੰਟਰਨੈਸ਼ਨਲ ਇੰਕਾਰਪੋਰੇਸ਼ਨ ਦੇ ਸਾਬਕਾ ਵਾਈਸ ਪ੍ਰੈਜ਼ੀਡੈਂਟ ਕਮਲ ਫਰਾਂਸਿਜ਼, ਦੱਸੇ ਹਨ। ਇਨ੍ਹਾਂ ਦੋਵਾਂ ਨੂੰ ਜਾਅਲਸਾਜ਼ੀ, ਜਾਅਲਸਾਜ਼ੀ ਕਰਨ ਲਈ ਸਾਜ਼ਿਸ਼ ਰਚਣ, ਫਰੌਡ ਕਰਨ, ਫਰੌਡ ਕਰਨ ਦੀ ਸਾਜ਼ਿਸ਼ ਰਚਨ, ਸਰਕਾਰ ਖਿਲਾਫ ਫਰੌਡ ਕਰਨ ਤੇ ਸਰਕਾਰ ਖਿਲਾਫ ਫਰੌਡ ਦੀ ਸਾਜ਼ਿਸ਼ ਕਰਨ ਲਈ ਚਾਰਜ ਕੀਤਾ ਗਿਆ ਹੈ।

ਇਨ੍ਹਾਂ ਦੋਵਾਂ ਸਾਬਕਾ ਐਗਜ਼ੈਕਟਿਵਸ ਨੂੰ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ 27 ਸਤੰਬਰ ਨੂੰ ਮਾਂਟਰੀਅਲ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਨਾਲ ਐਸਐਨਸੀ ਲਾਵਾਲਿਨ ਤੇ ਐਸਐਨਸੀ ਲਾਵਾਲਿਨ ਇੰਟਰਨੈਸ਼ਨਲ ਦੇ ਨੁਮਾਇੰਦੇ ਵੀ ਹੋਣਗੇ।

ਇਸ ਤੋਂ ਪਹਿਲਾਂ ਐਸਐਨਸੀ-ਲਾਵਾਲਿਨ ਨੂੰ ਲਿਬੀਆ ਵਿੱਚ ਕੀਤੇ ਗਏ ਕੰਮ ਬਦਲੇ ਰਿਸ਼ਵਤ ਦੇਣ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਸੀ। 2019 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਤਤਕਾਲੀ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਦਰਮਿਆਨ ਝਗੜੇ ਦਾ ਗੜ੍ਹ ਵੀ ਇਹੋ ਮਾਮਲਾ ਬਣਿਆ ਸੀ।


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587


# ਅਸੀਸ ਮੰਚ ਵੱਲੋਂ ਸ਼ਾਨਦਾਰ ਕਵੀ ਦਰਬਾਰ, ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਭਾਰਤ ਤੋਂ ਸ਼ਾਇਰਾਂ ਨੇ ਲਿਆ ਹਿੱਸਾ

(ਬਰੈਂਪਟਨ) -(ਪਰਮਜੀਤ ਦਿਓਲ) ਪਿਛਲੇ ਦਿਨੀਂ 'ਅਸੀਸ ਮੰਚ ਟਰਾਂਟੋ' ਵੱਲੋਂ ਇੱਕ ਸ਼ਾਨਦਾਰ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਭਾਰਤ ਤੋਂ ਕਵੀਆਂ ਨੇ ਆਪਣਾ ਉਮਦਾ ਕਲਾਮ ਪੇਸ਼ ਕੀਤਾ। ਇਸ ਕਵੀ ਦਰਬਾਰ ਵਿੱਚ ਬ੍ਰਿਟਿਸ਼ ਕੋਲੰਬੀਆ ਤੋਂ ਰਾਜਵੰਤ ਰਾਜ ਅਤੇ ਦਵਿੰਦਰ ਗ਼ੌਤਮ, ਅਮਰੀਕਾ ਤੋਂ ਅਮਰੀਕ ਗ਼ਾਫ਼ਿਲ ਅਤੇ ਕੁਲਵਿੰਦਰ, ਇੰਡੀਆ ਤੋਂ ਰਮਨ ਸੰਧੂ, ਇੰਗਲੈਂਡ ਤੋਂ ਰਾਜਿੰਦਰਜੀਤ ਅਤੇ ਟਰਾਂਟੋ ਤੋਂ ਕੁਲਵਿੰਦਰ ਖਹਿਰਾ ਨੇ ਭਾਗ ਲਿਆ। ਸਭਨਾਂ ਦਾ ਸਵਾਗਤ ਕਰਦਿਆਂ ਅਸੀਸ ਮੰਚ ਦੀ ਪ੍ਰੈਜ਼ੀਡੈਂਟ, ਪਰਮਜੀਤ ਦਿਓਲ ਨੇ ਜਿੱਥੇ ਸ਼ਾਇਰੀ ਦੇ ਹਵਾਲੇ ਨਾ਼ਲ ਸਭ ਦੀ ਜਾਣ-ਪਛਾਣ ਕਰਵਾਈ ਓਥੇ ਸਮਾਗਗਮ ਦੀ ਸੰਚਾਲਨਾ ਕਰ ਰਹੀ ਰਿੰਟੂ ਭਾਟੀਆ ਨੇ ਹਰ ਸ਼ਾਇਰ ਦੀ ਸ਼ਾਇਰੀ ਨੂੰ ਖ਼ੂਬਸੂਰਤ ਤਰੰਨਮ 'ਚ ਪੇਸ਼ ਕਰਦਿਆਂ ਸ਼ਾਇਰੀ ਪੇਸ਼ ਕਰਨ ਦਾ ਸੱਦਾ ਦਿੱਤਾ। ਫੇਸਬੁੱਕ 'ਤੇ ਲਾਈਵ ਚੱਲੇ




ਇਸ ਮੁਸ਼ਾਇਰੇ ਦੌਰਾਨ ਬਹੁਤ ਸਾਰੇ ਦ੍ਰਸ਼ਕਾਂ ਨੇ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਮੁਸ਼ਾਇਰਾ ਪੰਜਾਬੀ ਦੇ ਗਿਣਵੇਂ ਬਿਹਤਰੀਨ ਮੁਸ਼ਾਇਰਿਆਂ ਵਿੱਚੋਂ ਇੱਕ ਹੈ। https://www.facebook.com/kulwinder.khehra.10/videos/1729045887287754 ਲਿੰਕ 'ਤੇ ਜਾ ਕੇ ਇਸ ਮੁਸ਼ਾਇਰੇ ਦਾ ਆਨੰਦ ਮਾਣਿਆ ਜਦਾ ਸਕਦਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDER CHHINA
BROKER
647.293.2327

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

Seeking a suitable match for their son, never married, 45 years, 6" tall, Fair, Ramdasia Gursikh, Amritdhari, Canadian citizen. Father class 1 retired officer and well settled family. Serious queries please respond on email sukhi_cancer@yahoo.com or Call 416-721-5191 (contact after 5 pm)

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


STARLANE PAINTING
Residential • Commercial • Industrial
Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਵਿਆਹ ਸ਼ਾਦੀਆਂ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

A/Z CITY DRIVER WANTED
INNOVATION Transportation
A/Z City Drivers Needed
Good Pay and good Mileage
Day, Afternoon & Weekend Shifts
Weekly Pay
$22 /Hour
7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

(905)793-2202
You can Place Your Business Here To Reach Wider Audience
For more info Call 905-793-2202 or e-mail ads@punjabipost.ca

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

# ਲਿਬਰਲ ਪਾਰਟੀ ਫਿਰ ਬਣਾਵੇਗੀ ਘੱਟ ਗਿਣਤੀ ਸਰਕਾਰ

...ਪੰਨਾ 1 ਦਾ ਬਾਕੀ

ਬ੍ਰਿਟਿਸ਼ ਕੋਲੰਬੀਆ ਵਿੱਚ ਤਿੰਨ ਵਾਰੀ ਸਫਲ ਰਹਿ ਚੁੱਕੇ ਲਿਬਰਲ ਪਾਰਟੀ ਐਮਪੀ ਸੁੱਖ ਧਾਲੀਵਾਲ ਇੱਕ ਵਾਰੀ ਫਿਰ ਆਪਣੀ ਸਰ੍ਹੀ ਨਿਊਟਨ ਸੀਟ ਬਚਾਉਣ ਵਿੱਚ ਕਾਮਯਾਬ ਹੋਏ ਹਨ। ਇਸੇ ਤਰ੍ਹਾਂ ਦੋ ਵਾਰੀ ਲਿਬਰਲ ਪਾਰਟੀ ਐਮਪੀ ਰਹਿ ਚੁੱਕੇ ਰਣਦੀਪ ਸਿੰਘ ਸਰਾਇ ਵੀ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਰਹੇ ਹਨ। ਅਲਬਰਟਾ ਵਿੱਚ ਜਸਰਾਜ ਸਿੰਘ ਹੱਲਣ ਕੈਲਗਰੀ ਫੌਰੈਸਟ ਲਾਅਨ ਵਾਲੀ ਆਪਣੀ ਸੀਟ ਤੋਂ ਮੁੜ ਜਿੱਤ ਚੁੱਕੇ ਹਨ ਤੇ ਕੈਲਗਰੀ ਸਕਾਇਵਿਊ ਤੋਂ ਜਾਰਜ ਚਾਹਲ ਨੇ ਲਿਬਰਲਾਂ ਲਈ ਸੀਟ ਉੱਤੇ ਕਬਜਾ ਕਰ ਲਿਆ ਹੈ। ਮਨਿੰਦਰ ਸਿੱਧੂ, ਸੋਨੀਆ ਸਿੱਧੂ, ਰੂਬੀ ਸਹੋਤਾ, ਕਮਲ ਖਹਿਰਾ ਨੂੰ ਵੀ ਜਿੱਤ ਹਾਸਲ ਹੋਈ ਹੈ। ਮਿਸੀਸਾਗਾ ਮਾਲਟਨ ਤੋਂ ਲਿਬਰਲਾਂ ਲਈ ਸੀਟ ਜਿੱਤਣ ਵਾਲੇ ਇਕਵਿੰਦਰ ਗਹੀਰ ਨੂੰ ਸੱਭ ਤੋਂ ਨਿੱਕੀ ਉਮਰ ਦਾ ਐਮਪੀ ਦੱਸਿਆ ਜਾ ਰਿਹਾ ਹੈ।

# ਨਵੇਂ ਚੁਣੇ ਗਏ ਪੰਜਾਬੀ ਉਮੀਦਵਾਰਾਂ ਨਾਲ ਜਾਣ ਪਛਾਣ



## ਇਕਵਿੰਦਰ ਗਹੀਰ

ਪਹਿਲੀ ਵਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਬਣੇ ਇਕਵਿੰਦਰ ਗਹੀਰ ਨੇ 2021 ਦੀਆਂ ਫੈਡਰਲ ਚੋਣਾਂ ਵਿੱਚ ਮਿਸੀਸਾਗਾ-ਮਾਲਟਨ ਸੀਟ ਜਿੱਤੀ। 28 ਸਾਲਾਂ ਦੇ ਇਕਵਿੰਦਰ ਨੂੰ 53 ਫੀ ਸਦੀ ਵੋਟਾਂ ਹਾਸਲ ਹੋਈਆਂ। ਉਨ੍ਹਾਂ ਕੰਜ਼ਰਵੇ-ਟਿਵ ਕਲਾਈਡ ਰੋਚ ਨੂੰ ਹਰਾ ਕੇ ਇਹ ਸੀਟ ਜਿੱਤੀ। ਉਹ ਮਿਸੀਸਾਗਾ ਮਾਲਟਨ ਤੋਂ ਸਾਬਕਾ ਐਮਪੀ ਨਵਦੀਪ ਬੈਂਸ ਨਾਲ ਵਾਲੰਟੀਅਰ ਵਜੋਂ ਵੀ ਕੰਮ ਕਰ ਚੁੱਕੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਬੈਂਸ ਨੇ ਸਿਆਸਤ ਛੱਡਣ ਦਾ ਐਲਾਨ ਕੀਤਾ ਤੇ ਗਹੀਰ ਲਈ ਰਾਹ ਪੱਧਰਾ ਕਰ ਦਿੱਤਾ। ਇਕਵਿੰਦਰ ਗਹੀਰ ਪੀਲ ਨੂੰ ਬਿਹਤਰ ਥਾਂ ਬਣਾਉਣ ਲਈ ਸਿਆਸਤ ਵਿੱਚ ਆਇਆ। ਪੇਸ਼ੇ ਤੋਂ ਵਕੀਲ ਇਕਵਿੰਦਰ ਗਹੀਰ 1999 ਤੋਂ ਹੀ ਪੀਲ ਵਿੱਚ ਰਹਿ ਰਿਹਾ ਹੈ ਜਦੋਂ ਤੋਂ ਉਸ ਦਾ ਪਰਿਵਾਰ ਕੈਨੇਡਾ ਆ ਵੱਸਿਆ। ਇਸ ਹਲਕੇ ਨੂੰ ਆਪਣਾ ਘਰ ਦੱਸਣ ਵਾਲੇ ਇਕਵਿੰਦਰ ਦਾ ਇਰਾਦਾ ਇੱਥੋਂ ਦੀ ਕਮਿਊਨਿਟੀ ਦੀ ਦਮਦਾਰ ਆਵਾਜ਼ ਬਣਨ ਦਾ ਹੈ। ਇਕਵਿੰਦਰ ਨੇ ਹਾਰਵਰਡ ਲਾਅ ਤੋਂ ਡਿਗਰੀ ਹਾਸਲ ਕੀਤੀ। ਲਾਅ ਸਕੂਲ ਦੌਰਾਨ ਕੈਨੇਡੀਅਨ ਲਾਅ ਸਟੂਡੈਂਟਸ ਐਸੋਸਿਏਸ਼ਨ ਦਾ ਵੀ ਉਹ ਮੈਂਬਰ ਰਿਹਾ। ਇਕਵਿੰਦਰ ਨੇ ਯੌਰਕ ਯੂਨੀਵਰਸਿਟੀ ਦੇ ਸ਼ੂਲਿਚ ਸਕੂਲ ਆਫ ਬਿਜ਼ਨਸ ਤੋਂ ਗ੍ਰੈਜੂਏਸ਼ਨ ਵੀ ਕੀਤੀ।



## ਰਣਦੀਪ ਸਰਾਇ

ਰਣਦੀਪ ਸਰਾਇ ਪਹਿਲੀ ਵਾਰੀ 2015 ਵਿੱਚ ਸਰ੍ਹੀ ਸੈਂਟਰ ਤੋਂ ਜਿੱਤ ਕੇ ਐਮਪੀ ਬਣੇ, ਫਿਰ 2019 ਵਿੱਚ ਉਹ ਦੁਬਾਰਾ ਚੁਣੇ ਗਏ। ਇਸ ਵਾਰੀ ਉਨ੍ਹਾਂ ਤੀਜੀ ਵਾਰੀ ਵੀ ਮੋਰਚਾ ਫਤਹਿ ਕਰ ਲਿਆ ਹੈ। ਵਕੀਲ ਤੇ ਆਰਗੇਨਾਈਜ਼ਰ ਵਜੋਂ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਉਨ੍ਹਾਂ ਆਪਣੀ ਜ਼ਿੰਦਗੀ ਦਾ ਮੰਤਵ ਬਣਾਇਆ ਹੋਇਆ ਹੈ। ਅੰਡਰਗ੍ਰੈਜੂਏਟ ਡਿਗਰੀ ਹਾਸਲ ਕਰਨ ਲਈ ਯੂਬੀਸੀ ਤੇ ਜਿਊਰਿਸ ਡਾਕਟਰ ਦੀ ਡਿਗਰੀ ਕੁਈਨਜ਼ ਯੂਨੀਵਰਸਿਟੀ ਤੋਂ ਹਾਸਲ ਕੀਤੀ। ਉਨ੍ਹਾਂ ਵਿਰਸਾ ਦੇ ਬਾਨੀ ਤੇ ਡਾਇਰੈਕਟਰ ਵਜੋਂ ਵੀ ਨਵੀਂ ਸ਼ੁਰੂਆਤ ਕੀਤੀ। ਲੋਕਲ ਰੋਟਰੀ ਕਲੱਬ ਰਾਹੀਂ ਰਣਦੀਪ ਪੋਲੀਓ ਖਿਲਾਫ ਜਾਰੀ ਜੰਗ ਲਈ ਫੰਡਜ਼ ਵੀ ਇੱਕਠਾ ਕਰ ਰਹੇ ਹਨ ਤੇ ਗੁਰਦੁਆਰੇ ਰਾਹੀਂ ਲੋਕਲ ਫੂਡ ਡਰਾਈਵਜ਼ ਵੀ ਚਲਾਉਂਦੇ ਰਹਿੰਦੇ ਹਨ। ਆਪਣੀਆਂ ਕੋਸ਼ਿਸ਼ਾਂ ਸਦਕਾ ਉਹ ਐਸਐਫਯੂ ਸਰ੍ਹੀ ਲਈ ਇਮਾਰਤ, ਵੈਟਰਨਜ਼ ਸਰਵਿਸ ਸੈਂਟਰ, ਆਰਸੀਐਮਪੀ ਫੋਰੈਂਸਿਕ ਲੈਬ-ਜੋ ਕਿ ਕੈਨੇਡਾ ਵਿੱਚ ਸੱਭ ਤੋਂ ਵੱਡੀ ਫੋਰੈਂਸਿਕ ਲੈਬ ਹੈ, ਕਾਇਮ ਕਰਨ ਵਿੱਚ ਸਫਲ ਰਹੇ ਹਨ ਤੇ ਲੈਂਗਲੇ ਲਈ ਸਕਾਇਟ੍ਰੇਨ ਐਕਸਟੈਂਸ਼ਨ ਦਾ ਐਲਾਨ ਵੀ ਉਨ੍ਹਾਂ ਵੱਲੋਂ ਪਿੱਛੇ ਜਿਹੇ ਕੀਤਾ ਗਿਆ ਹੈ।



## ਅਨੀਤਾ ਆਨੰਦ

ਅਨੀਤਾ ਆਨੰਦ ਪਹਿਲੀ ਵਾਰੀ 2019 ਵਿੱਚ ਓਕਵਿੱਲ ਤੋਂ ਲਿਬਰਲ ਐਮਪੀ ਚੁਣੀ ਗਈ। ਉਦੋਂ ਤੋਂ ਹੀ ਉਹ ਕੈਨੇਡਾ ਦੀ ਮਨਿਸਟਰ ਆਫ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਵਜੋਂ ਸੇਵਾ ਨਿਭਾਅ ਰਹੀ ਹੈ। ਇਸ ਭੂਮਿਕਾ ਤਹਿਤ ਉਨ੍ਹਾਂ ਕੋਵਿਡ-19 ਮਹਾਂਮਾਰੀ ਦੌਰਾਨ ਕੌਮੀ ਪੱਧਰ ਉੱਤੇ ਵੈਕਸੀਨ ਸਪਲਾਈ ਕਰਨ ਦੇ ਨਾਲ ਨਾਲ ਮੈਡੀਕਲ ਤੇ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ ਦੀ ਸਪਲਾਈ ਦਾ ਬੀੜਾ ਚੁੱਕਿਆ। ਚੋਣਾਂ ਤੋਂ ਪਹਿਲਾਂ ਉਹ ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਫੈਕਲਟੀ ਆਫ ਲਾਅ ਵਿਖੇ ਪ੍ਰੋਫੈਸਰ ਸੀ ਜਿੱਥੇ ਉਨ੍ਹਾਂ ਇਨਵੈਸਟਰ ਪ੍ਰੋਟੈਕਸ਼ਨ ਐਂਡ ਕਾਰ-ਪੋਰੇਟ ਗਵਰਨੈੱਸ ਵਿੱਚ ਜੇ•ਆਰ ਕਿੰਬਰ ਚੇਅਰ ਸਾਂਭੀ। 2007 ਤੋਂ 2009 ਤੱਕ ਉਨ੍ਹਾਂ ਐਸੋਸਿਏਟ ਡੀਨ ਵਜੋਂ ਕੰਮ ਕੀਤਾ ਤੇ ਉਹ ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਗਵਰਨਿੰਗ ਬੋਰਡ ਆਫ ਮੈਸੀ ਕਾਲਜ ਦੀ ਮੈਂਬਰ ਰਹੀ। ਇਸ ਤੋਂ ਇਲਾਵਾ ਰੌਟਮੈਨ ਸਕੂਲ ਆਫ ਮੈਨੇਜਮੈਂਟ ਵਿੱਚ ਕੰਮ ਕੀਤਾ ਤੇ ਕੈਪੀਟਲ ਮਾਰਕਿਟਸ ਰਿਸਰਚ ਇੰਸਟੀਚਿਊਟ ਵਿੱਚ ਡਾਇਰੈਕਟਰ ਆਫ ਪਾਲਿਸੀ ਐਂਡ ਰਿਸਰਚ ਦੀ ਭੂਮਿਕਾ ਨਿਭਾਈ। ਇਨ੍ਹਾਂ ਤੋਂ ਇਲਾਵਾ ਵੀ ਉਹ ਕਈ ਅਹਿਮ ਅਹੁਦਿਆਂ ਉੱਤੇ ਕੰਮ ਕਰ ਚੁੱਕੀ ਹੈ। ਅਨੀਤਾ ਕਈ ਕਿਤਾਬਾਂ ਦੀ ਆਥਰ ਵੀ ਹੈ ਤੇ ਉਨ੍ਹਾਂ ਯੇਲ ਲਾਅ ਸਕੂਲ ਤੇ ਵੈਸਟਰਨ ਅਤੇ ਕੁਈਨਜ਼ ਯੂਨੀਵਰਸਿਟੀਜ਼ ਵਿੱਚ ਪੜ੍ਹਾਇਆ ਵੀ ਹੈ। ਉਨ੍ਹਾਂ ਨੂੰ ਕਈ ਅਹਿਮ ਐਵਾਰਡ ਵੀ ਮਿਲ ਚੁੱਕੇ ਹਨ। 17 ਸਾਲ ਓਕਵਿਲ ਰਹਿੰਦਿਆਂ ਉਨ੍ਹਾਂ ਲਾਈਟਹਾਊਸ ਫੌਰ ਗ੍ਰੀਵਿੰਗ ਚਿਲਡਰਨ ਦੇ ਬੋਰਡ ਆਫ ਡਾਇਰੈਕਟਰਜ਼, ਓਕਵਿੱਲ ਹਾਸਪਿਟਲ ਫਾਊਂਡੇਸ਼ਨ ਤੇ ਓਕਵਿੱਲ ਹਾਈਡਰੋ ਇਲੈਕਟ੍ਰਿਸਿਟੀ ਡਿਸਟ੍ਰੀਬਿਊਸ਼ਨ ਇਨਕਾਰਪੋਰੇਸ਼ਨ ਵਿੱਚ ਵੀ ਕੰਮ ਕੀਤਾ। ਉਨ੍ਹਾਂ ਦਾ ਜਨਮ ਤੇ ਪਰਵਰਿਸ਼ ਕੈਂਟਵਿੱਲ, ਨੋਵਾ ਸਕੋਸ਼ੀਆ ਵਿੱਚ ਹੋਈ।



## ਸੋਨੀਆ ਸਿੱਧੂ

ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਨੇ ਲਿਬਰਲਾਂ ਲਈ ਜਿੱਤ ਦਰਜ ਕਰਵਾਈ। ਉਨ੍ਹਾਂ 2015 ਵਿੱਚ ਹਾਊਸ ਆਫ ਕਾਮਨਜ਼ ਵਿੱਚ ਇਸ ਹਲਕੇ ਦੀ ਅਗਵਾਈ ਕੀਤੀ। ਸਿਆਸਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਿੱਧੂ ਨੇ 18 ਸਾਲਾਂ ਤੱਕ ਹੈਲਥ ਕੇਅਰ ਵਿੱਚ ਕੰਮ ਕੀਤਾ। ਉਨ੍ਹਾਂ ਦੀਆਂ ਮੁੱਖ ਤਰਜੀਹਾਂ ਇਸ ਵਾਰੀ ਸਵੱਛ ਐਨਵਾਇਰਮੈਂਟ, ਨਸਲਵਾਦ ਨੂੰ ਖ਼ਤਮ ਕਰਨਾ, ਬਰੈਂਪਟਨ ਵਾਸੀਆਂ ਲਈ ਹੈਲਥ ਕੇਅਰ, ਮਹਾਂਮਾਰੀ ਕਾਰਨ ਪ੍ਰਭਾਵਿਤ ਕਾਰੋਬਾਰਾਂ ਨੂੰ ਪੈਰਾਂ ਸਿਰ ਕਰਨਾ ਰਹੀਆਂ। ਐਮਪੀ ਵਜੋਂ ਬਿੱਲ ਸੀ-237, ਜਿਸ ਵਿੱਚ ਸਿਹਤ ਮੰਤਰੀ ਨੂੰ ਡਾਇਬਟੀਜ਼ ਨਾਲ ਨਜਿੱਠਣ ਲਈ ਕੌਮੀ ਫਰੇਮਵਰਕ ਤਿਆਰ ਕਰਨਾ ਪਿਆ, ਲਿਆਉਣ ਪਿੱਛੇ ਵੀ ਸਿੱਧੂ ਦਾ ਹੀ ਹੱਥ ਸੀ। ਇਹ ਬਿੱਲ ਜੁਲਾਈ ਦੇ ਸ਼ੁਰੂ ਵਿੱਚ ਪਾਸ ਹੋ ਗਿਆ। ਸੋਨੀਆ ਹਾਊਸ ਆਫ ਕਾਮਨਜ਼ ਦੀ ਸਟੈਂਡਿੰਗ ਕਮੇਟੀ ਆਨ ਹੈਲਥ ਤੇ ਸਟੇਟਸ ਆਫ ਵੂਮਨ ਬਾਰੇ ਹਾਊਸ ਆਫ ਕਾਮਨਜ਼ ਦੀ ਸਟੈਂਡਿੰਗ ਕਮੇਟੀ ਦੀ ਵਾਈਸ ਚੇਅਰ ਹੈ। ਸੋਨੀਆ ਨੇ ਪੁਲੀਟਿਕਲ ਸਾਇੰਸ ਵਿੱਚ ਬੈਚਲਰਜ਼ ਡਿਗਰੀ ਹਾਸਲ ਕੀਤੀ ਹੈ ਤੇ ਸਰਕਾਰ ਦੇ ਤਿੰਨਾਂ ਪੱਧਰਾਂ ਉੱਤੇ ਉਹ ਸਿਆਸੀ ਕੈਂਪੇਨ ਵਿੱਚ ਵਾਲੰਟੀਅਰ ਵਜੋਂ ਕੰਮ ਕਰ ਚੁੱਕੀ ਹੈ। ਕਮਿਊਨਿਟੀ ਪ੍ਰਤੀ ਸਮਰਪਣ ਉਨ੍ਹਾਂ ਵਿੱਚ ਕੁੱਟ ਕੁੱਟ ਭਰਿਆ ਹੈ ਤੇ ਕਈ ਲੋਕਲ ਆਰਗੇਨਾਈਜ਼ੇਸ਼ਨਜ਼ ਜਿਵੇਂ ਕਿ ਟ੍ਰਿਲੀਅਮ ਹੈਲਥ ਸੈਂਟਰ ਨਾਲ ਵੀ ਜੁੜੇ ਹੋਏ ਹਨ।



## ਜਾਰਜ ਚਾਹਲ

ਕੈਲਗਰੀ ਸਕਾਈਵਿਊ ਤੋਂ ਲਿਬਰਲ ਉਮੀਦਵਾਰ ਜਾਰਜ ਚਾਹਲ ਨੇ ਕੰਜ਼ਰਵੇਟਿਵ ਜੈਗ ਸਹੋਤਾ ਨੂੰ ਮਾਤ ਦੇ ਕੇ ਇਹ ਸੀਟ ਜਿੱਤ ਲਈ। ਚਾਹਲ ਨੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਮੱਧ ਵਰਗ ਨੂੰ ਸਹਾਰਾ ਦੇਣ, ਕਮਜ਼ੋਰਾਂ ਦੀ ਮਦਦ ਕਰਨ ਦਾ ਤਹੱਈਆ ਪ੍ਰਗਟਾਇਆ ਸੀ। ਜਾਰਜ ਪਹਿਲੀ ਵਾਰੀ 16 ਅਕਤੂਬਰ, 2017 ਨੂੰ ਕੈਲਗਰੀ ਦੀ ਸਿਟੀ ਕਾਊਂਸਲ ਵਿੱਚ ਚੁਣੇ ਗਏ। ਮਿਊਂਸਪਲ ਕਾਊਂਸਲ ਵਿੱਚ ਚੁਣੇ ਜਾਣ ਤੋਂ ਪਹਿਲਾਂ ਉਹ ਫਾਇਨਾਂਸ਼ੀਅਲ ਸੈਕਟਰ, ਕੰਸਟ੍ਰਕਸ਼ਨ ਤੇ ਡਿਵੈਲਪਮੈਂਟ ਸੈਕਟਰ ਵਿੱਚ ਕੰਮ ਕਰ ਰਹੇ ਸਨ। ਉਨ੍ਹਾਂ ਕੈਲਗਰੀ ਦੀ ਕਮਿਊਨਿਟੀ ਬੇਸਡ ਪਬਲਿਕ ਸੇਫਟੀ ਟਾਸਕ ਫੋਰਸ ਦੀ ਨਾ ਸਿਰਫ ਸ਼ੁਰੂਆਤ ਕੀਤੀ ਸਗੋਂ ਉਸ ਦੇ ਚੇਅਰ ਵੀ ਰਹੇ। ਚਾਹਲ ਨੇ ਇਕਨੌਮਿਕਸ ਵਿੱਚ ਬੀਏ ਕੀਤੀ ਹੋਈ ਹੈ ਤੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਮਾਸਟਰਜ਼ ਇਨ ਐਨਵਾਇਰਮੈਂਟਲ ਡਿਜ਼ਾਈਨ ਕੀਤੀ ਹੋਈ ਹੈ।



## ਹਰਜੀਤ ਸੱਜਣ

ਹਰਜੀਤ ਸੱਜਣ ਨੇ ਵੈਨਕੂਵਰ ਸਾਊਥ ਦੀ ਆਪਣੀ ਸੀਟ ਇਸ ਵਾਰੀ ਵੀ ਕਾਇਮ ਰੱਖੀ। ਸੱਜਣ ਨੂੰ ਪਿਛਲੀ ਵਾਰੀ ਨਾਲੋਂ ਵੀ ਜ਼ਿਆਦਾ 49 ਫੀ ਸਦੀ ਤੋਂ ਵੱਧ ਵੋਟਾਂ ਪਈਆਂ। 2015 ਵਿੱਚ ਪਹਿਲੀ ਵਾਰੀ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਰੱਖਿਆ ਮੰਤਰੀ ਵਜੋਂ ਸੇਵਾ ਨਿਭਾਈ ਹੈ। ਸੱਜਣ ਨੇ ਨਸਲਵਾਦ, ਸੈਕਸਿਜ਼ਮ ਖਿਲਾਫ ਜੰਗ ਜਾਰੀ ਰੱਖਣ ਦਾ ਸੁਨੇਹਾ ਦਿੱਤਾ। ਸੱਜਣ ਦੇ ਰੱਖਿਆ ਮੰਤਰੀ ਰਹਿੰਦਿਆਂ ਕੈਨੇਡੀਅਨ ਫੋਰਸਿਜ਼ ਨਾਲ ਜੁੜੇ ਕਈ ਸਕੈਂਡਲ ਸਾਹਮਣੇ ਆਏ ਜਿਨ੍ਹਾਂ ਦਾ ਪਰਛਾਵਾਂ ਉਨ੍ਹਾਂ ਦੀ ਸਰਵਿਸ ਉੱਤੇ ਵੀ ਪਿਆ। ਪਰ ਸੱਜਣ ਨੇ ਉਸ ਕਲਚਰ ਨਾਲ ਸੰਘਰਸ਼ ਜਾਰੀ ਰੱਖਣ ਦਾ ਤਹੱਈਆ ਪ੍ਰਗਟਾਇਆ ਜਿਸ ਕਾਰਨ ਕਈ ਸੀਨੀਅਰ ਆਗੂਆਂ ਨੂੰ ਆਪਣੇ ਅਹੁਦੇ ਛੱਡਣੇ ਪਏ। ਸਿਆਸਤ ਵਿੱਚ ਆਉਣ ਤੋਂ ਪਹਿਲਾਂ ਸੱਜਣ ਨੇ ਡਿਟੈਕਟਿਵ ਵਜੋਂ ਵੈਨਕੂਵਰ ਪੁਲਿਸ ਡਿਪਾਰਟਮੈਂਟ ਵਿੱਚ ਕੰਮ ਕੀਤਾ ਤੇ ਉਹ ਕੈਨੇਡੀਅਨ ਫੌਜ ਵਿੱਚ ਲੈਫਟੀਨੈਂਟ ਕਰਨਲ ਵੀ ਰਹੇ। ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਬਣਨ ਅਤੇ ਕੈਨੇਡੀਅਨ ਆਰਮੀ ਦੀ ਰਿਜ਼ਰਵ ਰੈਜੀਮੈਂਟ ਨੂੰ ਕਮਾਂਡ ਕਰਨ ਦਾ ਮਾਣ ਸੱਜਣ ਨੂੰ ਜਾਂਦਾ ਹੈ।



## ਕਮਲ ਖਹਿਰ

ਪਹਿਲਾਂ ਤੋਂ ਹੀ ਲਿਬਰਲ ਐਮਪੀ ਕਮਲ ਖਹਿਰਾ ਨੇ ਪਹਿਲੀ ਵਾਰੀ 2015 ਦੀਆਂ ਫੈਡਰਲ ਚੋਣਾਂ ਵਿੱਚ ਬਰੈਂਪਟਨ ਵੈਸਟ ਦੀ ਸੀਟ ਲਿਬਰਲ ਟਿਕਟ ਉੱਤੇ ਜਿੱਤੀ। 2019 ਵਿੱਚ ਹੋਈਆਂ ਚੋਣਾਂ ਵਿੱਚ ਵੀ ਕਮਲ ਖਹਿਰਾ 53.9 ਫੀ ਸਦੀ ਵੋਟਾਂ ਹਾਸਲ ਕਰਕੇ ਇਸ ਸੀਟ ਤੋਂ ਮੁੜ ਜੇਤੂ ਰਹੀ। ਖਹਿਰਾ, ਜੋ ਕਿ ਰਜਿਸਟਰਡ ਨਰਸ ਹੈ, ਨੇ 2015 ਵਿੱਚ 26 ਸਾਲ ਦੀ ਉਮਰ ਵਿੱਚ ਸਿਆਸਤ ਵਿੱਚ ਆ ਕੇ ਸੱਭ ਤੋਂ ਨਿੱਕੀ ਉਮਰ ਦੀ ਲਿਬਰਲ ਐਮਪੀ ਬਣਨ ਦਾ ਰਿਕਾਰਡ ਵੀ ਕਾਇਮ ਕੀਤਾ ਸੀ। 2015-16 ਲਈ ਖਹਿਰਾ ਮਨਿਸਟਰ ਆਫ ਹੈਲਥ ਲਈ ਪਾਰਲੀਆਮੈਂਟਰੀ ਸੈਕਟਰੀ ਵੀ ਰਹਿ ਚੁੱਕੀ ਹੈ ਤੇ 2016-17 ਲਈ ਮਨਿਸਟਰ ਫਰ ਨੈਸ਼ਨਲ ਰੈਵਨਿਊ ਲਈ ਪਾਰਲੀਆਮੈਂਟਰੀ ਸੈਕਟਰੀ ਵੀ ਰਹਿ ਚੁੱਕੇ ਹਨ। ਪਿੱਛੇ ਜਿਹੇ ਉਹ ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਲਈ ਪਾਰਲੀਆਮੈਂਟਰੀ ਸੈਕਟਰੀ ਵਜੋਂ ਸੇਵਾ ਨਿਭਾਅ ਰਹੇ ਸਨ। ਕਮਿਊਨਿਟੀ ਵਾਲੰਟੀਅਰ ਤੇ ਸਿਆਸੀ ਕਾਰਕੁੰਨ ਵਜੋਂ ਕਮਲ ਆਪਣੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ਬਿਹਤਰ ਬਣਾਉਣ ਲਈ ਹਰਦਮ ਤਿਆਰ ਰਹਿੰਦੇ ਹਨ। ਨਿੱਕੀ ਉਮਰੇ ਹੀ ਕਮਲ ਦਿੱਲੀ, ਭਾਰਤ ਤੋਂ ਕੈਨੇਡਾ ਆ ਵੱਸੀ। ਯੌਰਕ ਯੂਨੀਵਰਸਿਟੀ ਤੋਂ ਕਮਲ ਨੇ ਬੈਚਲਰਜ਼ ਆਫ ਸਾਇੰਸ ਇਨ ਸਾਇਕੋਲੋਜੀ, ਆਨਰਜ਼ ਨਾਲ ਕੀਤੀ ਤੇ ਬੈਚਲਰ ਆਫ ਸਾਇੰਸ ਇਨ ਨਰਸਿੰਗ ਵੀ ਆਨਰਜ਼ ਨਾਲ ਕੀਤੀ। ਕਮਲ ਨੇ ਸੈਂਟਰ ਆਫ ਅਡਿਕਸ਼ਨਜ਼ ਐਂਡ ਮੈਂਟਲ ਹੈਲਥ (ਸੀਏਐਮਐਚ), ਪੀਲ ਫੈਮਿਲੀ ਸ਼ੈਲਟਰ ਤੇ ਵਿਲੀਅਮ ਓਸਲਰ ਹੈਲਥ ਸੈਂਟਰ ਉੱਤੇ ਕੰਮ ਕੀਤਾ। ਇਸ ਸਮੇਂ ਕਮਲ ਸੇਂਟ ਜੋਸਫਜ਼ ਹੈਲਥ ਸੈਂਟਰ ਇਨ ਟੋਰਾਂਟੋ ਵਿੱਚ ਆਨਕੋਲੋਜੀ ਯੂਨਿਟ ਵਿੱਚ ਰਜਿਸਟਰਡ ਨਰਸ ਵਜੋਂ ਕੰਮ ਕਰ ਰਹੇ ਹਨ। ਉਹ ਚੇਅਰਪਰਸਨ ਆਫ ਸਾਊਥ ਏਸ਼ੀਅਨ ਕੈਨੇਡੀਅਨਜ਼ ਹੈਰੀਟੇਜ ਫਾਊਂਡੇਸ਼ਨ, ਮੈਂਟਰ ਐਂਡ ਪ੍ਰੋਗਰਾਮ ਕੋਆਰਡੀਨੇਟਰ ਐਟ ਬਿੱਗ ਬਰਦਰ ਬਿੱਗ ਸਿਸਟਰ ਆਫ ਪੀਲ ਤੇ ਸਿੱਕ ਕਿੱਡਜ਼ ਫਾਊਂਡੇਸ਼ਨ ਵਿਖੇ ਈਵੈਂਟ ਕੋਆਰਡੀਨੇਟਰ ਵਜੋਂ ਵੀ ਕੰਮ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਹ ਨੌਜਵਾਨ ਸਾਊਥ ਏਸ਼ੀਅਨ ਕੈਨੇਡੀਅਨਜ਼ ਨਾਲ ਜੁੜੇ ਮੁੱਦਿਆਂ ਨਾਲ ਸਬੰਧਤ ਲੋਕਲ ਟੀਵੀ ਟਾਕ ਸ਼ੋਅ ਯੂਥ ਵਿਜ਼ਨ ਵੀ ਹੋਸਟ ਕਰ ਚੁੱਕੇ ਹਨ।



## ਬਰਦੀਸ਼ ਚੱਗੜ

ਵਾਟਰਲੂ ਹਲਕੇ ਤੋਂ ਲਿਬਰਲਾਂ ਦੀ ਅਗਵਾਈ ਕਰ ਰਹੀ ਬਰਦੀਸ਼ ਚੱਗੜ ਨੂੰ ਇੱਕ ਵਾਰੀ ਫਿਰ ਜਿੱਤ ਹਾਸਲ ਹੋਈ। ਉਨ੍ਹਾਂ ਕੰਜ਼ਰਵੇਟਿਵ ਪਾਰਟੀ ਦੀ ਮੇਘਨ ਸ਼ੈਨਨ ਨੂੰ ਮਾਤ ਦੇ ਕੇ ਇਸ ਸੀਟ ਉੱਤੇ ਕਬਜਾ ਕੀਤਾ। 2015 ਵਿੱਚ ਪਹਿਲੀ ਵਾਰੀ ਬਰਦੀਸ਼ ਚੱਗੜ ਇਸ ਹਲਕੇ ਤੋਂ ਚੁਣੇ ਗਏ ਤੇ ਫਿਰ 2019 ਵਿੱਚ ਵੀ ਉਨ੍ਹਾਂ ਇਸ ਜਿੱਤ ਨੂੰ ਦੁਹਰਾਇਆ। 2015 ਤੋਂ ਲੈ ਕੇ ਹੁਣ ਤੱਕ ਉਹ ਮਨਿਸਟਰ ਆਫ ਸਮਾਲ ਬਿਜ਼ਨਸਿਜ਼ ਐਂਡ ਟੂਰਿਜ਼ਮ, ਲੀਡਰ ਆਫ ਦਾ ਗਵਰਮੈਂਟ ਇਨ ਦ ਹਾਊਸ ਆਫ ਕਾਮਨਜ਼, ਮਨਿਸਟਰ ਆਫ ਡਾਇਵਰਸਿਟੀ ਐਂਡ ਇਨਕਲੂਜ਼ਨ ਐਂਡ ਯੂਥ ਰਹਿ ਚੁੱਕੇ ਹਨ। ਉਨ੍ਹਾਂ ਯੂਨੀਵਰਸਿਟੀ ਆਫ ਵਾਟਰਲੂ ਤੋਂ ਬੈਚਲਰ ਆਫ ਸਾਇੰਸ ਵਿੱਚ ਗ੍ਰੈਜੂਏਸ਼ਨ ਕੀਤੀ। ਵਾਟਰਲੂ ਵਿੱਚ ਐਮਪੀ ਵਜੋਂ ਕੰਮ ਕਰਨ ਤੋਂ ਪਹਿਲਾਂ ਬਰਦੀਸ਼ ਨੇ ਕਿਚਨਰ-ਵਾਟਰਲੂ ਮਲਟੀਕਲਚਰਲ ਸੈਂਟਰ ਉੱਤੇ ਕੰਮ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਵਿਦੇਸ਼ਾਂ ਤੋਂ ਸਿਖਲਾਈ ਪ੍ਰਾਪਤ ਪ੍ਰੋਫੈਸ਼ਨਲਜ਼ ਨੂੰ ਸਹੀ ਰੋਜ਼ਗਾਰ ਦਿਵਾਉਣ ਵਾਸਤੇ ਸਾਲਾਨਾ ਗਲੋਬਲ ਸਕਿੱਲਜ਼ ਕਾਨਫਰੰਸ ਕਰਵਾਉਣ ਦਾ ਬੀੜਾ ਚੁੱਕਿਆ। ਉਹ ਵਾਟਰਲੂ ਕਮਿਊਨਿਟੀ ਨੂੰ ਆਪਸ ਵਿੱਚ ਜੋੜੀ ਰੱਖਣ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ।




## ਅੰਜੂ ਢਿੱਲੋਂ

ਪਹਿਲੀ ਵਾਰੀ ਅੰਜੂ ਢਿੱਲੋਂ ਨੂੰ 2015 ਵਿੱਚ ਲਿਬਰਲਾਂ ਵੱਲੋਂ ਡਰੋਵੈਲ-ਲੈਸੀਨ-ਲਾਸਾਲ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ ਤੇ ਉਹ ਐਮਪੀ ਵਜੋਂ ਚੁਣੀ ਵੀ ਗਈ। ਉਹ ਸਾਊਥ ਏਸ਼ੀਅਨ ਮੂਲ ਦੀ ਪਹਿਲੀ ਉਮੀਦਵਾਰ ਸੀ ਜਿਸ ਨੂੰ ਕਿਊਬਿਕ ਪ੍ਰੋਵਿੰਸ ਤੋਂ ਚੁਣਿਆ ਗਿਆ। ਮਾਂਟਰੀਅਲ ਵਿੱਚ ਹੀ ਢਿੱਲੋਂ ਪੈਦਾ ਹੋਈ ਤੇ ਉੱਥੇ ਹੀ ਉਸ ਦੀ ਪਰਵਰਿਸ਼ ਵੀ ਹੋਈ। ਉਨ੍ਹਾਂ 13 ਸਾਲ ਦੀ ਉਮਰ ਵਿੱਚ ਹੀ ਪਾਲ ਮਾਰਟਿਨ ਦੀ ਕੈਂਪੇਨ ਵਿੱਚ ਵਾਲੰਟੀਅਰ ਵਜੋਂ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਦਸ ਸਾਲਾਂ ਲਈ ਉਹ ਲਾਸਾਲ ਵਿੱਚ ਫੈਡਰਲ ਲਿਬਰਲ ਰਾਈਡਿੰਗ ਐਸੋਸਿਏਸ਼ਨ ਦੀ ਵਾਈਸ ਪ੍ਰੈਜ਼ੀਡੈਂਟ ਫੌਰ ਯੂਥ ਰਹੀ। ਢਿੱਲੋਂ ਨੇ ਇਸ ਵਾਰੀ ਅਰਥਚਾਰੇ ਵਿੱਚ ਸੁਧਾਰ, ਲੋਕਾਂ ਨੂੰ ਸਿਹਤਮੰਦ ਰੱਖਣ, ਐਨਵਾਇਰਮੈਂਟ ਦੀ ਹਿਫਾਜ਼ਤ ਤੇ ਮੱਧ ਵਰਗੀ ਪਰਿਵਾਰਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਦਾ ਏਜੰਡਾ ਮਿਥਿਆ। ਇਸ ਏਜੰਡੇ ਦੀ ਬਦੌਲਤ ਢਿੱਲੋਂ ਨੂੰ ਇੱਕ ਵਾਰੀ ਫਿਰ ਜਿੱਤ ਹਾਸਲ ਹੋਈ।



## ਰੂਬੀ ਸਹੋਤਾ

ਪਹਿਲੀ ਵਾਰੀ 2015 ਵਿੱਚ ਬਰੈਂਪਟਨ ਨੌਰਥ ਤੋਂ ਐਮਪੀ ਚੁਣੇ ਗਏ ਰੂਬੀ ਸਹੋਤਾ ਕਿਸੇ ਜਾਣ ਪਛਾਣ ਦੀ ਮੁਥਾਜ ਨਹੀਂ ਹਨ। ਬਰੈਂਪਟਨ ਦੇ ਤਰਜੀਹੀ ਮੁੱਦਿਆਂ ਉੱਤੇ ਹਮੇਸ਼ਾਂ ਰੂਬੀ ਦੀ ਬਾਰੀਕ ਨਜ਼ਰ ਰਹਿੰਦੀ ਰਹੀ ਹੈ ਫਿਰ ਭਾਂਵੇਂ ਉਹ ਪਬਲਿਕ ਟਰਾਂਜ਼ਿਟ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਕਿਫਾਇਤੀ ਹਾਊਸਿੰਗ ਤੇ ਹਰੇਕ ਲਈ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਹੀ ਮੁੱਦਾ ਕਿਉਂ ਨਾ ਹੋਵੇ। ਬਰੈਂਪਟਨ ਨੌਰਥ ਤੋਂ 2015 ਵਿੱਚ ਐਮਪੀ ਚੁਣੀ ਗਈ ਰੂਬੀ ਸਹੋਤਾ ਬਰੈਂਪਟਨ ਦੇ ਲੋਕਾਂ ਦੀ ਬੁਲੰਦ ਆਵਾਜ਼ ਰਹੀ ਹੈ ਤੇ ਉਨ੍ਹਾਂ ਬਰੈਂਪਟਨ ਦੇ ਲੋਕਾਂ ਤੇ ਆਪਣੀ ਕਮਿਊਨਿਟੀ ਦੇ ਲੋਕਾਂ ਲਈ ਅਹਿਮ ਕੰਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸਹੋਤਾ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ ਬਰੈਂਪਟਨ ਦੀ ਮੁੱਖ ਤਰਜੀਹਾਂ ਜਿਵੇਂ ਕਿ ਪਬਲਿਕ ਟਰਾਂਜ਼ਿਟ, ਪੋਸਟ ਸੈਕੰਡਰੀ ਐਜੂਕੇਸ਼ਨ ਇਨਵੈਸਟਮੈਂਟ, ਚੰਗੀ ਆਮਦਨ ਦੇਣ ਵਾਲੇ ਰੋਜ਼ਗਾਰ ਵਾਲੇ ਪਾਸੇ ਅੱਗੇ ਵਧਿਆ ਜਾ ਰਿਹਾ ਹੈ। ਵਕੀਲ ਵਾਲੇ ਪਿਛੋਕੜ ਤੇ ਰਹਿਮਦਿਲ ਐਮਪੀ ਹੋਣ ਦੇ ਨਾਤੇ ਬਰੈਂਪਟਨ ਕਮਿਊਨਿਟੀ ਲਈ ਰੂਬੀ ਨੇ ਬਹੁਤ ਕੰਮ ਕੀਤਾ। ਰੂਬੀ ਹਾਊਸ ਆਫ ਕਾਮਨਜ਼ ਸਟੈਂਡਿੰਗ ਕਮੇਟੀ ਆਨ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਦੀ ਚੇਅਰ ਵਜੋਂ ਸੇਵਾ ਨਿਭਾਉਣ ਵਾਲੀ ਰੂਬੀ ਸਟੈਂਡਿੰਗ ਕਮੇਟੀ ਆਨ ਫੌਰਨ ਅਫੇਅਰਜ਼ ਐਂਡ ਇੰਟਰਨੈਸ਼ਨਲ ਡਿਵੈਲਪਮੈਂਟ ਦੀ ਮੈਂਬਰ ਵੀ ਰਹੀ। ਉਸ ਨੇ ਪਬਲਿਕ ਸੇਫਟੀ ਤੇ ਨੈਸ਼ਨਲ ਸਕਿਊਰਿਟੀ ਲਈ ਸਟੈਂਡਿੰਗ ਕਮੇਟੀ ਵਿੱਚ ਵੀ ਸੇਵਾ ਨਿਭਾਈ।



## ਸੁੱਖ ਧਾਲੀਵਾਲ

ਸੁੱਖ ਧਾਲੀਵਾਲ ਕੈਨੇਡੀਅਨ ਸਿਆ-ਸਤ ਦਾ ਕਾਫੀ ਜਾਣਿਆ ਪਛਾਣਿਆ ਨਾਂ ਹੈ। ਉਹ ਹਮੇਸ਼ਾਂ ਤੋਂ ਹੀ ਆਪਣੀ ਕਮਿਊਨਿਟੀ ਨਾਲ ਜੁੜੇ ਮੁੱਦਿਆਂ, ਚਿੰਤਾਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਤੇ ਮਸਲਿਆਂ ਨੂੰ ਹੱਲ ਕਰਨ ਲਈ ਜਾਣੇ ਜਾਂਦੇ ਹਨ। ਉਹ ਕੈਨੇਡੀਅਨ ਬਿਜ਼ਨਸਮੈਨ ਤੇ ਸਿਆ-ਸਤਦਾਨ ਹਨ। ਜਿਨ੍ਹਾਂ ਨੇ 2015 ਤੋਂ ਲਿਬਰਲ ਐਮਪੀ ਵਜੋਂ ਸਰ੍ਹੀ-ਨਿਊਟਨ ਤੋਂ ਸੇਵਾ ਨਿਭਾਈ ਹੈ। ਇਸ ਤੋਂ ਪਹਿਲਾਂ ਉਹ 2006 ਤੋਂ 2011 ਤੱਕ ਨਿਊਟਨ-ਨੌਰਥ ਡੈਲਟਾ ਤੋਂ ਐਮਪੀ ਰਹਿ ਚੁੱਕੇ ਹਨ। ਪ੍ਰੋਫੈਸ਼ਨਲ ਇੰਜੀਨੀਅਰ, ਫੈਲੋਅ ਆਫ ਇੰਜੀਨੀਅਰਜ਼ ਕੈਨੇਡਾ, ਲੈਂਡ ਸਰਵੇਅਰ ਤੇ ਸਮਾਲ ਬਿਜ਼ਨਸ ਦੇ ਮਾਲਕ ਸੁੱਖ ਪਬਲਿਕ ਲਾਈਫ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਰਗਰਮ ਕਮਿਊਨਿਟੀ ਆਗੂ ਸਨ। ਉਨ੍ਹਾਂ ਸੀਡਜ਼ ( ਸੈਲਫ ਇੰਪਲਾਇਮੈਂਟ ਐਂਡ ਐਂਟਰਪ੍ਰਿਨਿਊਰ ਡਿਵੈਲਪਮੈਂਟ ਸੁਸਾਇਟੀ ) ਲਈ ਬੋਰਡਜ਼ ਆਫ ਡਾਇਰੈਕਟਰਜ਼ ਵਜੋਂ ਹਿੱਸਾ ਲਿਆ, ਸਿਟੀ ਆਫ ਸਰ੍ਹੀ ਪਾਰਕਸ ਐਂਡ ਕਮਿਊਨਿਟੀ ਸਰਵਿਸਿਜ਼ ਕਮੇਟੀ ਦੇ ਮੈਂਬਰ ਰਹੇ, ਸਰ੍ਹੀ ਮੈਮੋਰੀਅਲ ਹਾਸਪਿਟਲ ਫਾਊਂਡੇਸ਼ਨਜ਼ ਐਮਰਜੰਸੀ ਕੈਪੀਟਲ ਕੈਂਪੇਨ ਲਈ ਵਾਲੰਟੀਅਰ ਵਜੋਂ ਹਿੱਸਾ ਲਿਆ। ਸੁੱਖ ਧਾਲੀਵਾਲ ਵੀ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਰਹੇ।



## ਮਨਿੰਦਰ ਸਿੱਧੂ

ਬਰੈਂਪਟਨ ਈਸਟ ਤੋਂ ਇੱਕ ਵਾਰੀ ਫਿਰ ਲੋਕਾਂ ਦਾ ਦਿਲ ਜਿੱਤਣ ਵਿੱਚ ਮਨਿੰਦਰ ਸਿੱਧੂ ਕਾਮਯਾਬ ਹੋ ਗਏ ਹਨ। ਦੂਜੀ ਵਾਰੀ ਲਿਬਰਲਾਂ ਲਈ ਇਹ ਸੀਟ ਸਿੱਧੂ ਨੇ 56 ਫੀ ਸਦੀ ਵੋਟਾਂ ਹਾਸਲ ਕਰਕੇ ਜਿੱਤੀ। ਉਨ੍ਹਾਂ ਕੰਜ਼ਰਵੇਟਿਵ ਆਗੂ ਨਵਲ ਬਜਾਜ ਨੂੰ ਚਿੱਤ ਕਰਕੇ ਇਸ ਸੀਟ ਉੱਤੇ ਕਬਜਾ ਜਮਾਇਆ। ਪਹਿਲੀ ਵਾਰੀ ਸਿੱਧੂ 2019 ਵਿੱਚ 47•4 ਫੀ ਸਦੀ ਵੋਟਾਂ ਹਾਸਲ ਕਰਕੇ ਪਾਰਲੀਆਮੈਂਟ ਲਈ ਇਸੇ ਸੀਟ ਤੋਂ ਚੁਣੇ ਗਏ ਸਨ। ਆਫਿਸ ਵਿੱਚ ਆਪਣੇ ਪਹਿਲੇ ਦੋ ਸਾਲਾਂ ਦੌਰਾਨ ਸਿੱਧੂ ਨੇ ਭਾਵੇਂ ਕਈ ਗਰੁੱਪਜ਼ ਤੇ ਐਸੋਸਿਏਸ਼ਨਜ਼ ਨਾਲ ਕੰਮ ਕੀਤਾ ਪਰ ਉਹ ਕੈਬਨਿਟ ਵਿੱਚ ਥਾਂ ਨਹੀਂ ਬਣਾ ਸਕੇ। ਪਿਛਲੇ 30 ਸਾਲਾਂ ਤੋਂ ਬਰੈਂਪਟਨ ਵਿੱਚ ਰਹਿ ਰਹੇ ਮਨਿੰਦਰ ਸਿੱਧੂ ਇੱਕ ਪਰਿਵਾਰਕ ਇਨਸਾਨ ਹੋਣ ਦੇ ਨਾਲ ਨਾਲ ਲੋਕ ਹਿਤੈਸ਼ੀ ਤੇ ਬਿਜ਼ਨਸਮੈਨ ਵੀ ਹਨ। ਆਪਣੇ ਪਹਿਲੇ ਕਾਰਜਕਾਲ ਵਿੱਚ ਸਿੱਧੂ ਨੇ ਨਵੀਂ ਟਰਾਂਜ਼ਿਟ ਮੇਨਟੇਨੈਂਸ ਫੈਸਿਲਿਟੀ ਲਈ ਬਰੈਂਪਟਨ ਈਸਟ ਦੇ ਇਤਿਹਾਸ ਦਾ ਸੱਭ ਤੋਂ ਵੱਡਾ ਨਿਵੇਸ਼ ਲਿਆਉਣ ਵਿੱਚ ਸਫਲਤਾ ਹਾਸਲ ਕੀਤੀ। ਇਸ ਨਾਲ ਜਿੱਥੇ 1000 ਦੇ ਨੇੜੇ ਤੇੜੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਉੱਥੇ ਹੀ ਟਰਾਂਜ਼ਿਟ ਸਮਰੱਥਾ ਵਿੱਚ ਵਾਧਾ ਹੋਵੇਗਾ ਤੇ ਪ੍ਰਦੂਸ਼ਣ ਵਿੱਚ ਵੀ ਕਮੀ ਆਵੇਗੀ। ਇਸ ਤੋਂ ਇਲਾਵਾ ਕੈਨੇਡਾ ਸਮਰ ਜੌਬਜ਼ ਪ੍ਰੋਗਰਾਮ ਰਾਹੀਂ ਉਨ੍ਹਾਂ ਬਰੈਂਪਟਨ ਈਸਟ ਦੇ ਨੌਜਵਾਨਾਂ ਲਈ ਨਵੇਂ ਮੌਕਿਆਂ ਲਈ ਰਾਹ ਖੋਲ੍ਹਿਆ। ਮਨਿੰਦਰ ਦ ਕਾਈਂਡਨੈੱਸ ਮੂਵਮੈਂਟ ਚੈਰਿਟੀ ਦੇ ਬਾਨੀ ਵੀ ਹਨ। ਉਨ੍ਹਾਂ ਯੂਨੀਵਰਸਿਟੀ ਆਫ ਵਾਟਰਲੂ ਤੋਂ ਗ੍ਰੈਜੂਏਸ਼ਨ ਕੀਤੀ ਤੇ ਫਿਰ ਆਪਣਾ ਸਫਲ ਕਸਟਮਜ਼ ਬ੍ਰੋਕਰੇਜ ਬਿਜ਼ਨਸ ਖੜ੍ਹਾ ਕੀਤਾ। ਮਨਿੰਦਰ ਹਰ ਸਮੇਂ ਲੋਕਾਂ ਖਾਸਤੌਰ ਉੱਤੇ ਨੌਜਵਾਨਾਂ ਦੀ ਮਦਦ ਲਈ ਤਿਆਰ ਰਹਿੰਦੇ ਹਨ।



## ਜਗਮੀਤ ਸਿੰਘ

ਜਗਮੀਤ ਸਿੰਘ ਧਾਲੀਵਾਲ 2017 ਤੋਂ ਨਿਊ ਡੈਮਕ੍ਰੈਟਿਕ ਪਾਰਟੀ (ਐਨਡੀਪੀ) ਦੇ ਆਗੂ ਵਜੋਂ ਸੇਵਾ ਨਿਭਾਅ ਰਹੇ ਹਨ। 2019 ਤੋਂ ਹੀ ਜਗਮੀਤ ਸਿੰਘ ਬਰਨਾਬੀ ਸਾਊਥ ਤੋਂ ਐਮਪੀ ਚੁਣੇ ਗਏ ਹਨ। ਉਹ 2011 ਵਿੱਚ ਓਨਟਾਰੀਓ ਦੀ ਵਿਧਾਨਸਭਾ ਵਿੱਚ ਚੁਣੇ ਗਏ ਸਨ। ਫੈਡਰਲ ਪਾਲੀਟਿਕਸ ਵਿੱਚ ਐਂਟਰੀ ਤੋਂ ਪਹਿਲਾਂ ਉਹ ਬ੍ਰਾਮੇਲੀਆ-ਗੋਰ-ਮਾਲਟਨ ਦੀ ਨੁਮਾਇੰਦਗੀ ਕਰਦੇ ਸਨ। ਕੈਨੇਡਾ ਵਿੱਚ ਫੈਡਰਲ ਪੱਧਰ ਦੀ ਪਾਰਟੀ ਦੀ ਕਮਾਨ ਸਾਂਭਣ ਵਾਲੇ ਉਹ ਪਹਿਲੇ ਸਿੱਖ ਆਗੂ ਹਨ। ਜਗਮੀਤ ਸਿੰਘ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕ੍ਰਿਮੀਨਲ ਡਿਫੈਂਸ ਲਾਇਰ ਵਜੋਂ ਕੀਤੀ। ਸਿਆਸੀ ਜੀਵਨ ਦੀ ਸ਼ੁਰੂਆਤ ਜਗਮੀਤ ਸਿੰਘ ਵੱਲੋਂ 2011 ਵਿੱਚ ਕੀਤੀ ਗਈ ਜਦੋਂ ਉਨ੍ਹਾਂ ਮਾਮੂਲੀ ਫਰਕ ਨਾਲ ਫੈਡਰਲ ਹਲਕੇ ਬ੍ਰਾਮੇਲੀਆ-ਗੋਰ-ਮਾਲਟਨ ਤੋਂ ਕੰਜ਼ਰਵੇਟਿਵ ਉਮੀਦਵਾਰ ਬੱਲ ਗੋਸਲ ਨੂੰ ਹਰਾ ਦਿੱਤਾ। ਉਸੇ ਸਾਲ ਉਹ ਐਮਪੀਪੀ ਵੀ ਬਣੇ। 2015 ਵਿੱਚ ਓਨਟਾਰੀਓ ਦੀ ਐਨਡੀਪੀ ਦੇ ਉਹ ਡਿਪਟੀ ਲੀਡਰ ਬਣੇ। 2017 ਤੱਕ ਉਨ੍ਹਾਂ ਐਨਡੀਪੀ ਆਗੂ ਐਂਡਰੀਆ ਹਾਰਵਥ ਤਹਿਤ ਕੰਮ ਕੀਤਾ। ਟੌਮ ਮਲਕੇਅਰ ਨੂੰ ਹਟਾਉਣ ਲਈ ਕੀਤੇ ਜਾ ਰਹੇ ਲੀਡਰਸ਼ਿਪ ਰਵਿਊ ਤੋਂ ਬਾਅਦ ਜਗਮੀਤ ਸਿੰਘ ਨੇ ਆਪਣੇ ਉਮੀਦਵਾਰੀ ਇਸ ਅਹੁਦੇ ਲਈ ਐਲਾਨ ਦਿੱਤੀ। ਪਹਿਲੀ ਅਕਤੂਬਰ, 2017 ਨੂੰ ਜਗਮੀਤ ਸਿੰਘ ਪਾਰਟੀ ਆਗੂ ਚੁਣੇ ਗਏ। 2019 ਵਿੱਚ ਜਗਮੀਤ ਸਿੰਘ ਦੀ ਅਗਵਾਈ ਵਿੱਚ ਫੈਡਰਲ ਚੋਣਾਂ ਵਿੱਚ 24 ਸੀਟਾਂ ਜਿੱਤੀਆਂ।



## ਟਿੰਮ ਉੱਪਲ

2021 ਦੀਆਂ ਫੈਡਰਲ ਚੋਣਾਂ ਵਿੱਚ ਕੰਜ਼ਰਵੇਟਿਵ ਉਮੀਦਵਾਰ ਟਿੰਮ ਉੱਪਲ ਨੇ ਸਾਬਕਾ ਸਿਟੀ ਕਾਊਂਸਲਰ ਬੈਨ ਹੈਂਡਰਸਨ ਨੂੰ ਹਰਾ ਕੇ ਐਡਮੰਟਨ ਮਿੱਲ ਵੂੱਡਜ਼ ਸੀਟ ਆਪਣੇ ਨਾਂ ਕਰ ਲਈ। 2015 ਦੀਆ ਚੋਣਾਂ ਵਿੱਚ ਉਹ ਲਿਬਰਲ ਉਮੀਦਵਾਰ ਅਮਰਜੀਤ ਸੋਹੀ ਤੋਂ ਐਡਮੰਟਨ ਮਿੱਲ ਵੂੱਡਜ਼ ਸੀਟ ਹਾਰ ਗਏ ਪਰ 2019 ਵਿੱਚ ਟਿੰਮ ਨੇ ਲਿਬਰਲ ਉਮੀਦਵਾਰ ਤੇ ਸਾਬਕਾ ਨੈਚੂਰਲ ਰਿਸੋਰਸਿਜ਼ ਮੰਤਰੀ ਅਮਰਜੀਤ ਸੋਹੀ ਨੂੰ 50.3 ਫੀ ਸਦੀ ਨਾਲ ਹਰਾ ਕੇ ਆਪਣੀ ਜਿੱਤ ਦੀ ਮੋਹਰ ਲਾਈ ਸੀ। ਟਿੰਮ ਉੱਪਲ ਸਿਆਸਤਦਾਨ ਹੋਣ ਤੋਂ ਇਲਾਵਾ, ਬੈਂਕਰ ਤੇ ਰੇਡੀਓ ਹੋਸਟ ਵੀ ਹਨ। ਉਨ੍ਹਾਂ 2008 ਤੋਂ 2015 ਤੱਕ ਐਡਮੰਟਨ ਸ਼ੇਰਵੁੱਡ ਪਾਰਕ ਤੋਂ ਕੰਜ਼ਰਵੇਟਿਵ ਐਮਪੀ ਵਜੋਂ ਸੇਵਾ ਨਿਭਾਈ। 15 ਜੁਲਾਈ,2013 ਵਿੱਚ ਉੱਪਲ ਮਨਿਸਟਰ ਆਫ ਸਟੇਟ ਫੌਰ ਡੈਮੋਕ੍ਰੈਟਿਕ ਰਿਫਰਮ ਤੋਂ ਮਨਿਸਟਰ ਆਫ ਸਟੇਟ ਬਣ ਗਏ।



## ਜਸਰਾਜ ਸਿੰਘ ਹੱਲਣ

ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ ਪਹਿਲੀ ਵਾਰੀ 2019 ਵਿੱਚ ਕੈਲਗਰੀ ਫੌਰੈਸਟ ਲਾਅਨ ਤੋਂ ਐਮਪੀ ਚੁਣੇ ਗਏ। ਜਸਰਾਜ ਦੀ ਪਰਵਰਿਸ਼ ਨੌਰਥ ਈਸਟ ਕੈਲਗਰੀ ਵਿੱਚ ਹੋਈ ਤੇ ਉਨ੍ਹਾਂ ਲੈਸਟਰ ਪੀਅਰਸਨ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਤੇ ਸੇਟ ਤੋਂ ਐਕਾਊਂਟਿੰਗ ਡਿਗਰੀ ਪ੍ਰਾਪਤ ਕੀਤੀ। ਉਹ ਸਰਟੀਫਾਈਡ ਮਾਸਟਰ ਬਿਲਡਰ ਹਨ ਤੇ ਉਨ੍ਹਾਂ ਦਾ ਸਫਲ ਹੋਮਬਿਲਡਿੰਗ ਬਿਜ਼ਨਸ ਹੈ। ਜਸਰਾਜ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਵਜੋਂ ਸ਼ੈਡੋਅ ਮੰਤਰੀ ਰਹਿ ਚੁੱਕੇ ਹਨ ਤੇ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਬੰਧੀ ਸਟੈਂਡਿੰਗ ਕਮੇਟੀ ਦੇ ਵਾਈਸ ਚੇਅਰ ਵੀ ਹਨ।



## ਪਰਮ ਬੈਂਸ

ਪਰਮ ਬੈਂਸ ਰਿਚਮੰਡ ਦੇ ਰਹਿਣ ਵਾਲੇ ਲੋਕਲ ਕਮਿਊਨਿਟੀ ਦੇ ਸਰਗਰਮ ਮੈਂਬਰ ਤੇ ਪਬਲਿਕ ਸਰਵਿਸ ਵਰਕਰ ਹਨ। ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਪਬਲਿਕ ਤੇ ਮੀਡੀਆ ਰਿਲੇਸ਼ਨਜ਼ ਆਫੀਸਰ ਵਜੋਂ ਕੰਮ ਕਰ ਚੁੱਕੇ ਹਨ। ਇਸ ਸਮੇਂ ਉਹ ਯੂਨੀਵਰਸਿਟੀ ਲੈਕਚਰਰ ਵਜੋਂ ਕੰਮ ਕਰ ਰਹੇ ਹਨ। ਪਰਮ ਨੂੰ ਕਾਰਪੋਰੇਟ ਕਮਿਊਨਿਕੇਸ਼ਨਜ਼, ਪਬਲਿਕ ਤੇ ਸਟੇਕਹੋਲਡਰਜ਼ ਐਂਗੇਜਮੈਂਟ, ਪਬਲਿਕ ਪਾਲਿਸੀ ਡਿਵੈਲਪਮੈਂਟ ਤੇ ਸਰਕਾਰ ਅਤੇ ਮੀਡੀਆ ਰਿਲੇਸ਼ਨਜ਼ ਵਿੱਚ 17 ਸਾਲ ਦਾ ਤਜ਼ਰਬਾ ਹੈ। ਇਸ ਸਮੇਂ ਪਰਮ ਰਿਚਮੰਡ ਕਮਿਊਨਿਟੀ ਫਾਊਂਡੇਸ਼ਨ ਦੇ ਵਾਈਸ ਚੇਅਰ ਤੇ ਰਿਚਮੰਡ ਦੀ ਸਪੋਰਟਸ ਕਮਿਊਨਿਟੀ ਵਿੱਚ ਕੋਚਿੰਗ ਤੇ ਮੈਂਟਰਸ਼ਿਪ ਦੀਆਂ ਭੂਮੀਕਾਵਾਂ ਵਾਲੰਟੀਅਰ ਵਜੋਂ ਪੂਰੀਆਂ ਕਰਦੇ ਹਨ। ਪ੍ਰੋਫੈਸ਼ਨਲ ਕਮਿਊਨਿਕੇਸ਼ਨਜ਼ ਵਿੱਚ ਪਰਮ ਕੋਲ ਮਾਸਟਰ ਆਫ ਆਰਟਸ ਡਿਗਰੀ ਹੈ ਤੇ ਉਨ੍ਹਾਂ ਵਿਕਟੋਰੀਆ ਸਥਿਤ ਰੌਇਲ ਰੋਡਜ਼ ਯੂਨੀਵਰਸਿਟੀ ਤੋਂ ਇੰਟਰਨੈਸ਼ਨਲ ਐਂਡ ਇੰਟਰਕਲਚਰਲ ਸਟੱਡੀਜ਼ ਵਿੱਚ ਸਪੈਸ਼ਲਾਈਜ਼ੇਸ਼ਨ ਹਾਸਲ ਕੀਤੀ ਹੈ। ਕਵੈਂਥਲੀਨ ਪੌਲੀਟੈਕਨਿਕ ਯੂਨੀਵਰਸਿਟੀ ਵਿੱਚ ਪਰਮ ਸਕੂਲ ਆਫ ਬਿਜ਼ਨਸ ਇੰਸਟ੍ਰਕਟਰ ਹਨ।


## ਬਾਹਰ ਹੋਏ ਪੰਜਾਬੀ ਮੂਲ ਦੇ ਉਮੀਦਵਾਰ



MISSISSAUGA MALTON: NAVDEEP BAINS (LIBERAL)




MISSISSAUGA– S¬TREETSVILLE: GAGAN SIKAND (LIBERAL)



MARKHAM - UNIONVILLE: BOB SAROYA (CONSERVATIVE)



BRAMPTON CENTRE: RAMESHWAR SANGHA (LIBERAL)



KITCHNER CENTRE: RAJ SAINI (LIBERAL)



CALGARY-SKYVIEW: JAG SAHOTA (CONSERVATIVE)

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866





26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111






# Great Invetsment Opportunity

## In The Region of Timminis,ON


**8 ACRE OF lAND CAN BE SEVERD IN TWO LOTS OF 4 ACRE**

## Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








**For More Details Call: 416-970-5005/647-242-8667**



Jas Toor
Sales Repersentative

Sutton Group-Realty Experts
Brokerage*

Jagdish Grewal
Sales Repersentative

President Realty Inc.
Brokerage*



Chapel Ridge
FUNERAL HOME
& CREMATION CENTRE

ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017